Unedited Version/ Not for Legal/ Official use Dated: Thursday, 6th August, 2026

**1000/Beant kaur**

## PUNJAB VIDHAN SABHA

*Thursday, the 6th August, 2026*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

..............

## STARRED QUESTIONS AND ANSWERS

### ਜਗਰਾਉਂ ਸ਼ਹਿਰ ਵਿੱਚ ਸੀਵਰੇਜ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਜਾਰੀ ਕੀਤੀ ਰਕਮ ਦੇ ਵੇਰਵੇ

***1907. ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਉ ਸ਼ਹਿਰ ਵਿੱਚ ਪਿਛਲੇ 3 ਸਾਲਾਂ ਦੌਰਾਨ ਸੀਵਰੇਜ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਮਨਜੂਰ ਕੀਤੀ ਰਕਮ ਗਈ, ਕਿੰਨੀ ਖਰਚ ਹੋਈ ਅਤੇ ਮੋਜੂਦਾ ਸਥਿਤੀ ਕੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ** : ਜਗਰਾਓ ਸ਼ਹਿਰ ਵਿੱਚ 2024-25 ਅਤੇ 2025-26 ਦੌਰਾਨ ਸੀਵਰੇਜ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਕੋਈ ਰਕਮ ਮਨਜ਼ੂਰ ਨਹੀ ਕੀਤੀ ਗਈ ਅਤੇ ਨਾ ਹੀ ਇਸ ਸਬੰਧੀ ਕੋਈ ਖਰਚ ਦਿੱਤਾ ਗਿਆ ਹੈ। ਇਸ ਸ਼ਹਿਰ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਸਾਲ 2026-27 ਦੌਰਾਨ 12.08 ਕਰੋੜ ਰੁਪਏ ਦਾ ਤਖਮੀਨਾ ਯੂ.ਆਈ.ਡੀ.ਐਫ. ਸਕੀਮ ਤਹਿਤ ਮੰਜੂਰ ਕੀਤਾ ਗਿਆ ਹੈ। ਇਸ ਕੰਮ ਦਾ ਟੈਂਡਰ ਲਾਉਣ ਦੀ ਪ੍ਰਕ੍ਰਿਆ ਆਰੰਭੀ ਜਾ ਰਹੀ ਹੈ। ਇਹ ਕੰਮ ਇੱਕ ਸਾਲ ਦੇ ਵਿੱਚ ਕਰਵਾ ਦਿੱਤਾ ਜਾਵੇਗਾ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਦੋ ਚੀਜ਼ਾਂ, ਸੀਵਰੇਜ ਅਤੇ ਸੀਵਰ ਸਬੰਧੀ ਜਵਾਬ ਮੰਗਿਆ ਸੀ। ਸੀਵਰ ਜਾਂ ਬਰਸਾਤੀ ਪਾਣੀ ਦੇ ਨਿਕਾਸ ਬਾਰੇ ਤਾਂ ਇਨ੍ਹਾਂ ਨੇ ਮੈਨੂੰ ਦੱਸ ਦਿੱਤਾ ਹੈ। ਮੇਰੇ ਹਲਕੇ ਦੇ ਰਾਮਪੁਰਾ ਮੁਹੱਲਾ, ਗਾਂਧੀ ਨਗਰ, ਗੋਲਡਨ ਬਾਗ, ਦਸ਼ਮੇਸ਼ ਨਗਰ, ਮਾਡਲ ਟਾਊਨ, ਮੋਤੀ ਬਾਗ, ਈਸਟ ਬਾਗ, ਕਪੂਰ ਐਨਕਲੇਵ, ਸਿਟੀ ਐਨਕਲੇਵ, ਮਧੂ ਐਨਕਲੇਵ, ਅਜੀਤ ਨਗਰ, ਰਾਣੀ ਵਾਲਾ ਖੂਹ, ਮਾਈਜੀਨਾ ਦੇ ਮੁਹੱਲੇ ਵਿੱਚ ਸੀਵਰੇਜ ਦੀ ਬਹੁਤ ਵੱਡੀ ਸਮੱਸਿਆ ਹੈ। ਮੈਂ ਸਾਲ 2022-23 ਵਿੱਚ ਇਨ੍ਹਾਂ ਵਾਸਤੇ ਪਰਾਪਰ abstract ਬਣਾ ਕੇ ਭੇਜਿਆ ਸੀ, ਸੀਵਰੇਜ ਦੀ ਡੀਪੀਆਰ ਬਣੀ ਹੋਈ ਹੈ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਸੀਵਰੇਜ ਇੱਕ ਬਹੁਤ ਵੱਡੀ ਸਮੱਸਿਆ ਹੈ। ਇਨ੍ਹਾਂ ਨੇ ਆਪ ਵੀ ਮੰਨਿਆ ਹੈ ਕਿ 2026 ਤੱਕ ਸੀਵਰੇਜ ਦਾ ਕੋਈ ਕੰਮ ਨਹੀਂ ਹੋਇਆ ਹੈ। ਗਾਂਧੀ ਨਗਰ ਅਤੇ ਰਾਮਪੁਰਾ ਮੁਹੱਲੇ ਵਿੱਚ ਤਾਂ ਪਾਣੀ ਦੀ ਕੋਈ ਨਿਕਾਸੀ ਹੀ ਨਹੀਂ ਹੈ। ਕੀ ਮੰਤਰੀ ਸਾਹਿਬ ਇੱਥੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਕਰਨਗੇ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਇਹੀ ਕਹਿ ਰਿਹਾ ਸੀ ਕਿ ਹੁਣ ਤੱਕ ਨਹੀਂ ਹੋਇਆ ਪਰ ਜਵਾਬ ਵਿੱਚ ਅੱਗੇ ਇਹ ਵੀ ਲਿਖਿਆ ਹੈ ਕਿ ਹੁਣ ਸਾਲ 2026-27 ਵਿੱਚ ਅਸੀਂ 12.08 ਕਰੋੜ ਦਾ ਐਸਟੀਮੇਟ ਬਣਾਇਆ ਹੈ, ਟੈਂਡਰ ਲੱਗਣ ਵਾਲਾ ਹੈ ਅਤੇ ਇਕ ਸਾਲ ਵਿੱਚ ਹੀ ਇਹ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ ਜਗਰਾਓਂ ਦੇ ਜਿਹੜੇ ਪੀਣ ਵਾਲੇ ਪਾਣੀ ਦੇ ਹੋਰ ਇਸ਼ੂਜ਼ ਹਨ, ਉਨ੍ਹਾਂ ਦੀ ਮੈਂ ਸਾਰੀ ਰਿਪੋਰਟ ਮੰਗਵਾ ਲਈ ਹੈ। ਕਲ੍ਹ ਮੈਂ ਇਨ੍ਹਾਂ ਨੂੰ ਜਗਰਾਓਂ ਦੀਆਂ ਸੜਕਾਂ ਸਬੰਧੀ ਪ੍ਰਾਮਿਸ ਕੀਤਾ ਸੀ, ਜਗਰਾਓਂ ਦੇ ਜਿਹੜੇ ਬਾਕੀ ਕੰਮ ਹਨ, ਉਨ੍ਹਾਂ ਵਾਸਤੇ ਮੈਂ ਕਲ੍ਹ ਮੀਟਿੰਗ ਰੱਖੀ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਸਰ, ਮੈਂ ਧੰਨਵਾਦ ਕਰਦੀ ਹਾਂ ਕਿ ਇਨ੍ਹਾਂ ਨੇ ਸਾਡੇ ਪੀਣ ਵਾਲੇ ਪਾਣੀ ਅਤੇ ਬਰਸਾਤੀ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਹੈ ਪਰ ਮੈਂ ਸੀਵਰੇਜ ਦੀ ਸਮੱਸਿਆ ਦੀ ਗੱਲ ਕਰ ਰਹੀ ਹਾਂ। ਮੈਂ ਇਹ ਸਾਰਾ abstract ਉਨ੍ਹਾਂ ਨੂੰ ਦੇ ਦਿੰਦੀ ਹਾਂ। ਮੈਂ ਕਿਰਪਾ ਕਰਕੇ ਮੰਤਰੀ ਸਾਹਿਬ ਤੋਂ ਐਸ਼ੋਰੈਂਸ ਮੰਗ ਰਹੀ ਹਾਂ ਕਿ ਕਿੰਨੇ ਟਾਈਮ ਵਿੱਚ ਇਹ ਇਸ ਤੇ ਕਾਰਵਾਈ ਕਰਨਗੇ?

**ਮਾਣਯੋਗ ਸਪੀਕਰ :** ਮੰਤਰੀ ਜੀ, ਟਾਈਮ ਬਾਊਂਡ ਕਰੋਗੇ ਜੀ?

**ਮੰਤਰੀ :** ਸਰ, ਇਹ ਮੈਨੂੰ ਦੇ ਦੇਣ, ਉਸ ਤੋਂ ਬਾਅਦ ਮੈਂ ਕਰ ਦਿਆਂਗਾ।

**ਮਾਣਯੋਗ ਸਪੀਕਰ** : ਬੀਬਾ ਜੀ, ਤੁਸੀਂ ਮੰਤਰੀ ਜੀ ਨਾਲ ਬੈਠ ਕੇ ਗੱਲ ਕਰ ਲੈਣਾ। ਧੰਨਵਾਦ।

--------

## ਨੂਰਪੁਰ ਚੱਠਾ ਹਲਕਾ ਨਕੋਦਰ ਦੀ ਚਿੱਟੀ ਵੇਈਂ ਤੇ ਪੁਲ ਬਣਾਉਣਾ

***1976. ਸ਼੍ਰੀਮਤੀ ਇੰਦਰਜੀਤ ਕੌਰ ਮਾਨ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੂਰਪੁਰ ਚੱਠਾ ਹਲਕਾ ਨਕੋਦਰ ਦੀ ਚਿੱਟੀ ਵੇਈਂ ਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਕਿਉਂਕਿ ਲੋਕਾਂ ਦੀਆਂ ਜ਼ਮੀਨਾਂ ਪੁਲ ਦੇ ਆਰ-ਪਾਰ ਲਗਦੀਆਂ ਹਨ ਅਤੇ ਇਹ ਪੁਲ ਬਹੁਤ ਸਾਰੇ ਪਿੰਡਾ ਨੂੰ ਜੋੜੇਗਾ?

**ਸ਼੍ਰੀ ਬਰਿੰਦਰ ਕੁਮਾਰ ਗੋਇਲ** : ਸ਼੍ਰੀਮਾਨ ਜੀ,

1. ਵਿਧਾਨ ਸਭਾ ਚੋਣ ਹਲਕੇ ਨਕੋਦਰ ਵਿੱਚ ਪਿੰਡ ਨੂਰਪੁਰ ਚੱਠਾ ਨੇੜੇ ਚਿੱਟੀ ਵੇਈਂ ਉੱਤੇ ਪੁਲ ਦੀ ਉਸਾਰੀ ਲਈ ਰਾਜ ਸਰਕਾਰ ਦੇ ਜਲ ਸਰੋਤ ਵਿਭਾਗ ਵਿੱਚ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ। ਅਜਿਹੇ ਪੇਂਡੂ ਪੁਲਾਂ ਦੀ ਉਸਾਰੀ ਮੁੱਖ ਤੌਰ 'ਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਜੇਕਰ ਪੰਜਾਬ ਮੰਡੀ ਬੋਰਡ ਜਲ ਸਰੋਤ ਵਿਭਾਗ ਤੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ

(ਐਨ.ਓ.ਸੀ.) ਦੀ ਮੰਗ ਕਰਦਾ ਹੈ, ਤਾਂ ਇਸ 'ਤੇ ਬਿਨਾਂ ਕਿਸੇ ਦੇਰੀ ਦੇ ਲਾਗੂ ਨਿਯਮਾਂ ਅਤੇ ਤਕਨੀਕੀ ਜ਼ਰੂਰਤਾਂ ਦੇ ਅਨੁਸਾਰ ਵਿਚਾਰ ਕੀਤਾ ਜਾਵੇਗਾ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ** : ਸਰ, ਜਵਾਬ ਆਇਆ ਹੈ ਕਿ ਇਸ ਪੁਲ ਨੂੰ ਮੰਡੀ ਬੋਰਡ ਦੇ ਹਵਾਲੇ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਮੈਂ ਇਹ ਦੱਸ ਦੇਵਾਂ ਕਿ ਮੰਡੀ ਬੋਰਡ ਬਹੁਤ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਅਤੇ ਹਲਕੇ ਵਿੱਚ ਵੀ ਬਹੁਤ ਕੰਮ ਹੋ ਰਿਹਾ ਹੈ। ਮੈਂ ਉਸ ਵਾਸਤੇ ਧੰਨਵਾਦ ਕਰਦੀ ਹਾਂ ਲੇਕਿਨ ਅਸੀਂ ਇਸ ਪੁਲ ਵਾਸਤੇ ਸਾਰੀ ਵੈਰੀਫਿਕੇਸ਼ਨ ਕੀਤੀ ਸੀ। ਸਾਡੇ ਹਲਕੇ ਦੀ ਚਿੱਟੀ ਵੇਈਂ ਉੱਪਰ ਇਹ ਪੁਲ ਬਣਨਾ ਹੈ। ਤਕਰੀਬਨ 20-25 ਪਿੰਡਾਂ ਨੂੰ ਅੱਗੋਂ ਇਹ ਨੂਰਪੁਰ ਦਾ ਪੁਲ ਜੋੜਦਾ ਹੈ। ਦਹਾਕਿਆਂ ਤੋਂ ਲੋਕਾਂ ਦੀ ਆਸ ਬੱਝੀ ਹੋਈ ਸੀ, ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਅਜ਼ਾਦੀ ਤੋਂ ਬਾਅਦ ਇਹ ਲੱਗਿਆ ਹੈ ਕਿ ਸਾਡੀ ਕੋਈ ਚਾਰਾਜੋਈ ਹੋ ਸਕਦੀ ਹੈ, ਉਹ ਕਈ ਸਾਲਾਂ ਤੋਂ ਕਰਦੇ ਆ ਰਹੇ ਹਨ ਪਰ ਹੁਣ ਆਮ ਆਦਮੀ ਪਾਰਟੀ ਨਾਲ ਉਨ੍ਹਾਂ ਦੀਆਂ ਆਸਾਂ ਬੱਝੀਆਂ ਹੋਈਆਂ ਹਨ ਕਿ ਅਸੀਂ ਵੇਈਂ ਤੋਂ ਪਾਰ ਆਪਣੀਆਂ ਜ਼ਮੀਨਾਂ ਨਾਲ ਲਿੰਕ ਹੋ ਜਾਈਏ ਅਤੇ ਇਹ ਜਿਹੜੇ 20-25 ਪਿੰਡ ਹਨ, ਇਹ ਆਪਸ ਵਿੱਚ ਲਿੰਕ ਹੋ ਜਾਣ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਇਸ ਦਾ ਸਾਰਾ ਐਸਟੀਮੇਟ ਅਤੇ ਡਿਜ਼ਾਇਨ ਬਣਾ ਕੇ ਮੈਂ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਹੈ। ਉਹ ਕਾਈਂਡਲੀ ਇਸ ਤੇ ਦੁਬਾਰਾ ਜ਼ਰੂਰ ਗੌਰ ਕਰਨ ਕਿ ਇਸ ਬਾਰੇ ਤੁਸੀਂ ਕੀ ਕਰਨਾ ਚਾਹੋਗੇ?

**1005/Karamjit kaur**

**ਮੰਤਰੀ:** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬਾ ਦੀ ਇਹ ਬਹੁਤ ਹੀ ਜਾਇਜ਼ ਮੰਗ ਹੈ। ਜਿਹੜੇ ਇਸ ਨੂਰਪੁਰ ਦੇ ਅੱਪ-ਸਟਰੀਮ ਅਤੇ ਡਾਊਨ ਸਟਰੀਮ ਤੇ ਦੋ ਪੁਲ ਬਣੇ ਹਨ, ਉਹ ਦੂਰ ਹਨ, ਇੱਕ ਡੇਢ ਕਿਲੋਮੀਟਰ ਅਤੇ ਦੂਜਾ ਢਾਈ ਕਿਲੋਮੀਟਰ ਦੂਰੀ ਤੇ ਹੈ। ਉਹ ਮੰਡੀ ਬੋਰਡ ਨੇ ਬਣਾਏ ਹੋਏ ਹਨ ਅਤੇ ਜੇਕਰ ਇਹ ਮੰਡੀ ਬੋਰਡ ਤੋਂ ਬਣਾਉਣਾ ਚਾਹੁੰਦੇ ਹਨ ਤਾਂ ਅਸੀਂ ਐਨ.ਓ.ਸੀ. ਜਾਰੀ ਕਰ ਦੇਵਾਂਗੇ। ਪਰ ਇਨ੍ਹਾਂ ਨੇ ਇਹ ਗੱਲ ਕਹੀ ਕਿ ਡਿਪਾਰਟਮੈਂਟ ਬਣਾਵੇ। ਇਨ੍ਹਾਂ ਨੇ ਡਿਜ਼ਾਈਨ ਤਿਆਰ ਕੀਤਾ ਹੈ, ਅਸੀਂ ਉਸ ਨੂੰ ਡਿਪਾਰਟਮੈਂਟ ਵੱਲੋਂ ਕੰਸੀਡਰ ਕਰਾਂਗੇ। ਧੰਨਵਾਦ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਮੰਤਰੀ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਅੱਗੇ ਇਹ ਵੀ ਬੇਨਤੀ ਕਰਾਂਗੀ ਕਿ ਜਿੰਨਾ ਜਲਦੀ ਹੋ ਸਕੇ, ਇਹ ਕੰਮ ਕਰਵਾਇਆ ਜਾਵੇ। ਕਿਉਂਕਿ ਕੱਲ੍ਹ ਵੀ ਉੱਥੇ ਪੁੱਲ ਦੇ ਉੱਪਰ ਵੱਡੇ ਪੱਧਰ ਤੇ ਲੋਕ ਇਕੱਠੇ ਹੋਏ ਸੀ ਕਿ ਉਨ੍ਹਾਂ ਦੀ ਇਹ ਜਾਇਜ਼ ਮੰਗ ਹੈ ਅਤੇ ਇਸ ਨੂੰ ਹਰ ਹਾਲਤ ਵਿੱਚ ਪੂਰਾ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਤੁਸੀਂ ਕੰਮ ਇਨ੍ਹਾਂ ਮੰਤਰੀ ਜੀ ਤੋਂ ਹੀ ਕਰਵਾ ਲਵੋ, ਇਨ੍ਹਾਂ ਦੇ ਮਹਿਕਮੇ ਕੋਲ ਪੈਸੇ ਬਹੁਤ ਹਨ।

**ਮੰਤਰੀ:** ਸਪੀਕਰ ਸਾਹਿਬ, ਜੇ ਪੈਸੇ ਹਨ ਤਾਂ ਸਾਡੇ ਕੋਲ ਕੰਮ ਵੀ ਬਹੁਤ ਹਨ। ਅਸੀਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਾਡੇ ਡਿਪਾਰਟਮੈਂਟ ਨੂੰ ਇਹ ਕਿਹਾ ਹੋਇਆ ਹੈ ਕਿ ਹਰ ਖੇਤ ਨੂੰ ਪਾਣੀ ਲਗਾ ਦਿਓ, ਪੈਸੇ ਦੀ ਕਮੀ

ਨਹੀਂ ਹੈ। 7500 ਕਰੋੜ ਰੁਪਏ ਦਾ ਖਰਚਾ ਹੈ, ਸਾਰੇ ਪੰਜਾਬ ਦੇ ਵਿੱਚ ਖੇਤਾਂ ਵਿੱਚ ਪਾਣੀ ਦੀ ਕਮੀ ਨਹੀਂ ਆਵੇਗੀ। (ਥੰਪਿੰਗ) ਧੰਨਵਾਦ ਜੀ।

**ਮਾਣਯੋਗ ਸਪੀਕਰ:** ਥੈਂਕ ਯੂ।

---------

**ਘਟਿਆਂ ਵਾਲੀ ਬੋਦਲਾਂ ਵਿਖੇ ਲਗਾਏ ਜਾ ਰਹੇ ਸਰਫੇਸ ਵਾਟਰ ਪ੍ਰੋਜੈਕਟ ਦੇ ਵੇਰਵੇ**

***1920. ਸ੍ਰੀ ਜਗਦੀਪ ਕੰਬੋਜ ਗੋਲਡੀ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਵਿਧਾਨ ਸਭਾ ਹਲਕਾ ਜਲਾਲਾਬਾਦ ਦੇ ਪਿੰਡ ਘੱਟਿਆਂ ਵਾਲੀ ਬੋਦਲਾ ਵਿਖੇ ਲਗਾਏ ਜਾ ਰਹੇ ਸਰਫੇਸ ਵਾਟਰ ਪ੍ਰੋਜੈਕਟ ਦੀ ਕੁੱਲ ਮਨਜ਼ੂਰਸ਼ੁਦਾ ਲਾਗਤ ਕਿੰਨੀ ਹੈ;

(ਅ) ਇਸ ਪ੍ਰੋਜੈਕਟ ਰਾਹੀਂ ਕਿੰਨੇ ਅਤੇ ਕਿਹੜੇ-ਕਿਹੜੇ ਪਿੰਡਾਂ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਣਾ ਹੈ;

(ੲ) ਹੁਣ ਤੱਕ ਪ੍ਰੋਜੈਕਟ ਦਾ ਕਿੰਨਾ ਪ੍ਰਤੀਸ਼ਤ ਕੰਮ ਪੂਰਾ ਹੋ ਚੁੱਕਾ ਹੈ, ਕਿੰਨਾਂ ਅਧੂਰਾ ਹੈ ਅਤੇ ਸਰਕਾਰ ਵੱਲੋਂ ਇਸ ਪ੍ਰੋਜੈਕਟ ਨੂੰ ਪੂਰਾ ਕਰਕੇ ਪਾਣੀ ਦੀ ਸਪਲਾਈ ਸ਼ੁਰੂ ਕਰਨ ਲਈ ਕੀ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ;ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** (ੳ) ਵਿਧਾਨ ਸਭਾ ਹਲਕਾ ਜਲਾਲਾਬਾਦ ਅਧੀਨ ਪਿੰਡ ਘੱਟਿਆਂ ਵਾਲੀ ਬੋਦਲਾ ਵਿਖੇ ਸਥਾਪਿਤ ਕੀਤੇ ਜਾ ਰਹੇ ਸਰਫੇਸ ਵਾਟਰ ਪ੍ਰੋਜੈਕਟ ਦੀ ਕੁੱਲ ਪ੍ਰਸ਼ਾਸਕੀ ਪ੍ਰਵਾਨਿਤ ਲਾਗਤ ਪੰਜਾਬ ਸਰਕਾਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ (ਇਮਾਰਤਾਂ ਅਤੇ ਸੜਕਾਂ-2 ਸ਼ਾਖਾ) ਵੱਲੋਂ ਆਪਣੇ ਦਫ਼ਤਰ ਦੇ ਪੱਤਰ ਨੰਬਰ WSSD-BR2011/396/397/2021-4BR2 ਮਿਤੀ 13.07.2021 ਰਾਹੀਂ ਬਾਬਤ ਰਕਮ 419.96 ਕਰੋੜ ਰੁਪਏ (CAPEX289.64 ਕਰੋੜ ਰੁਪਏ ਅਤੇ OPEX 130.32 ਕਰੋੜ ਰੁਪਏ) ਮਨਜ਼ੂਰ ਕੀਤੀ ਗਈ ਹੈ।

(ਅ) ਇਸ ਪ੍ਰੋਜੈਕਟ ਰਾਹੀਂ ਕੁੱਲ 205 ਪਿੰਡਾਂ ਨੂੰ ਸਾਫ਼ ਅਤੇ ਸੁਰੱਖਿਅਤ ਪੀਣਯੋਗ ਪਾਣੀ ਦੀ ਸਪਲਾਈ ਮੁਹੱਈਆ ਕਰਵਾਉਣੀ ਪ੍ਰਸਤਾਵਿਤ ਹੈ। ਇਨ੍ਹਾਂ ਵਿੱਚੋਂ 122 ਪਿੰਡ ਵਿਧਾਨ ਸਭਾ ਹਲਕਾ ਜਲਾਲਾਬਾਦ ਅਤੇ 83 ਪਿੰਡ ਵਿਧਾਨ ਸਭਾ ਹਲਕਾ ਫਾਜ਼ਿਲਕਾ ਅਧੀਨ ਆਉਂਦੇ ਹਨ। ਇਸ ਤਰ੍ਹਾਂ ਉਕਤ ਪ੍ਰੋਜੈਕਟ ਰਾਹੀਂ ਦੋਵਾਂ ਵਿਧਾਨ ਸਭਾ ਹਲਕਿਆਂ ਦੇ ਕੁੱਲ 205 ਪਿੰਡਾਂ ਨੂੰ ਸਾਫ਼ ਪੀਣਯੋਗ ਪਾਣੀ ਦੀ ਸਹੂਲਤ ਉਪਲਬਧ ਕਰਵਾਈ ਜਾਵੇਗੀ । ਉਕਤ 205 ਪਿੰਡਾਂ ਦੀ ਵਿਸਤ੍ਰਿਤ ਸੂਚੀ ਅਨੈਕਸਚਰ-'ੳ' ਵਜੋਂ ਨੱਥੀ ਕੀਤੀ ਗਈ ਹੈ।

(ੲ) ਮੌਜੂਦਾ ਸਮੇਂ ਤੱਕ ਉਕਤ ਪ੍ਰੋਜੈਕਟ ਦਾ ਲਗਭਗ 95 ਪ੍ਰਤੀਸ਼ਤ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀ ਰਹਿੰਦਾ 05 ਪ੍ਰਤੀਸ਼ਤ ਕੰਮ ਪ੍ਰਗਤੀ ਅਧੀਨ ਹੈ। ਇਹ ਪ੍ਰੋਜੈਕਟ ਸੰਭਾਵਨਾ ਹੈ ਕਿ ਮਿਤੀ 31-12-2026 ਤੱਕ ਸੰਪੂਰਨ ਹੋ ਜਾਵੇਗਾ ਅਤੇ ਇਸ ਸਮਾਂ-ਸੀਮਾ ਵਿੱਚ ਤਿੰਨ ਮਹੀਨਿਆਂ ਦਾ ਟਰਾਇਲ ਐਂਡ ਰਨ ਪੀਰੀਅਡ ਵੀ ਸ਼ਾਮਲ ਹੈ।

ਸਪੀਕਰ ਸਾਹਿਬ, ਵਿਭਾਗੀ ਅਫ਼ਸਰਾਂ ਨੇ ਤਾਂ 'ਸੰਭਾਵਨਾ' ਸ਼ਬਦ ਲਿਖਿਆ ਹੈ ਪਰ ਮੈਂ ਗਰੰਟੀ ਲੈਂਦਾ ਹਾਂ ਜੀ ਕਿ ਇਹ ਕੰਮ ਦਸੰਬਰ ਤੱਕ ਕੰਪਲੀਟ ਹੋ ਜਾਵੇਗਾ ਜੀ।

**ਮਾਣਯੋਗ ਸਪੀਕਰ:** ਵਾਹ ਜੀ ਵਾਹ। ਹਾਂ ਜੀ, ਗੋਲਡੀ ਜੀ।

**ਸ੍ਰੀ ਜਗਦੀਪ ਕੰਬੋਜ ਗੋਲਡੀ:** ਸਪੀਕਰ ਸਾਹਿਬ, ਮੈਂ ਪਿਛਲੇ ਵਾਰੀ ਵੀ ਇਹੀ ਕੁਐਸ਼ਚਨ ਲਗਾਇਆ ਸੀ। ਪਰ ਉਦੋਂ ਮੈਂ ਅਨਸਟਾਰਡ ਕੁਐਸ਼ਚਨ ਲਗਾਇਆ ਸੀ ਕਿ ਡਿਟੇਲ ਸਾਡੇ ਕੋਲ ਆ ਜਾਵੇਗੀ। ਉਸ ਦਿਨ ਵੀ, ਚਾਰ ਮਹੀਨੇ ਪਹਿਲਾਂ ਇਹੀ ਜਵਾਬ ਸੀ ਕਿ ਇਸ ਨੂੰ 31 ਦਸੰਬਰ ਤੱਕ ਕੰਪਲੀਟ ਕਰਾਂਗੇ। ਇਹ ਪ੍ਰੋਜੈਕਟ 420 ਕਰੋੜ ਰੁਪਏ ਦਾ ਹੈ ਅਤੇ 205 ਪਿੰਡਾਂ ਨੂੰ ਇਸ ਨਾਲ ਨਹਿਰੀ ਪਾਣੀ ਜਾਣਾ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਕੁਐਸ਼ਚਨ ਦਾ ਆਂਸਰ ਦੇ ਦੇਣ, ਇਹ ਪ੍ਰੋਜੈਕਟ 2 ਸਾਲ ਲੇਟ ਹੋ ਗਿਆ ਹੈ, ਇਹ ਦਸੰਬਰ, 2024 ਵਿੱਚ ਕੰਪਲੀਟ ਹੋਣਾ ਸੀ। ਪ੍ਰੰਤੂ ਅਸੀਂ ਅੱਜ ਵੀ ਉਥੇ ਹੀ ਖੜ੍ਹੇ ਹਾਂ। ਫਿਰ ਇਨ੍ਹਾਂ ਦੋ ਸਾਲਾਂ ਵਿੱਚ ਜਿੰਨੇ ਬੰਦਿਆਂ ਦੀਆਂ ਗੰਦੇ ਪਾਣੀ ਦੀ ਵਜ੍ਹਾ ਕਾਰਨ ਕੈਂਸਰ ਨਾਲ ਮੌਤਾਂ ਹੋਈਆਂ ਹਨ, ਉਨ੍ਹਾਂ ਦਾ ਜ਼ਿੰਮੇਵਾਰ ਕੌਣ ਹੈ ਜੀ? ਸੋ, ਮੇਰੀ ਬੇਨਤੀ ਹੈ ਕਿ ਉੱਥੇ 2-3 ਪਰਸੈਂਟ ਕੰਮ ਰਹਿੰਦਾ ਹੈ, 3 ਡਰੇਨਾਂ ਦੇ ਉੱਪਰ ਪਾਈਪ ਲਾਈਨ ਪੈਣ ਵਾਲੀ ਹੈ, ਇਨ੍ਹਾਂ ਦੇ ਡਿਪਾਰਟਮੈਂਟ ਨੇ ਬਹੁਤ ਬੇਵਕੂਫ ਬਣਾ ਛੱਡਿਆ ਹੈ। ਕਿਰਪਾ ਕਰਕੇ ਮੰਤਰੀ ਸਾਹਿਬ ਇਹ ਕਰ ਦੇਣ ਕਿ 2 ਮਹੀਨਿਆਂ ਵਿੱਚ ਕੰਮ ਕੰਪਲੀਟ ਕਰਕੇ, ਇੱਕ ਮਹੀਨੇ ਵਿੱਚ ਟਰਾਇਲ ਦਾ ਕੰਮ ਹੋਣਾ ਹੈ, ਇਹ ਸਾਨੂੰ ਇੱਕ ਮਹੀਨੇ ਦੇ ਵਿੱਚ ਕੰਮ ਕੰਪਲੀਟ ਕਰਕੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਜੀ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ 30 ਮਹੀਨਿਆਂ ਦੀ ਮਿਆਦ ਨਿਰਧਾਰਤ ਕੀਤੀ ਗਈ ਸੀ। ਇਸ ਅਨੁਸਾਰ ਪ੍ਰੋਜੈਕਟ ਦਾ ਕੰਮ ਮਿਤੀ 15.9.2024 ਤੱਕ ਮੁਕੰਮਲ ਕੀਤਾ ਜਾਣਾ ਸੀ ਪ੍ਰੰਤੂ ਪ੍ਰੋਜੈਕਟ ਦੀ ਡਿਜ਼ਾਈਨ ਵੇਟਿੰਗ ਵਿੱਚ ਦੇਰੀ ਹੋਣ ਕਾਰਨ, ਪ੍ਰੋਜੈਕਟ ਸਾਈਟ ਤੇ ਵਾਟਰ ਲੋਗਿੰਗ ਹੋਣ ਕਾਰਨ ਅਤੇ ਫਰਮ ਵੱਲੋਂ ਪਾਈਪ ਲਾਈਨਾਂ ਦੀ ਖਰੀਦ ਵਿੱਚ ਦੇਰੀ ਹੋਣ ਕਾਰਨ ਕੰਮ ਨਿਸ਼ਚਿਤ ਸਮੇਂ ਵਿੱਚ ਪੂਰਾ ਨਹੀਂ ਹੋ ਸਕਿਆ। ਜਿਸ ਕਾਰਨ ਵਿਭਾਗ ਵੱਲੋਂ ਮਿਆਦ ਦੀ ਮਿਤੀ ਵਿੱਚ 15.9.2025 ਤੱਕ ਵਾਧਾ ਕੀਤਾ ਗਿਆ ਅਤੇ ਫਰਮ ਨੂੰ 10 ਪ੍ਰਤੀਸ਼ਤ ਲਿਕੁਡੇਟਿਡ ਡੈਮੇਜਿਜ ਦੇ ਰੂਪ ਵਿੱਚ ਬਾਬਤ ਰਕਮ 18.57 ਕਰੋੜ ਰੁਪਏ ਲਾਗੂ ਕੀਤੀ ਗਈ। ਪ੍ਰੰਤੂ ਪਿਛਲੇ ਸਮੇਂ ਦੌਰਾਨ ਫਾਜਿਲਕਾ ਵਿੱਚ ਆਏ ਹੜ੍ਹਾਂ ਅਤੇ ਭਾਰਤ ਪਾਕਿਸਤਾਨ ਸਰਹੱਦ ਉੱਤੇ ਪੈਦਾ ਹੋਏ ਜੰਗ ਸਮਾਨ ਹਾਲਾਤਾਂ ਕਾਰਨ ਪ੍ਰੋਜੈਕਟ ਦਾ ਕੰਮ ਮਿਤੀ 15.9.2025 ਤੱਕ ਵੀ ਮੁਕੰਮਲ ਨਹੀਂ ਕੀਤਾ ਜਾ ਸਕਿਆ। ਮੌਜੂਦਾ ਸਮੇਂ ਪ੍ਰੋਜੈਕਟ ਦਾ ਲਗਭੱਗ 95 ਪਰਸੈਂਟ ਕੰਮ ਕੀਤਾ ਜਾ ਚੁੱਕਿਆ ਹੈ। ਜਿਵੇਂ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ, ਜਿਹੜਾ 5 ਪਰਸੈਂਟ ਕੰਮ ਰਹਿੰਦਾ ਹੈ, ਇਸ ਨੂੰ ਮੁਕੰਮਲ ਕਰਨ

ਲਈ ਮਿਤੀ 31.12.2026 ਨਿਰਧਾਰਤ ਕੀਤੀ ਗਈ ਹੈ। ਪ੍ਰੋਜੈਕਟ ਦੇ ਮੁਕੰਮਲ ਹੋਣ ਉਪਰੰਤ ਮੈਸ: Larsen & Toubro Limited, Chennai ਵੱਲੋਂ ਹੀ ਇਸ ਪ੍ਰੋਜੈਕਟ ਦਾ ਸੰਚਾਲਣ ਅਤੇ ਰੱਖ-ਰਖਾਵ ਦਾ 10 ਸਾਲਾਂ ਲਈ ਮਿਆਦ ਦਾ ਕੰਮ ਕੀਤਾ ਜਾਵੇਗਾ। ਮਾਣਯੋਗ ਮੈਂਬਰ ਸਾਹਿਬ, ਤਿੰਨ ਮਹੀਨੇ ਵਿੱਚ ਜਲਦੀ ਹੋ ਜਾਵੇਗਾ।

------------

**1010/harpreet singh**

**ਸ੍ਰੀ ਜਗਦੀਪ ਕੰਬੋਜ ਗੋਲਡੀ**: ਸਪੀਕਰ ਸਾਹਿਬ, ਵਿਭਾਗ ਦਾ 2 ਫੀਸਦੀ ਕੰਮ ਫਾਜ਼ਿਲਕਾ ਡਿਵੀਜ਼ਨ ਵਿਚ ਰਹਿੰਦਾ ਹੈ, ਸਾਡਾ ਜਲਾਲਾਬਾਦ ਕੰਪਲੀਟ ਹੈ ਜੀ, ਸਾਡਾ ਤਾਂ ਕੰਮ ਸ਼ੁਰੂ ਕਰਵਾ ਦਿਓ, ਉਹ ਫਾਜ਼ਿਲਕਾ ਵਾਲਾ ਕੰਮ ਚੱਲੀ ਜਾਵੇਗਾ, ਨਹੀਂ ਤਾਂ 6 ਮਹੀਨੇ ਹੋ ਲੰਘ ਜਾਣਗੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੈਂਬਰ ਸਾਹਿਬ ਨੇ ਤੁਹਾਡਾ ਖਹਿੜਾ ਨਹੀਂ ਛੱਡਣਾ, ਜਦੋਂ ਤੱਕ ਤੁਸੀਂ ਕੰਮ ਨਹੀਂ ਕਰਦੇ।

**ਮੰਤਰੀ**: ਸਪੀਕਰ ਸਾਹਿਬ, ਫਾਜ਼ਿਲਕਾ ਵਾਲਾ ਵੀ ਸਾਡਾ ਛੋਟਾ ਭਾਈ ਹੈ। ਸਾਰੇ ਕੰਮ ਇਕੱਠੇ ਦਸੰਬਰ ਤੱਕ ਮੁਕੰਮਲ ਹੋ ਜਾਣਗੇ। ਇਹ ਮੈਂ ਗਰੰਟੀ ਦਿੰਦਾ ਹਾਂ।

**ਸ੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਚੇਤਾ ਕਰਵਾਉਣਾ ਚਾਹੁੰਦਾ ਹਾਂ ਕਿ ਸੇਮ ਸਰਫੇਸ ਵਾਟਰ ਸਕੀਮ ਪਿੰਡ ਪੱਤਰੇਵਾਲੇ ਦੀ ਪੰਜ ਸਾਲ ਤੋਂ ਜ਼ਿਆਦਾ ਹੋ ਗਏ ਹਨ। ਮੈਂ ਗੋਲਡੀ ਜੀ ਨੂੰ ਵੀ ਕਹਾਂਗਾ ਕਿ ਮੰਤਰੀ ਜੀ ਤੇ ਪਰੈਸ਼ਰ ਬਣਾ ਕੇ ਰੱਖੋ ਤੇ ਸਾਡੇ ਵਾਲੇ ਪੱਤਰੇਵਾਲੇ ਦਾ ਵੀ ਵਿਚ ਜ਼ਿਕਰ ਕਰੋ। ਖੁੱਡੀਆਂ ਸਾਹਿਬ, ਆਪਣਾ ਤਾਂ ਉੱਥੇ ਨਾਨਕਾ ਪਿੰਡ ਹੈ। ਪੰਜ ਸਾਲ ਤੋਂ ਜ਼ਿਆਦਾ ਡਿਲੇਅ ਹੋ ਗਈ ਹੈ, ਹੁਣ ਗਰੰਟੀਆਂ ਤੇ ਘੱਟ ਹੀ ਵਿਸ਼ਵਾਸ਼ ਹੁੰਦਾ ਹੈ। ਸੋ, ਪਿੰਡ ਪੱਤਰੇਵਾਲਾ ਵਿਚ ਸੇਮ ਸਕੀਮ ਹੈ। ਮੇਰਾ ਖਿਆਲ ਹੈ ਕਿ 120 ਪਿੰਡਾਂ ਨੂੰ ਪਾਣੀ ਦੇਣਾ ਹੈ। ਉਹ ਪੰਜ ਸਾਲ behind schedule ਚੱਲ ਰਹੀ ਹੈ। ਸੋ, ਮੰਤਰੀ ਜੀ, ਉਸ ਦਾ ਧਿਆਨ ਕੀਤਾ ਜਾਵੇ ਅਤੇ ਜਲਦ ਚਾਲੂ ਕਰਵਾਈ ਜਾਵੇ।

**ਮਾਣਯੋਗ ਸਪੀਕਰ**: ਇਹ ਵੱਖਰਾ ਸਵਾਲ ਹੈ।

**ਸ੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਸੇਮ ਸਕੀਮ ਹੈ ਜੀ।

**ਸ੍ਰੀ ਅਮਨਦੀਪ ਸਿੰਘ ਮੁਸਾਫ਼ਿਰ**: ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਪਿੰਡ ਪੱਤਰੇਵਾਲੀ ਦੀ ਵਾਟਰ ਸਰਫੇਸ ਸਕੀਮ ਦੀ ਗੱਲ ਕੀਤੀ ਹੈ। ਉਹ due to ਸੈਂਕਸ਼ਨਜ਼, ਐਨ.ਓ.ਸੀ. ਆਦਿ ਨਾ ਆਉਣ ਕਰਕੇ ਡਿਲੇਅ ਹੋਇਆ ਹੈ। ਇਹ ਪ੍ਰਾਜੈਕਟ 2-3 ਮਹੀਨਿਆਂ ਵਿਚ ਚੱਲ ਪਵੇਗਾ ਜੀ।

----

## ਮਹਾਰਾਜਾ ਦਲੀਪ ਸਿੰਘ ਜੀ ਦੀ ਯਾਦਗਾਰ ਨੂੰ ਵਿਭਾਗ ਵੱਲੋ ਆਪਣੇ ਅਧੀਨ ਕਰਨਾ

***1977. ਸ੍ਰੀ ਹਾਕਮ ਸਿੰਘ ਠੇਕੇਦਾਰ**: ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਰਾਏਕੋਟ ਵਿੱਚ ਮਹਾਰਾਜਾ ਦਲੀਪ ਸਿੰਘ ਜੀ ਦੀ ਯਾਦਗਾਰ ਬਣੀ ਹੋਈ ਹੈ, ਜੋ ਕਿ ਪੰਜਾਬ ਵਿੱਚ ਇਤਿਹਾਸਕ ਵਿਰਾਸਤ ਹੈ, ਨੂੰ ਰਾਜ ਸਰਕਾਰ ਵੱਲੋਂ ਆਪਣੇ ਅਧੀਨ ਲੈਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੋਂਦ:** ਜੀ ਨਹੀਂ। ਇਸ ਸਮੇਂ ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬਘਰ ਵਿਭਾਗ ਵੱਲੋਂ ਮਹਾਰਾਜਾ ਦਲੀਪ ਸਿੰਘ ਜੀ ਦੀ ਯਾਦਗਾਰ, ਬੱਸੀਆਂ ਕੋਠੀ, ਰਾਏਕੋਟ, ਲੁਧਿਆਣਾ ਨੂੰ ਆਪਣੇ ਅਧੀਨ ਲੈਣ ਦੀ ਹਾਲ ਦੀ ਘੜੀ ਕੋਈ ਤਜਵੀਜ ਨਹੀਂ ਹੈ ਜੀ। ਸਪੀਕਰ ਸਾਹਿਬ, ਹਰ ਸਾਲ ਸਾਡਾ ਵਿਭਾਗ 10 ਲੱਖ ਰੁਪਿਆ ਇਸ ਦੇ ਰੱਖ ਰਖਾਵ ਲਈ ਦਿੰਦੇ ਹਾਂ ਪਰ ਇਸ ਨੂੰ ਆਪਣੇ ਵਿਭਾਗ ਵੱਲੋਂ ਟੇਕ ਓਵਰ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਸ ਦਿਨ ਦੀ ਆਪਣੀ ਸਰਕਾਰ ਬਣੀ ਹੈ, ਅਸੀਂ ਇਸ ਦੇ ਰੱਖ ਰਖਾਵ ਲਈ ਹੁਣ ਤੱਕ 36 ਲੱਖ ਰੁਪਿਆ ਦੇ ਚੁੱਕੇ ਹਾਂ।

**ਮਾਣਯੋਗ ਸਪੀਕਰ**: ਮੰਤਰੀ ਜੀ, ਇਹ ਸਾਡੀ ਵਿਰਾਸਤ ਹੈ, ਆਪਾਂ ਇਹ ਸਾਂਭਣੀ ਹੈ।

**ਮੰਤਰੀ**: ਹਾਂ ਜੀ, ਇਸੇ ਲਈ ਅਸੀਂ ਪੈਸੇ ਦੇ ਰਹੇ ਹਾਂ ਜੀ।

**ਸ੍ਰੀ ਹਾਕਮ ਸਿੰਘ ਠੇਕੇਦਾਰ**: ਸਪੀਕਰ ਸਾਹਿਬ, ਮੇਰੇ ਵਿਧਾਨ ਸਭਾ ਹਲਕੇ ਵਿਚ ਮਹਾਰਾਜਾ ਦਲੀਪ ਸਿੰਘ ਜੀ ਦੀ ਯਾਦਗਾਰ, ਬੱਸੀਆਂ ਕੋਠੀ, ਰਾਏਕੋਟ, ਲੁਧਿਆਣਾ ਦੇ ਅਜਾਇਬ ਘਰ ਦੀ ਹਾਲਤ ਤਰਸਯੋਗ ਹੈ ਅਤੇ ਉੱਥੇ ਦੇ ਮੁਲਾਜ਼ਮਾਂ ਨੂੰ ਹਰ ਸਾਲ 6-7 ਮਹੀਨੇ ਤਨਖਾਹ ਨਾ ਮਿਲਣ ਕਾਰਨ ਉਨ੍ਹਾਂ ਦੇ ਘਰਾਂ ਦੇ ਚੁੱਲੇ ਬੰਦ ਹੋ ਜਾਂਦੇ ਹਨ। ਮੈਂ ਇਸ ਦਾ ਇਤਿਹਾਸਕ ਪੱਖ ਦੱਸਣਾ ਚਾਹੁੰਦਾ ਹਾਂ । ਇੱਥੇ ਸਿੱਖ ਰਾਜ ਦੇ ਆਖਰੀ ਵਾਰਸ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਬਾਲੜੀ ਉਮਰ ਵਿਚ ਜਲਾਵਤਨੀ ਦੌਰਾਨ ਆਖਰੀ ਸਮੇਂ ਰੱਖਿਆ ਗਿਆ ਸੀ। ਉਸ ਸਮੇਂ ਇਹ ਅਜਾਇਬ ਘਰ ਵਾਲੀ ਇਮਾਰਤ ਅੰਗਰੇਜ਼ਾਂ ਦਾ ਅਸਲਾ ਡਿੱਪੂ ਸੀ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਇਹ ਇਮਾਰਤ ਨਹਿਰੀ ਵਿਭਾਗ ਕੋਲ ਚਲੀ ਗਈ ਸੀ। ਇਸ ਦੇ ਰੱਖ ਰਖਾਵ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਕਮੇਟੀ ਬਣੀ ਹੋਈ ਹੈ। ਮਹਾਰਾਜਾ ਦਲੀਪ ਸਿੰਘ ਟਰੱਸਟ ਅਤੇ ਹਲਕੇ ਦੇ ਲੋਕਾਂ ਦੀ ਮੰਗ ਹੈ ਕਿ ਮਹਾਰਾਜਾ ਦਲੀਪ ਸਿੰਘ ਜੀ ਦੀ ਯਾਦਗਾਰ, ਬੱਸੀਆਂ ਕੋਠੀ ਦੇ ਰੱਖ ਰਖਾਵ ਕਰਨ ਲਈ ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬਘਰ ਵਿਭਾਗ ਆਪਣੇ ਹੱਥਾਂ ਵਿਚ ਲਵੇ ਤਾਂ ਜੋ ਇਸ ਦੀ ਰੱਖ ਰਖਾਵ ਸਹੀ ਤਰੀਕੇ ਨਾਲ ਹੋ ਸਕੇ।

**ਮੰਤਰੀ**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਹਾਰਾਜਾ ਦਲੀਪ ਸਿੰਘ ਜੀ ਦੀ ਯਾਦਗਾਰ, ਬੱਸੀਆਂ ਕੋਠੀ, ਰਾਏਕੋਟ, ਲੁਧਿਆਣਾ ਵਿਚ ਸਥਿੱਤ ਹੈ। ਕੇਂਦਰ ਸਰਕਾਰ ਦੀ ਇੰਟੈਕਸ ਸਕੀਮ (ਇੰਡੀਅਨ ਨੈਸ਼ਨਲ

ਟਰੱਸਟ ਫਾਰ ਆਰਟ ਐਂਡ ਕਲਚਰ ਹੈਰੀਟੇਜ) ਦੇ ਸਹਿਯੋਗ ਨਾਲ ਪੰਜਾਬ ਸਰਕਾਰ ਦੁਆਰਾ ਇਸ ਨੂੰ ਸੰਭਾਲਣ ਲਈ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ, ਜਿਸ ਦਾ ਉਦਘਾਟਨ ਮਿਤੀ 24.05.2015 ਨੂੰ ਹੋਇਆ ਸੀ। ਇਸ ਸਮਾਰਕ ਦੀ ਸਾਂਭ ਸੰਭਾਲ ਜ਼ਿਲ੍ਹਾ ਪੱਧਰੀ ਸੁਸਾਇਟੀ ਨੇ ਕਰਨੀ ਸੀ, ਜਿਸ ਦੇ ਚੇਅਰਮੈਨ ਡਿਪਟੀ ਕਮਿਸ਼ਨਰ, ਲੁਧਿਆਣਾ ਹਨ ਅਤੇ ਮੈਂਬਰ ਸਕੱਤਰ ਐਸ.ਡੀ.ਐਮ. ਰਾਏਕੋਟ ਹਨ। ਸੋ, ਇਸ ਲਈ ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਇਸ ਦੇ ਰੱਖ ਰਖਾਵ ਲਈ ਜਿਹੜੇ ਅਡੀਸ਼ਨਲ ਪੈਸੇ 36 ਲੱਖ ਰੁਪਿਆ ਅਸੀਂ ਹੁਣ ਤੱਕ ਭੇਜਿਆ ਹੈ। ਮੈਂਬਰ ਸਾਹਿਬ ਇਸ ਬਾਰੇ ਡਿਪਟੀ ਕਮਿਸ਼ਨਰ ਨਾਲ ਟਾਈਅੱਪ ਕਰਵਾ ਕੇ ਪਤਾ ਕਰਵਾਉਣ ਕਿ ਪੈਸਾ ਕਿੱਥੇ ਲੱਗਿਆ ਹੈ ਕਿਉਂਕਿ ਜਿਸ ਤਰ੍ਹਾਂ ਦੇ ਹਾਲਾਤ ਇਹ ਦੱਸ ਰਹੇ ਹਨ ਤਾਂ ਫਿਰ ਸਾਡੇ ਵਿਭਾਗ ਦਾ ਪੈਸਾ ਕਿੱਥੇ ਲੱਗਿਆ ਹੈ। ਮੈਂ ਵੀ ਆਪਣੇ ਪੱਧਰ ਤੇ ਇਸ ਨੂੰ ਚੈੱਕ ਕਰਵਾ ਲਵਾਂਗਾ, ਇਹ ਵੀ ਆਪਣੇ ਪੱਧਰ ਤੇ ਉਸ ਨੂੰ ਵੈਰੀਫਾਈ ਕਰਵਾਉਣ।

**ਮਾਣਯੋਗ ਸਪੀਕਰ**: ਮੰਤਰੀ ਜੀ, ਇਸ ਦੇ ਹੋਰ ਵੀ ਤਰੀਕੇ ਨਿਕਲ ਸਕਦੇ ਹਨ। ਆਪਾਂ ਬੈਠ ਕੇ ਇਸ ਬਾਰੇ ਵਿਚਾਰ ਕਰ ਲਵਾਂਗੇ। ਮੈਂਬਰ ਸਾਹਿਬ, ਤੁਸੀਂ ਤੇ ਮੰਤਰੀ ਜੀ ਮੇਰੇ ਕੋਲ ਆ ਜਾਣਾ, ਆਪਾਂ ਬੈਠ ਕੇ ਇਸ ਬਾਰੇ ਵਿਚਾਰ ਕਰ ਲਵਾਂਗੇ।

---------

**1015/amandeep kaur**

**ਹਲਕਾ ਜ਼ੀਰਾ ਦੇ ਸਰਕਾਰੀ ਹਸਪਤਾਲ ਨੂੰ ਅੱਪਗ੍ਰੇਡ ਕਰਨਾ**

*** 1983. ਸ਼੍ਰੀ ਨਰੇਸ਼ ਕਟਾਰੀਆ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹਲਕਾ ਜ਼ੀਰਾ ਦੇ ਸਰਕਾਰੀ ਹਸਪਤਾਲ, ਜ਼ੀਰਾ (ਜ਼ਿਲ੍ਹਾ ਫਿਰੋਜ਼ਪੁਰ) ਨੂੰ ਅੱਪਗ੍ਰੇਡ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹਕੰਮ ਕਦੋਂ ਤੱਕ ਹੋਣ ਦੀ ਸੰਭਾਵਨਾ ਹੈ?

**ਡਾਕਟਰ ਬਲਬੀਰ ਸਿੰਘ :** ਸ਼੍ਰੀਮਾਨ ਜੀ, ਹਲਕਾ ਜ਼ੀਰਾ ਵਿਖੇ 50 ਬੈਡਿਡ ਦਾ ਸਬ-ਡਵੀਜ਼ਨਲ ਹਸਪਤਾਲ ਚੱਲ ਰਿਹਾ ਹੈ। ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਸਬ-ਡਵੀਜ਼ਨ ਪੱਧਰ ਤੇ 100/50 ਬੈਡਾਂ ਦਾ ਇੱਕ ਸਬ-ਡਵੀਜ਼ਨਲ ਹਸਪਤਾਲ ਹੋਵੇਗਾ। ਇਸ ਲਈ ਚੁਣੀ ਹੋਈ ਜ਼ਮੀਨ (93 ਕਨਾਲ 11 ਮਰਲੇ) ਵਿੱਚੋਂ 42 ਕਨਾਲ 00 ਮਰਲਾ ਵਣ ਵਿਭਾਗ ਦੇ ਨਾਮ ਤੇ ਹੈ ਅਤੇ ਬਾਕੀ 51 ਕਨਾਲ 11 ਮਰਲੇ ਪ੍ਰੋਵਿੰਸ਼ਲ ਗੌਰਮਿੰਟ ਦੇ ਨਾਮ ਹੈ। ਇਸ ਜਗ੍ਹਾ ਵਿੱਚੋਂ ਹਸਪਤਾਲ ਬਣਾਉਣ ਲਈ 5 ਏਕੜ ਜ਼ਮੀਨ ਦੀ ਜ਼ਰੂਰਤ ਹੈ, ਜਿਸ ਨੂੰ ਸਿਹਤ ਵਿਭਾਗ ਦੇ ਨਾਮ ਤੇ ਤਬਦੀਲ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਜਦੋਂ ਇਹ ਜਗ੍ਹਾ ਸਿਹਤ ਵਿਭਾਗ ਦੇ ਨਾਮ ਹੋ ਜਾਵੇਗੀ ਤਾਂ ਸਬ-ਡਵੀਜ਼ਨਲ ਹਸਪਤਾਲ ਜ਼ੀਰਾ ਨੂੰ 100 ਬੈਡਿਡ ਹਸਪਤਾਲ ਵੱਜੋਂ ਅੱਪਗ੍ਰੇਡ ਕਰਨ ਲਈ ਵਿਚਾਰ ਕਰ ਲਿਆ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਾਡੇ ਮਾਣਯੋਗ ਮੈਂਬਰ ਸ਼੍ਰੀ ਨਰੇਸ਼ ਕਟਾਰੀਆ ਸਾਫਟ ਪਾਵਰ ਯੂਜ਼ ਕਰਦੇ ਹਨ। ਇਹ ਪਰਾਪਰ ਵਿਧਾਨ ਸਭਾ ਸੈਸ਼ਨ ਦਾ ਫਾਇਦਾ ਉਠਾਉਂਦੇ ਹਨ। ਇਨ੍ਹਾਂ ਦੇ ਜ਼ਿਲ੍ਹੇ ਵਿੱਚ ਇੱਕ 50 ਬੈਡਿਡ ਹਸਪਤਾਲ ਹੈ, ਇਹ 100 ਬੈਡਿਡ ਹਸਪਤਾਲ ਚਾਹੁੰਦੇ ਹਨ ਪਰ ਉੱਥੇ ਜ਼ਮੀਨ ਦਾ issue ਸੀ। ਪਹਿਲਾਂ ਸਰਕਾਰਾਂ ਨੀਂਹ ਪੱਥਰ ਰੱਖ ਦਿੰਦੀਆਂ ਸਨ ਡਿਪਾਰਟਮੈਂਟ ਦੇ ਨਾਂ ਤੇ ਜਗ੍ਹਾ ਹੁੰਦੀ ਨਹੀਂ ਸੀ। ਉਸ ਦਾ ਪ੍ਰੋਸੈਸ ਸ਼ੁਰੂ ਕਰ ਦਿੱਤਾ ਗਿਆ ਹੈ। ਇੱਥੇ ਮੁੰਡੀਆਂ ਸਾਹਿਬ ਬੈਠੇ ਹਨ, ਜਦੋਂ ਹੀ ਜ਼ਮੀਨ ਸਾਡੇ ਨਾਂ ਤੇ ਹੋ ਜਾਂਦੀ ਹੈ, ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਫਿਰ ਜਲਦੀ ਸਾਡੇ ਡਿਪਾਰਟਮੈਂਟ ਦੇ ਨਾਂ ਤੇ ਰਜਿਸਟਰੀਆਂ ਕਰਵਾ ਦੇਣ। ਅਸੀਂ ਫਿਰ ਕੰਮ ਸ਼ੁਰੂ ਕਰ ਦਿਆਂਗੇ। ਬਾਕੀ ਇਨ੍ਹਾਂ ਵਾਸਤੇ ਕਈ ਹੋਰ ਖੁਸ਼ਖਬਰੀਆਂ ਵੀ ਹਨ। ਇੱਕ ਤਾਂ ਜਿਹੜਾ ਇਨ੍ਹਾਂ ਦੇ ਨਰਸਾਂ ਦੀ ਘਾਟ ਸੀ, ਇਸ ਸ਼ਨੀਵਾਰ ਨੂੰ ਮੁੱਖ ਮੰਤਰੀ ਸਾਹਿਬ 700 ਨਰਸਾਂ ਨੂੰ ਨਿਯੁਕਤੀ ਪੱਤਰ ਦੇਣਾ ਹੈ। ਇਨ੍ਹਾਂ ਕੋਲ ਹਸਪਤਾਲ ਵਿੱਚ 10 ਨਰਸਾਂ ਹਨ ਅਤੇ 5 ਅਸੀਂ ਹੋਰ ਦੇ ਦਿਆਂਗੇ। ਇਨ੍ਹਾਂ ਦੇ ਹਸਪਤਾਲ ਵਿੱਚ ਡੈਂਟਲ ਦੀ ਇੱਕ ਪੋਸਟ ਖਾਲੀ ਹੈ, ਉਹ ਵੀ ਭਰ ਦਿਆਂਗੇ। ਇਨ੍ਹਾਂ ਕੋਲ ਉੱਥੇ ਸਾਰੇ ਸਪੈਸ਼ਲਿਸਟ ਹਨ। ਇੱਕ anthesists ਨਹੀਂ ਹੈ, ਮੈਂ ਸਪੈਸ਼ਲ ਉਸ ਦੀ ਟਰਮਜ਼ ਐਂਡ ਕੰਡੀਸ਼ਨਜ਼ ਪੜੀਆਂ ਕਿਉਂਕਿ ਮੋਗੇ ਤੋਂ ਭੇਜਣਾ ਹੈ, ਐਕਸਟਰਾ ਟਰੈਵਲ ਦਾ ਬੈਨੀਫਿਟ ਦੇ ਕੇ ਉਹ ਵੀ ਪ੍ਰੋਵਾਈਡ ਕਰਵਾ ਦਿਆਂਗੇ। ਅਸੀਂ ਉੱਥੇ ਹੋਰ ਕਈ ਸਰਵਿਸਸ ਨੂੰ revamp ਕਰ ਦਿਆਂਗੇ।

**ਮਾਣਯੋਗ ਸਪੀਕਰ** : ਮੈਂਬਰ ਸਾਹਿਬ, ਤੁਹਾਡੀ ਤਾਰੀਫ ਤਾਂ ਬਣਦੀ ਹੈ, ਬਾਕੀ ਸਾਰੇ ਮੈਂਬਰ ਉਮਰ ਦਰਾਜ ਹੁੰਦੇ ਜਾਂਦੇ ਹਨ, ਤੁਸੀਂ ਜਵਾਨ ਹੁੰਦੇ ਜਾਂਦੇ ਹੋ। ਕੋਈ ਨਾ ਕੋਈ ਸਾਫਟ ਪਾਵਰ ਤਾਂ ਤੁਹਾਡੇ ਕੋਲ ਹੈ। (ਹਾਸਾ)

**ਸ਼੍ਰੀ ਨਰੇਸ਼ ਕਟਾਰੀਆ**: ਧੰਨਵਾਦ ਜੀ। ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਸਾਡਾ ਹਸਪਤਾਲ ਬਹੁਤ ਛੋਟਾ ਹੈ, 150 ਤੋਂ ਉੱਤੇ ਪਿੰਡਾਂ ਨੂੰ ਉਹ ਇੱਕੋ ਹਸਪਤਾਲ ਲੱਗਦਾ ਹੈ। ਸਾਡੇ 2-3 ਆੜਤੀਏ ਅਜਿਹੇ ਹਨ ਜਿਹੜੇ ਡਾਇਲਸਿਜ਼ ਵਾਲੀਆਂ ਮਸ਼ੀਨਾਂ ਦੇਣਾ ਚਾਹੁੰਦੇ ਹਨ, ਪਰ ਸਾਡੇ ਕੋਲ ਉੱਥੇ ਜਗ੍ਹਾ ਨਹੀਂ ਹੈ। ਬਹੁਤ ਹੀ ਛੋਟਾ ਹਸਪਤਾਲ ਹੈ, ਕਿਰਪਾ ਕਰਕੇ ਜਲਦੀ ਤੋਂ ਜਲਦੀ ਇਸ ਨੂੰ ਵੱਡਾ ਕੀਤਾ ਜਾਵੇ। ਬਾਕੀ ਦੀਆਂ ਕਮੀਆਂ ਵੀ ਪੂਰੀਆਂ ਕੀਤੀਆਂ ਜਾਣ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਬੈਠੇ-ਬੈਠੇ)**: ਸਪੀਕਰ ਸਾਹਿਬ, ਸਾਨੂੰ ਵੀ ਦਿਵਾ ਦਿਉ, ਸਾਡੇ ਕੋਲ ਜਗ੍ਹਾ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, ਹੁਣ ਤੁਹਾਡੇ ਕੋਲ ਡਿਮਾਂਡ ਵਾਹ ਵਾਹ ਆਵੇਗੀ।

**ਮੰਤਰੀ**: ਕੋਈ ਨਹੀਂ ਜੀ। ਮੈਂ ਇਹ ਗੱਲ ਸਾਰੇ ਹਾਊਸ ਨਾਲ ਸਾਂਝੀ ਕਰਦਾ ਹਾਂ ਕਿ ਮੁੱਖ ਮੰਤਰੀ ਸਿਹਤ ਯੋਜਨਾ ਦੇ ਵਿੱਚ ਅੱਜ ਪੰਜਾਬ ਦੇ ਜਿੰਨੇ ਵੀ ਮਰੀਜ਼ ਹਨ ਉਨ੍ਹਾਂ ਸਾਰਿਆਂ ਦੇ ਡਾਇਲਸਿਜ਼ ਉਸ ਦੇ ਅੰਡਰ ਹੋ ਰਹੇ ਹਨ। ਲੋਕਾਂ ਨੂੰ ਮੈਕਸੀਮਮ ਬੈਨੀਫਿਟ ਮਿਲ ਰਿਹਾ ਹੈ। ਲੇਕਿਨ ਅਸੀਂ ਇਸ ਤੋਂ ਇੱਕ ਸਟੈਪ ਅੱਗੇ ਜਾ ਕੇ ਆਪਣਾ ਪ੍ਰੋਗਰਾਮ ਇਸ ਤਰ੍ਹਾਂ ਦਾ ਬਣਾਇਆ ਹੈ ਕਿ early detection and treatment, ਜਿਸ ਤਹਿਤ ਆਮ ਆਦਮੀ ਕਲੀਨਿਕ ਵਿੱਚ 3 ਲੱਖ ਮਰੀਜ਼ ਹਾਈਪਰਟੈਂਸ਼ਨ

ਅਤੇ ਡਾਇਬਿਟੀਜ਼ ਦਾ ਇਲਾਜ ਹੋ ਰਿਹਾ ਹੈ। ਤਿੰਨ ਮੁੱਖ ਕਾਰਨ ਗੁਰਦੇ ਫੇਲ੍ਹ ਹੋਣ ਦੇ ਹਨ, ਅਸੀਂ ਤਿੰਨਾਂ ਨੂੰ ਐਡਰੈੱਸ ਕਰ ਰਹੇ ਹਾਂ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਯੋਗਾ ਸਾਰੇ ਕਰਿਆ ਕਰੋ। ਲੋਕ ਆਪਣਾ ਆਰ ਤੇ ਵਿਹਾਰ ਵੀ ਠੀਕ ਰੱਖਣ।

**ਡਾਕਟਰ ਨੱਛਤਰ ਪਾਲ**: ਧੰਨਵਾਦ ਸਪੀਕਰ ਸਾਹਿਬ, ਸਾਡੇ ਬਹੁਤ ਹੀ ਸਤਿਕਾਰਯੋਗ ਸਿਹਤ ਮੰਤਰੀ ਜੀ ਦੀ ਸਾਡੇ ਜ਼ਿਲ੍ਹੇ ਤੇ ਬੜੀ ਕਿਰਪਾ ਰਹੀ ਹੈ। ਨਵਾਂਸ਼ਹਿਰ ਦਾ ਜਿਹੜਾ ਹਸਪਤਾਲ ਸੀ ਜਦੋਂ ਇਨ੍ਹਾਂ ਨੇ ਟੇਕ-ਅੱਪ ਕੀਤਾ ਤਾਂ 84 ਲੱਖ ਰੁਪਏ ਦੇ ਘਾਟੇ ਤੇ ਚੱਲ ਰਿਹਾ ਸੀ। ਇਨ੍ਹਾਂ ਨੇ ਬਹੁਤ ਹੀ ਚੰਗਾ ਡਾਕਟਰ ਸਤਵਿੰਦਰ ਸਿੰਘ, ਐਸ.ਐਮ.ਓ ਉੱਥੇ ਲਗਾਏ ਸਨ। ਹਸਪਤਾਲ ਨੂੰ 4 ਕਰੋੜ ਰੁਪਏ ਦੇ ਪ੍ਰੋਫਿਟ ਤੇ ਲੈ ਕੇ ਆ ਗਏ। 800 ਤੋਂ ਵਧਾ ਕੇ 1600 ਤੱਕ ਓ.ਪੀ.ਡੀ ਕਰ ਦਿੱਤੀ। ਬਹੁਤ ਸਾਰੇ ਵਧੀਆ ਕੰਮ ਕੀਤੇ। ਅਚਨਚੇਤ ਕੀ ਹੋਇਆ ਕਿ ਉੱਥੇ ਐਮ.ਐੱਮ.ਓ ਦੀ ਬਦਲੀ ਕਰ ਦਿੱਤੀ ਗਈ, ਜਿਸ ਨੂੰ ਅਵਾਰਡ ਵੀ ਦਿੱਤਾ ਗਿਆ ਸੀ, ਲੋਕਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਦੁਬਾਰਾ ਉੱਥੇ ਲਗਾਇਆ ਜਾਵੇ ਜਿਸ ਨੇ ਕਿ ਜ਼ਿਲ੍ਹੇ ਨੂੰ ਬਿਹਤਰ ਬਣਾਇਆ ਹੈ। ਧੰਨਵਾਦ।

**ਮਾਣਯੋਗ ਸਪੀਕਰ**: ਇਹ ਸਵਾਲ ਦਾ ਪਾਰਟ ਨਹੀਂ ਹੈ ਪਰ ਇਹ ਵੀ ਸਾਫਟ ਪਾਵਰ ਵਰਤ ਜਾਂਦੇ ਹਨ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਹ ਇਨਫਾਰਮ ਕਰਨਾ ਚਾਹੁੰਦਾ ਹਾਂ ਕਿ ਮੇਰੇ ਧਿਆਨ ਵਿੱਚ ਕੱਲ੍ਹ ਇਹ ਗੱਲ ਲਿਆਂਦੀ ਗਈ ਸੀ। ਕਈ ਵਾਰ ਜਦੋਂ ਬਦਲੀ ਕਰਵਾਉਣੀ ਹੁੰਦੀ ਹੈ ਤਾਂ ਕੋਈ ਹੋਰ ਬੰਦਾ ਜਨਾਬ ਤੋਂ ਜਾਂ ਕਿਸੇ ਮੰਤਰੀ ਤੋਂ ਫੋਨ ਕਰਵਾ ਕੇ ਆਪਣੀ ਬਦਲੀ ਕਰਵਾ ਲੈਂਦਾ ਹੈ। ਮੈਂ ਕੈਂਸਲ ਕਰ ਦਿੱਤੀ ਸੀ, he will stay there, he is a very good worker. ਅਸੀਂ ਉਨ੍ਹਾਂ ਨੂੰ ਸਟੇਟ ਅਵਾਰਡ ਵੀ ਦਿੱਤਾ ਹੈ।

---------

**1020/Tarlochan Singh**

**ਹਲਕਾ ਫ਼ਰੀਦਕੋਟ ਵਿਖੇ ਜਾਰੀ ਕੀਤੇ ਰਾਸ਼ਨ ਕਾਰਡਾਂ ਦੇ ਵੇਰਵੇ**

***1932. ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ-

ੳ) ਹਲਕਾ ਫ਼ਰੀਦਕੋਟ ਵਿਖੇ ਕੁੱਲ ਕਿੰਨੇ ਰਾਸ਼ਨ ਕਾਰਡ (A.P.L, B.P.L, ਅੰਤਯੋਦਿਆ ਵਾਰ) ਜਾਰੀ ਕੀਤੇ ਗਏ ਹਨ, ਵੇਰਵੇ ਸਹਿਤ ਦੱਸਿਆ ਜਾਵੇ;

ਅ) ਸਾਲ 2023-25 ਦੌਰਾਨ ਕਿੰਨੀ ਕਣਕ ਅਤੇ ਚਾਵਲ ਵੰਡਿਆ ਗਿਆ, ਸਾਲ-ਵਾਰ ਵੇਰਵੇ ਦਿੱਤੇ ਜਾਣ;

ੲ) ਕਿੰਨੇ ਰਾਸ਼ਨ ਡਿਪੂਆਂ ਦੀ ਜਾਂਚ ਕੀਤੀ ਗਈ ਅਤੇ ਕਿੰਨਿਆਂ ਖਿਲਾਫ਼ ਕਾਰਵਾਈ ਕੀਤੀ ਗਈ;

ਸ) ਕੀ ਸਰਕਾਰ ਨੇ 100% ਡਿਜੀਟਲ ਤੋਲ ਮਸ਼ੀਨਾਂ ਅਤੇ e-PoS ਮਸ਼ੀਨਾਂ ਸ਼ੁਰੂ ਕਰ ਦਿੱਤੀਆ ਹਨ; ਜੇਕਰ ਨਹੀਂ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ ?

**ਸ਼੍ਰੀ ਲਾਲ ਚੰਦ** : ਸ਼੍ਰੀਮਾਨ ਜੀ,

ੳ) ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ National Food Security Act, 2013 ਦੇ ਪ੍ਰਾਵਧਾਨਾਂ ਤਹਿਤ ਕੇਵਲ ਦੋ ਕਿਸਮ ਦੇ ਰਾਸ਼ਨ ਕਾਰਡ ਜਾਰੀ ਕੀਤੇ ਜਾਂਦੇ ਹਨ, ਪ੍ਰਾਇਰਟੀ ਹਾਊਸਹੋਲਡ (PHH) ਅਤੇ ਅੰਤਯੋਦਿਆ ਅੰਨ ਯੋਜਨਾ (AAY)। ਇਸ ਸਮੇਂ ਫਰੀਦਕੋਟ ਹਲਕੇ ਵਿੱਚ 25,822 ਪ੍ਰਾਇਰਟੀ ਹਾਊਸਹੋਲਡ (PHH) ਰਾਸ਼ਨ ਕਾਰਡ ਅਤੇ 1294 ਅੰਤਯੋਦਿਆ ਅੰਨ ਯੋਜਨਾ (AAY) ਰਾਸ਼ਨ ਕਾਰਡ ਹਨ।

ਅ) ਫ਼ਰੀਦਕੋਟ ਵਿਧਾਨ ਸਭਾ ਹਲਕੇ ਵਿੱਚ ਸਾਲ ਵਾਰ ਕਣਕ ਦੀ ਵੰਡ ਹੇਠ ਲਿਖੇ ਅਨੁਸਾਰ ਹੈ:-

- ਸਾਲ 2023 – 65098.85 ਕੁਵਿੰ
- ਸਾਲ 2024 – 68527.51 ਕੁਵਿੰ
- ਸਾਲ 2025 – 64640.79 ਕੁਵਿੰ

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ NFSA/ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਚੌਲ ਵੰਡੇ ਨਹੀਂ ਜਾਂਦੇ।

ੲ) ਜ਼ਿਲ੍ਹਾ ਖੁਰਾਕ ਸਪਲਾਈਜ਼ ਕੰਟਰੋਲਰ, ਫ਼ਰੀਦਕੋਟ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਸਾਲ 2023 ਤੋਂ 2026 ਦੇ ਦੌਰਾਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਪੜਤਾਲ ਕਰਨ ਉਪਰੰਤ 13 ਰਾਸ਼ਨ ਡਿਪੂਆਂ ਦੀ ਸਪਲਾਈ ਮੁਅੱਤਲ ਕੀਤੀ ਗਈ। ਇਸ ਤੋਂ ਇਲਾਵਾ, ਖੇਤਰੀ ਅਮਲੇ ਵੱਲੋਂ ਨਿਯਮਿਤ ਜਾਂਚ ਦੌਰਾਨ 87 ਡਿਪੂਆਂ ਦੀ ਚੈਕਿੰਗ ਕੀਤੀ ਗਈ।

ਸ) ਸਰਕਾਰ ਵੱਲੋਂ ਰਾਜ ਦੇ ਹਰ ਰਾਸ਼ਨ ਡਿਪੂ ‘ਤੇ ਇੱਕ e-POS ਡਿਵਾਈਸ, ਜਿਸ ਵਿੱਚ IRIS ਸਕੈਨਰ ਅਤੇ ਇਲੈਕਟ੍ਰਾਨਿਕ ਤੋਲ ਮਸ਼ੀਨ ਸ਼ਾਮਲ ਹੈ, ਮੁਹੱਈਆ ਕਰਵਾਈ ਗਈ ਹੈ। ਇਸ ਤਰ੍ਹਾਂ ਸਰਕਾਰ ਵੱਲੋਂ 100% ਇਲੈਕਟ੍ਰਾਨਿਕ ਤੋਲ ਮਸ਼ੀਨਾਂ ਅਤੇ e-POS ਡਿਵਾਈਸ ਲਾਗੂ ਕੀਤੀਆਂ ਜਾ ਚੁੱਕੀਆਂ ਹਨ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਪੀਕਰ ਸਾਹਿਬ, ਜਵਾਬ ਆ ਗਿਆ ਹੈ, ਜਵਾਬ ਵਧੀਆ ਹੈ, ਸੋਹਣਾ ਜਵਾਬ ਹੈ।

**ਮਾਣਯੋਗ ਸਪੀਕਰ** : ਜਵਾਬ ਹੀ ਹੈ ਕਿ ਹਾਂ ਹੈ?

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਹਾਂ ਜੀ, ਮੈਂ ਡਿਪੂਆਂ ਸਬੰਧੀ ਡਿਟੇਲ ਮੰਗੀ ਸੀ। ਫਰੀਦਕੋਟ ਵਿੱਚ ਕੁੱਲ 27116 ਰਾਸ਼ਨ ਕਾਰਡ ਹਨ ਅਤੇ ਜੇ ਫਰੀਦਕੋਟ ਦੀ ਆਬਾਦੀ ਦੇਖੀਏ ਤਾਂ ਸਾਢੇ 3 ਲੱਖ ਤੋਂ ਜ਼ਿਆਦਾ ਬਣਦੀ ਹੈ। ਜੇਕਰ ਇੱਕ ਪਰਿਵਾਰ ਦੇ 4 ਬੰਦੇ ਵੀ ਗਿਣਿਏ ਤਾਂ ਸਿਰਫ 1 ਲੱਖ ਦੇ ਕਰੀਬ ਬੰਦੇ ਕਵਰ ਹੁੰਦੇ ਹਨ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਜਿਹੜੇ ਨਵੇਂ ਕਾਰਡ ਬਣ ਰਹੇ ਹਨ, ਉਨ੍ਹਾਂ ਵਾਸਤੇ ਕੈਂਪ ਲਗਾਇਆ ਜਾਵੇ। ਜਿਹੜੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਗਰੀਬ ਲੋਕ ਹਨ, ਉਨ੍ਹਾਂ ਲਈ ਮੁਹੱਲਿਆਂ ਵਿੱਚ ਕੈਂਪ ਲਗਾਏ ਜਾਣ ਤਾਂ ਕਿ ਜਿਹੜੇ ਬਾਕੀ ਲੋਕ ਰਹਿੰਦੇ ਹਨ ਉਹ ਵੀ ਰਾਸ਼ਨ ਕਾਰਡ ਬਣਾ ਸਕਣ।

ਮੇਰਾ ਦੂਜਾ ਸਵਾਲ ਸੀ ਕਿ ਤੁਸੀਂ ਕਿੰਨੀ 2023, 2024 ਅਤੇ 2025 ਵਿੱਚ ਕਿੰਨੀ ਕਣਕ ਵੰਡੀ ਹੈ। ਇਸ ਵਿੱਚ ਜਵਾਬ ਆਇਆ ਹੈ ਕਿ 2023 ਵਿੱਚ 65000 ਕੁਇੰਟਲ, 2024 ਵਿੱਚ 68000 ਕੁਇੰਟਲ ਅਤੇ 2025 ਵਿੱਚ ਆ ਕੇ 64000 ਕੁਇੰਟਲ ਰਹਿ ਗਈ ਹੈ। ਸੋ, ਕਿਤੇ ਨਾ ਕਿਤੇ ਇਸ ਵਿੱਚ ਕੋਈ ਨਾ ਕੋਈ ਕਮਜ਼ੋਰੀ ਹੈ ਅਤੇ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਰੀ ਦੀ ਸਾਰੀ ਹੀ ਕਣਕ ਵੰਡੀ ਜਾਵੇ।

ਸਾਡਾ ਸਭ ਤੋਂ ਵੱਡਾ ਜਿਹੜਾ ਨੁਕਸਾਨ ਹੋ ਰਿਹਾ ਹੈ ਉਹ ਇਹ ਹੈ ਕਿ ਜਿਹੜੇ ਪ੍ਰਵਾਸੀ ਮਜ਼ਦੂਰ ਹਨ, ਉਹ ਵੀ ਜਿਹੜੇ ਇੱਥੇ ਰਹਿੰਦੇ ਹਨ ਤਾਂ ਉਹ ਆਪਣੇ ਆਧਾਰ ਕਾਰਡ ਤੇ ਆਪਣੀ ਕਣਕ ਲੈ ਲੈਂਦੇ ਹਨ ਅਤੇ ਜਿਹੜੇ ਸਾਡੇ ਯੋਗ ਉਮੀਦਵਾਰ ਹਨ, ਉਹ ਰਹਿ ਜਾਂਦੇ ਹਨ। ਇਸ ਲਈ ਜੇ ਕਿਤੇ ਸਾਡੇ ਪ੍ਰਵਾਸੀ ਮਜ਼ਦੂਰ ਵੱਧ ਆਉਂਦੇ ਹਨ ਤਾਂ ਉਨ੍ਹਾਂ ਵਾਸਤੇ ਵੱਖਰਾ ਕੋਟਾ ਦਿੱਤਾ ਜਾਵੇ ਤਾਂ ਕਿ ਲੋਕਲ ਵਸਨੀਕਾਂ ਦਾ ਕੋਟਾ ਘੱਟ ਨਾ ਪਵੇ।

ਇਸ ਤੋਂ ਇਲਾਵਾ ਡਿਪੂਆਂ ਨੂੰ ਮੁਅੱਤਲ ਕਰਨ ਬਾਰੇ ਪੁੱਛਿਆ ਗਿਆ ਸੀ। ਮੇਰੇ ਸਵਾਲ ਦੇ ਇਹ ਚਾਰ ਭਾਗ ਸਨ। ਇਨ੍ਹਾਂ ਨੇ 13 ਡਿਪੂ ਮੁਅੱਤਲ ਕੀਤੇ ਹਨ ਅਤੇ 87 ਡਿਪੂਆਂ ਦੀ ਚੈਕਿੰਗ ਕੀਤੀ ਹੈ। ਇਸ ਬਾਰੇ ਵੀ ਮੈਂ ਬੇਨਤੀ ਕਰਾਂਗਾ।

**ਮਾਣਯੋਗ ਸਪੀਕਰ** : ਸੇਖੋਂ ਸਾਹਿਬ, ਤੁਹਾਡੇ ਕੋਲ ਡਿਟੇਲ ਆ ਗਈ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਹਾਂ ਜੀ, ਉਸ ਡਿਟੇਲ ਦੀ ਗੱਲ ਕਰ ਰਿਹਾ ਹਾਂ ਜੀ।

**ਮਾਣਯੋਗ ਸਪੀਕਰ** : ਤੁਸੀਂ ਇਨ੍ਹਾਂ ਨਾਲ ਬਹਿ ਕੇ ਗੱਲ ਕਰ ਲੈਣਾ। ਜੇ ਤੁਹਾਡਾ ਕੋਈ ਸਵਾਲ ਹੁਣੇ ਪੁੱਛਣ ਵਾਲਾ ਹੈ ਤਾਂ ਪੁੱਛ ਲਉ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਵਾਲ ਇਹ ਹੈ ਕਿ ਕਿਰਪਾ ਕਰਕੇ ਚੈਕਿੰਗ ਨੂੰ ਥੋੜ੍ਹਾ ਜਿਹਾ ਤੇਜ਼ ਕਰ ਦਿਉ ਤਾਂ ਕਿ ਜਿਹੜੇ ਬੰਦੇ ਸ਼ਰਾਰਤ ਕਰਦੇ ਹਨ, ਉਹ ਸ਼ਰਾਰਤ ਨਾ ਕਰਨ।

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਚੈਕਿੰਗ ਨੂੰ ਤੇਜ਼ ਕਰੋਗੇ?

**ਮੰਤਰੀ** : ਬਿਲਕੁਲ ਜੀ। ਇਨ੍ਹਾਂ ਦੀ ਸਪਲੀਮੈਂਟਰੀ ਆ ਗਈ ਹੈ। ਮੈਂ ਮੈਂਬਰ ਸਾਹਿਬ ਨੂੰ ਕਲੀਅਰ ਕਰ ਦੇਵਾਂ ਕਿ ਜਿਹੜਾ ਤੁਸੀਂ ਕਿਹਾ ਹੈ ਕਿ 2023, 2024 ਅਤੇ 2025 ਵਿੱਚ ਕਣਕ ਦੀ ਵੰਡ ਦਾ ਅੰਤਰ ਹੈ, ਇਸ ਦਾ ਕਾਰਨ ਇਹ ਹੈ ਕਿ 2023 ਵਿੱਚ ਪੰਜਾਬ ਸਰਕਾਰ ਵੱਲੋਂ ਕਾਰਡਾਂ ਦੀ ਵੈਰੀਫਿਕੇਸ਼ਨ ਕਰਵਾਈ ਗਈ ਸੀ। ਉਸ ਵੈਰੀਫਿਕੇਸ਼ਨ ਦੌਰਾਨ ਕਾਰਡ ਕੱਟੇ ਗਏ ਸਨ, ਇਸ ਲਈ ਕਣਕ ਘੱਟ ਵੰਡੀ ਗਈ ਸੀ। 2024 ਵਿੱਚ ਮੁੱਖ ਮੰਤਰੀ ਜੀ ਵੱਲੋਂ ਆਦੇਸ਼ ਹੋਇਆ ਕਿ ਕਾਰਡ ਬਹਾਲ ਕਰ ਦਿੱਤੇ ਜਾਣ ਅਤੇ ਜਦੋਂ ਕਾਰਡ ਬਹਾਲ ਹੋ ਗਏ ਤਾਂ ਕਣਕ ਦੁਬਾਰਾ ਪਹਿਲੀ ਸਟੇਜ ਤੇ ਆ ਗਈ ਸੀ। ਜਿਹੜੀ 2025 ਵਿੱਚ ਘਟੀ ਹੈ, ਇਸ ਦਾ ਮੁੱਖ ਕਾਰਨ ਇਹ ਹੈ ਕਿ eKYC ਦਾ ਸਿਸਟਮ ਪੂਰੇ ਦੇਸ਼ ਵਿੱਚ ਚੱਲਿਆ ਸੀ ਅਤੇ ਜਿਹੜੇ ਲੋਕ eKYC ਕਰਵਾਉਣ ਲਈ ਆਏ, ਉਨ੍ਹਾਂ ਨੂੰ ਹੀ ਅਨਾਜ ਦਿੱਤਾ ਗਿਆ ਸੀ। ਇਸ ਕਰਕੇ ਇਸ ਦੇ ਕਾਰਨ ਸਾਇੰਟੀਫਿਕ ਹਨ।

ਦੂਜੀ ਗੱਲ ਜਿਹੜੀ ਇਨ੍ਹਾਂ ਨੇ ਕਹੀ ਹੈ ਕਿ ਪ੍ਰਵਾਸੀ ਭੈਣ ਭਰਾ ਕਣਕ ਲੈ ਜਾਂਦੇ ਹਨ। ਅਜਿਹੀ ਕੋਈ ਗੱਲ ਨਹੀਂ ਹੈ। ਪੂਰੇ ਦੇਸ਼ ਵਿੱਚ ਤੁਸੀਂ ਆਪਣਾ ਅਨਾਜ ਕਿਤੇ ਵੀ ਲੈ ਸਕਦੇ ਹੋ। ਅੰਨ ਸੁਰੱਖਿਆ ਐਕਟ ਅਧੀਨ ਜੇਕਰ ਪੰਜਾਬ ਦਾ ਕੋਈ ਬੰਦਾ ਬਾਹਰ ਹੈ ਤਾਂ ਉਹ ਬਾਹਰ ਡਿਪੂ ਤੇ ਜਾ ਕੇ ਅਨਾਜ ਲੈ ਸਕਦਾ ਹੈ ਅਤੇ ਜੇ ਕੋਈ ਬਾਹਰਲਾ ਪੰਜਾਬ ਵਿੱਚ ਆ ਕੇ ਕੰਮ ਕਰਦਾ ਹੈ, ਤਾਂ ਉਹ ਵੀ ਲੈ ਸਕਦਾ ਹੈ। ਉਸ ਨੇ ਆਪਣਾ ਹੀ ਹਿੱਸਾ ਲੈਣਾ ਹੈ ਤੇ ਉਹ ਪੂਰੇ ਦੇਸ਼ ਵਿੱਚ ਕਿਤੇ ਵੀ ਆਪਣਾ ਹਿੱਸਾ ਲੈ ਸਕਦਾ ਹੈ।

ਇਸ ਤੋਂ ਇਲਾਵਾ ਤੁਸੀਂ ਨਵੇਂ ਕਾਰਡਾਂ ਬਾਰੇ ਅੱਛੀ ਗੱਲ ਕਹੀ ਹੈ। ਮੈਂ ਇਸ ਹਾਊਸ ਰਾਹੀਂ ਸਮੁੱਚੇ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਅਤੇ ਇੱਥੇ ਬੈਠੇ ਆਪਣੇ ਮੈਂਬਰ ਸਾਹਿਬਾਨਾਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਕਈ ਵਾਰ ਸਵਾਲ ਉੱਭਰਦਾ ਰਿਹਾ ਹੈ ਕਿ ਨਵੇਂ ਕਾਰਡ ਬਣਨ ਵਾਲੇ ਹਨ ਜਾਂ ਕੁਝ ਬੱਚੇ ਜਿਹੜੇ ਪੈਦਾ ਹੋਏ ਹਨ, ਉਨ੍ਹਾਂ ਦੇ ਨਾਂ ਕਾਰਡਾਂ ਵਿੱਚ ਨਹੀਂ ਚੜ੍ਹ ਸਕੇ ਸਨ। ਮੈਂ ਸਭ ਨੂੰ ਅਪੀਲ ਕਰਦਾ ਹਾਂ ਕਿ 11 ਤਾਰੀਖ ਤੱਕ ਸਾਡਾ ਪੋਰਟਲ ਖੁੱਲ੍ਹਾ ਹੈ। ਇਸ ਪੋਰਟਲ ਬਾਰੇ ਚੰਗੀ ਗੱਲ ਇਹ ਹੈ ਕਿ ਹੁਣ ਤੱਕ 10 ਲੱਖ ਲੋਕਾਂ ਨੇ ਅਪਲਾਈ ਕਰ ਦਿੱਤਾ ਹੈ। ਲਗਾਤਾਰ ਲੋਕ ਅਪਲਾਈ ਕਰ ਰਹੇ ਹਨ। ਮੈਂ ਤੁਹਾਨੂੰ ਵੀ ਬੇਨਤੀ ਕਰਦਾ ਹਾਂ ਕਿ ਜਿਹੜਾ ਵੀ ਲੋੜਵੰਦ ਬੰਦਾ ਹੈ, ਉਹ ਰਾਸ਼ਨ ਕਾਰਡ ਬਣਾਉਣ ਤੋਂ ਵਾਂਝਾ ਨਾ ਰਹੇ। ਸਪੀਕਰ ਸਾਹਿਬ, ਸਭ ਤੋਂ ਖੁਸ਼ੀ ਵਾਲੀ ਗੱਲ ਇਹ ਹੈ, ਸਭ ਤੋਂ ਰੋਸ਼ਨ ਗੱਲ ਇਹ ਹੈ ਕਿ ਆਮ ਤੌਰ ਤੇ ਪਿਛਲੀਆਂ ਸਰਕਾਰਾਂ ਵੇਲੇ ਐਮ.ਐਲ.ਏ. ਨੂੰ ਟੋਕਨ ਦੇ ਦਿੱਤੇ ਜਾਂਦੇ ਸਨ, ਉਹ ਟੋਕਨ ਜਿਸ ਦੇ ਹੱਥ ਲੱਗ ਜਾਂਦਾ ਸੀ, ਉਹ ਰਾਸ਼ਨ ਕਾਰਡ ਬਣਾ ਜਾਂਦਾ ਸੀ। ਇਹ ਪਹਿਲੀ ਵਾਰ ਹੋਇਆ ਹੈ ਕਿ ਇੰਨੀ ਟਰਾਂਸਪੇਰੈਂਸੀ ਅਤੇ ਇਮਾਨਦਾਰੀ ਨਾਲ ਮਾਨ ਸਾਹਿਬ ਨੇ ਆਦੇਸ਼ ਕੀਤਾ ਅਤੇ ਪੋਰਟਲ ਓਪਨ ਕੀਤਾ ਤਾਂ ਕਿ ਜਿਹੜਾ ਵੀ ਬੰਦਾ ਚਾਹੇ ਪੋਰਟਲ ਤੇ ਅਪਲਾਈ ਕਰ ਸਕਦਾ ਹੈ। ਸੋ, ਪੋਰਟਲ ਖੁੱਲ੍ਹਾ ਰੱਖਿਆ ਹੈ ਅਤੇ ਕਿਸੇ ਐਮ.ਐਲ.ਏ. ਜਾਂ ਸਰਪੰਚ ਤੱਕ ਪਾਬੰਦ ਨਹੀਂ ਕੀਤਾ ਹੈ। (ਥੰਪਿੰਗ) ਸੋ, ਮੈਂ ਸਮਝਦਾ ਹਾਂ ਕਿ ਸਭ ਨੂੰ ਅਪਲਾਈ ਕਰਨਾ ਚਾਹੀਦਾ ਹੈ। ਤੁਸੀਂ ਵੀ ਆਪਣੇ ਹਲਕੇ ਫਰੀਦਕੋਟ ਦੇ ਲੋੜਵੰਦ ਲੋਕਾਂ ਨੂੰ ਅਪਲਾਈ ਕਰਵਾ ਸਕਦੇ ਹੋ। ਇਸ ਲਈ ਕੋਈ ਕੈਂਪ ਲਗਵਾਉਣ ਦੀ ਲੋੜ ਨਹੀਂ ਹੈ। ਇਸ ਲਈ ਦੋ ਢੰਗ ਹਨ, ਇੱਕ ਤਾਂ ਆਨਲਾਈਨ

ਪੋਰਟਲ ਤੇ ਅਪਲਾਈ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਮੈਨੂਅਲ ਵੀ ਅਰਜ਼ੀ ਦਿੱਤੀ ਜਾ ਸਕਦੀ ਹੈ, ਦਫ਼ਤਰ ਵਿੱਚ ਦਿੱਤੀ ਜਾ ਸਕਦੀ ਹੈ, ਫੂਡ ਸਪਲਾਈ ਅਫ਼ਸਰਾਂ ਨੂੰ ਐਪਲੀਕੇਸ਼ਨ ਦਿੱਤੀ ਜਾ ਸਕਦੀ ਹੈ। ਸੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਲੋਕਾਂ ਨੂੰ ਕਾਰਡ ਬਣਾਉਣ ਵਿੱਚ ਮਦਦ ਕਰੋ। ਜੇ ਕੋਈ ਹੋਰ ਵੀ ਸਵਾਲ ਹੈ ਤਾਂ ਮਾਣਯੋਗ ਮੈਂਬਰ ਸਾਹਿਬ ਪੁੱਛ ਸਕਦੇ ਹਨ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਪੀਕਰ ਸਾਹਿਬ, ਮੈਂ ਆਪ ਜੀ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਡਿਪੂ ਤੇ ਕਣਕ ਵੰਡਣ ਲੱਗਦੀ ਹੈ ਤਾਂ ਸਾਰੇ ਹੀ ਭੱਜ ਕੇ ਉਥੇ ਜਾ ਵੜਦੇ ਹਨ ਅਤੇ ਉਸ ਦਾ ਕੋਟਾ ਖਤਮ ਹੋ ਜਾਂਦਾ ਹੈ। ਜਿਹੜੇ ਮੁਹੱਲੇ ਦੇ ਲੋਕ ਹੁੰਦੇ ਹਨ ਉਹ ਰਹਿ ਜਾਂਦੇ ਹਨ। ਇਸ ਲਈ ਜਦੋਂ ਅਸੀਂ ਸਾਰੇ ਇੰਡੀਆ ਨੂੰ ਇੱਕ ਜਗ੍ਹਾ ਤੇ ਰੋਕ ਲਿਆ ਹੈ ਤਾਂ ਇਸ ਵਿੱਚ ਡਿਪੂ ਦਾ ਕੋਟਾ ਨਹੀਂ ਹੋਣਾ ਚਾਹੀਦਾ ਬਲਕਿ ਉਹ ਜਿੰਨੀਆਂ ਪਰਚੀਆਂ ਕੱਟ ਰਿਹਾ ਹੈ, ਉਸ ਨੂੰ ਉਨੀ ਕਣਕ ਦਿੱਤੀ ਜਾਵੇ। ਲੋਕਲ ਲੋਕ ਬਾਅਦ ਵਿੱਚ ਕਣਕ ਲੈ ਕੇ ਜਾਂਦੇ ਹਨ।

**1025/mehak**

ਇਸ ਨਾਲ ਲੋਕਾਂ ਦੀ ਖੱਜਲ ਖੁਆਰੀ ਘਟੇਗੀ ਤੇ ਨਾਲ ਹੀ ਜਿਹੜੇ ਪ੍ਰਵਾਸੀ ਮਜ਼ਦੂਰ ਵੀ ਲੈ ਜਾਂਦੇ ਹਨ, ਉਸ ਨਾਲ ਕੋਈ ਫਰਕ ਤਾਂ ਨਹੀਂ ਪੈਂਦਾ ਪਰ ਜਿਹੜੇ ਸਾਡੇ ਬੰਦੇ ਰਹਿੰਦੇ ਹਨ, ਉਹ ਜਦੋਂ ਵੀ ਡਿਪੂ ਵਾਲੇ ਕੋਲ ਜਾਣ ਤਾਂ ਉਨ੍ਹਾਂ ਨੂੰ ਆਪਣਾ ਕਾਰਡ ਦੇ ਕੇ ਕਣਕ ਮਿਲ ਜਾਵੇ। ਇਹ ਥੋੜ੍ਹੀ ਜਿਹੀ ਸੋਧ ਕਰ ਦਿਓ ਕਿਉਂਕਿ ਜੇ ਆਸ-ਪਾਸ ਵਾਲੇ 20 ਕੁਇੰਟਲ ਲੈ ਜਾਣ ਤਾਂ ਮੁਹੱਲੇ ਵਾਲੇ ਰਹਿ ਜਾਂਦੇ ਹਨ। ਇਹ ਮੇਰੀ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਵਿੱਚ ਥੋੜ੍ਹਾ ਸੁਧਾਰ ਕਰ ਲਓ।

**ਮੰਤਰੀ:** ਮੈਂ ਪਹਿਲਾਂ ਵੀ ਕਲੀਅਰ ਕੀਤਾ ਹੈ ਤੇ ਮੈਂ ਫਿਰ ਦੁਬਾਰਾ ਕਲੀਅਰ ਕਰ ਦਿੰਦਾ ਹਾਂ ਕਿ ਕਿਸੇ ਵੀ ਡਿਪੂ ਦੇ ਉਤੇ ਕੋਈ ਇੱਕ ਪਰਿਵਾਰ ਵੀ ਰਾਸ਼ਨ ਤੋਂ ਵਾਂਝਾ ਨਹੀਂ ਰਹਿ ਸਕਦਾ। ਇਹ ਸਾਡੀ ਪਾਲਿਸੀ ਹੈ। ਕੋਟਾ ਦੇਣਾ ਜਾਂ ਨਹੀਂ ਦੇਣਾ ਇਹ ਡਿਪਾਰਟਮੈਂਟ ਦਾ ਕੰਮ ਹੈ ਪਰ ਮੇਰੇ ਖਿਆਲ ਨਾਲ ਪੰਜਾਬ ਵਿੱਚ ਇਸ ਤਰ੍ਹਾਂ ਦੀ ਕੋਈ ਉਦਾਹਰਣ ਨਹੀਂ ਮਿਲੀ ਹੈ ਪਰ ਜੇ ਤੁਹਾਡੇ ਧਿਆਨ ਵਿੱਚ ਇਸ ਤਰ੍ਹਾਂ ਦੀ ਕੋਈ ਉਦਾਹਰਣ ਹੈ ਤਾਂ ਮੇਰੇ ਧਿਆਨ ਵਿੱਚ ਲਿਆ ਦਿਓ। ਅਸੀਂ ਇਕੱਲੇ ਇਕੱਲੇ ਬੰਦੇ ਨੂੰ ਰਾਸ਼ਨ ਪ੍ਰੋਵਾਈਡ ਕਰਨਾ ਹੈ। ਇਹ ਸਾਡੀ ਲਾਇਬਿਲਟੀ ਹੈ। ਅਸੀਂ ਕਰ ਰਹੇ ਹਾਂ ਅਤੇ ਅੱਗੇ ਵੀ ਕਰਾਂਗੇ। ਜੇ ਕਿਸੇ ਪਰਟੀਕੂਲਰ ਪਿੰਡ ਦਾ ਮਾਮਲਾ ਹੈ ਤਾਂ ਮੈਨੂੰ ਦੱਸ ਦਿਓ।

**ਮਾਣਯੋਗ ਸਪੀਕਰ**: ਸੇਖੋਂ ਸਾਹਿਬ, ਕੁਝ ਹੈ?

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਰ, ਜੇ ਮੈਂ ਦੱਸਣ ਲੱਗ ਜਾਵਾਂ ਤਾਂ ਮੈਨੂੰ ਸਾਰੇ ਡਿਪੂਆਂ ਦਾ ਪਤਾ ਹੈ। ਪਰ ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ।

**ਮਾਣਯੋਗ ਸਪੀਕਰ**: ਫਰੀਦਕੋਟ ਦੇ ਇੱਕ-ਅੱਧੇ ਡਿਪੂ ਦਾ ਦੱਸ ਦਿਓ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਬਾਜ਼ੀਗਰ ਬਸਤੀ, ਡੋਗਰ ਬਸਤੀ, ਟੀਚਰ ਕਲੋਨੀ, ਦਸ਼ਮੇਸ਼ ਨਗਰ ਵਿੱਚ ਬਹੁਤ ਸਾਰਾ ਏਰੀਆ ਗਰੀਬ ਹੈ ਤੇ ਜਿਹੜਾ ਡਿਪੂ ਵਾਲਾ ਪਹਿਲਾਂ ਵੰਡਣਾ ਸ਼ੁਰੂ ਕਰ ਲੈਂਦਾ ਹੈ ਤਾਂ ਸਾਰੇ ਭੱਜ ਕੇ ਉੱਥੇ ਹੀ ਲਾਈਨਾਂ ਲਗਾ ਲੈਂਦੇ ਹਨ ਤਾਂ ਉਸ ਮੁਹੱਲੇ ਦੇ ਲੋਕ ਰਹਿ ਜਾਂਦੇ ਹਨ। ਡਿਪੂਆਂ ਨੂੰ ਹੀ ਦੇਣਾ ਹੈ ਤੇ ਜੇ ਉਹ 10 ਕੁਇੰਟਲ ਵੱਧ ਵੀ ਲੈ ਜਾਵੇ ਤਾਂ ਵੀ ਕੋਈ ਨਹੀਂ ਪਰ ਉਹ ਲੋਕਾਂ ਨੂੰ ਵੰਡ ਦੇਵੇ।

**ਮੰਤਰੀ**: ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਇਹੀ ਕਹਿ ਰਿਹਾ ਹਾਂ ਕਿ ਤੁਸੀਂ ਮੈਨੂੰ ਲਿਖ ਕੇ ਦੇ ਦਿਓ। ਸਾਡੇ ਕੋਲ ਅਨਾਜ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੋਬਲਮ ਨਹੀਂ ਹੈ ਤੇ ਨਾ ਹੀ ਅਨਾਜ ਦੀ ਕੋਈ ਘਾਟ ਹੈ।

**ਮਾਣਯੋਗ ਸਪੀਕਰ**: ਦੇਖੋ, ਸਰਕਾਰ ਦੀਆਂ ਜਿਹੜੀਆਂ ਗਰੀਬ ਲੋਕਾਂ ਦਾ ਹੱਥ ਫੜਨ ਦੀਆਂ ਕੋਸ਼ਿਸ਼ਾਂ ਹਨ, ਉਸ ਵਿੱਚ ਕੋਈ ਸ਼ੱਕ ਨਹੀਂ ਹੈ ਲੇਕਿਨ ਮੈਂ ਆਪਣਾ ਪਰਸਨਲ ਐਕਸਪੀਰੀਐਂਸ ਐਡ ਕਰਨਾ ਚਾਹੁੰਦਾ ਹਾਂ। ਮੰਤਰੀ ਜੀ, ਉਸ ਵਿੱਚ ਆਪਾਂ ਨੂੰ ਥੋੜ੍ਹਾ ਜਿਹਾ improvise ਕਰਨਾ ਪਵੇਗਾ। ਜਿਹੜਾ ਡਿਪੂ ਹੋਲਡਰ ਹੈ, ਉਸ ਦੀ ਨਿੱਕੀ ਜਿਹੀ ਦੁਕਾਨ ਹੁੰਦੀ ਹੈ, ਉਸ ਵਿੱਚ ਉਹ ਇਕੱਲਾ ਆਪ ਬੈਠਦਾ ਹੈ, ਇੱਕ ਟੇਬਲ ਲਗਿਆ ਹੁੰਦਾ ਹੈ ਤੇ ਜਿਹੜੇ ਰਾਸ਼ਨ ਲੈਣ ਵਾਲੇ ਗਰੀਬ ਲੋਕ ਹੁੰਦੇ ਹਨ, ਖਾਸ ਤੌਰ ਤੇ ਮਾਤਾਵਾਂ, ਭੈਣਾਂ ਲੈਣ ਜਾਂਦੀਆਂ ਹਨ, ਉਹ ਮਈ ਜੂਨ ਦੇ ਮਹੀਨੇ ਵਿੱਚ ਤੱਪਦੀ ਧੁੱਪ ਵਿੱਚ ਬਾਹਰ ਖੜ੍ਹੀਆਂ ਹੁੰਦੀਆਂ ਹਨ। ਉਨ੍ਹਾਂ ਦੇ ਬੈਠਣ ਦਾ ਕੋਈ ਪ੍ਰਬੰਧ ਨਹੀਂ ਹੁੰਦਾ, ਉਨ੍ਹਾਂ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਔਰ ਉਹ ਕਈ ਕਈ ਘੰਟੇ ਖੜ੍ਹੀਆਂ ਰਹਿੰਦੀਆਂ ਹਨ। ਸੋ, ਇਸ ਚੀਜ਼ ਨੂੰ ਤੁਸੀਂ ਕਿਸੇ ਤਰੀਕੇ ਨਾਲ ਕਰੋ ਕਿ ਲੋਕਾਂ ਨੂੰ ਰਾਸ਼ਨ ਲੈਣ ਲਈ ਜ਼ਿਆਦਾ ਵੇਟ ਨਾ ਕਰਨੀ ਪਵੇ ਤੇ ਜੇ ਵੇਟ ਕਰਨੀ ਹੈ ਤਾਂ ਉਨ੍ਹਾਂ ਦੇ ਬੈਠਣ ਦਾ ਪ੍ਰਬੰਧ ਹੋਵੇ। ਇਸ ਤਰ੍ਹਾਂ ਦਾ ਮੰਤਰੀ ਜੀ ਆਪਾਂ ਨੂੰ ਜ਼ਰੂਰ devise ਕਰਨਾ ਚਾਹੀਦਾ ਹੈ।

**ਸ੍ਰੀ ਸੰਦੀਪ ਜਾਖੜ**: ਸਰ, ਮੈਂ ਕਹਿ ਰਿਹਾ ਸੀ ਕਿ ਤੁਸੀਂ ਬਹੁਤ ਵਧੀਆ ਪੁਆਇੰਟ ਰੇਜ਼ ਕੀਤਾ ਹੈ ਤੇ ਉਸ ਦੇ ਨਾਲ ਨਾਲ ਜਿਹੜੀ ਡਿਲੇਅ ਹੁੰਦੀ ਹੈ, ਉਹ ਪੁਆਇੰਟ ਆਫ ਸੇਲ ਮਸ਼ੀਨਾਂ ਮਹਿਕਮੇ ਨੂੰ ਜ਼ਿਆਦਾ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਡਿਲੇਅ ਨਾ ਹੋਵੇ।

**ਮਾਣਯੋਗ ਸਪੀਕਰ**: ਹਾਂ, ਜਿਹੜੀ POS ਮਸ਼ੀਨ ਹੈ।

**ਮੰਤਰੀ**: ਹਾਂ ਜੀ, ਸਪੀਕਰ ਸਾਹਿਬ ਮੈਂ ਕਲੀਅਰ ਕਰ ਦਿੰਦਾ ਹਾਂ ਕਿ ਪੰਜਾਬ ਵਿੱਚ ਲਗਭਗ 14000 ਡਿਪੂ ਹਨ ਅਤੇ ਸਾਰੇ ਡਿਪੂਆਂ ਤੇ ਹੀ ਸਾਡੇ ਕੋਲ E-PoS ਮਸ਼ੀਨਾਂ ਹਨ। ਇਕੱਲੇ ਇਕੱਲੇ ਡਿਪੂ ਤੇ ਮਸ਼ੀਨਾਂ ਹਨ। ਹੁਣ ਦੁਬਾਰਾ 4400 ਡਿਪੂ ਪੰਜਾਬ ਵਿੱਚ ਵੰਡੇ ਗਏ ਹਨ ਅਤੇ ਕੁਝ ਹੋਰ ਵੀ ਅਜੇ ਪਾਈਪਲਾਈਨ ਵਿੱਚ ਹਨ। ਸੋ, ਹੁਣ ਇਸ ਨਾਲ ਇੱਕ ਤਾਂ ਪੁਰਾਣੇ ਡਿਪੂਆਂ ਤੋਂ ਭਾਰ ਘੱਟ ਜਾਣਾ ਹੈ। ਜੇ ਕਿਸੇ ਕੋਲ 300, 400 ਕਾਰਡ ਸੀ ਤਾਂ ਉਹ ਅੱਧੇ ਅੱਧੇ ਹੋ ਜਾਣੇ ਹਨ। ਨਵੇਂ ਡਿਪੂਆਂ ਨੂੰ

ਅਸੀਂ ਗਾਈਡਲਾਈਨ ਵੀ ਇਸ ਢੰਗ ਨਾਲ ਦਿੱਤੀਆਂ ਹਨ ਕਿ ਸਾਡੀ ਕੋਸ਼ਿਸ਼ ਹੈ ਕਿ ਜਿਹੜਾ ਸਾਡਾ ਲਾਭਪਾਤਰੀ ਹੈ, ਉਸ ਨੂੰ ਡਿਪੂ ਤੋਂ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਾ ਆਵੇ। ਅਸੀਂ ਇਲੈਕਟ੍ਰੋਨਿਕ ਕੰਢੇ ਵੀ ਡਿਪੂਆਂ ਨੂੰ ਦਿੱਤੇ ਹੋਏ ਹਨ।

**ਮਾਣਯੋਗ ਸਪੀਕਰ**: ਕੀ ਜਿਹੜੀ POS ਮਸ਼ੀਨ ਹੈ, ਕੀ ਉਹ ਇੰਟਰਚੇਂਜੇਬਲ ਹੈ ਕਿ ਇੱਕ ਡਿਪੂ ਵਾਲਾ ਦੂਜੇ ਡਿਪੂ ਵਾਲੇ ਦੀ ਮਸ਼ੀਨ ਯੂਜ਼ ਕਰ ਸਕਦਾ ਹੈ?

**ਮੰਤਰੀ:** ਨਹੀਂ ਜੀ ਨਹੀਂ। ਸਾਰੇ ਡਿਪੂਆਂ ਤੇ ਇਕੱਲੇ ਇਕੱਲੇ ਕੋਲ ਹੈ। ਸਾਡੇ ਕੋਲ ਰਿਕਾਰਡ ਹੈ ਜੀ।

**ਮਾਣਯੋਗ ਸਪੀਕਰ**: ਨਹੀਂ ਨਹੀਂ। ਇਕੱਲੇ ਇਕੱਲੇ ਡਿਪੂ ਕੋਲ ਮਸ਼ੀਨ ਤਾਂ ਹੈ ਪਰ ਮੈਂ ਇਹ ਕਹਿ ਰਿਹਾ ਹਾਂ ਕਿ ਮੰਨ ਲਓ ਏ ਡਿਪੂ ਨੇ ਵੰਡਣੀ ਸ਼ੁਰੂ ਕਰ ਦਿੱਤੀ ਤੇ ਬੀ ਡਿਪੂ ਵਾਲਾ ਅੱਜ ਨਹੀਂ ਵੰਡ ਰਿਹਾ ਤਾਂ ਕੀ ਬੀ ਡਿਪੂ ਵਾਲੇ ਦੀ ਮਸ਼ੀਨ ਏ ਡਿਪੂ ਵਾਲੇ ਕੋਲ ਯੂਜ਼ ਕਰਵਾ ਲਈਏ ਤਾਂ ਲੋਕਾਂ ਦਾ ਵੇਟਿੰਗ ਟਾਈਮ ਘੱਟ ਜਾਵੇਗਾ। My concern is waiting time.

**ਮੰਤਰੀ**: ਕਰ ਲੈਂਦੇ ਹਾਂ, ਕੋਈ ਗੱਲ ਨਹੀਂ। ਰਾਈਟ, ਰਾਈਟ।

**ਮਾਣਯੋਗ ਸਪੀਕਰ**: ਧੰਨਵਾਦ, ਸੇਖੋਂ ਸਾਹਿਬ, ਤੁਸੀਂ ਬਹੁਤ ਵਧੀਆ ਪ੍ਰਸ਼ਨ ਕੀਤਾ ਹੈ।

---------

## ਫਲੈਟ ਧਾਰਕਾਂ ਦਾ ਸੀਵਰੇਜ ਅਤੇ ਪਾਣੀ ਦਾ ਬਿਲ ਮੁਆਫ ਕਰਨ

***1961. ਸਰਦਾਰ ਕੁਲਵੰਤ ਸਿੰਘ ਸਿੱਧੂ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹਿਰਾਂ ਵਿੱਚ 125 ਗਜ਼ ਤੋਂ ਘੱਟ ਏਰੀਆ ਦੇ ਮਕਾਨਾਂ ਦੇ ਸੀਵਰੇਜ ਤੇ ਪਾਣੀ ਸਪਲਾਈ ਦਾ ਬਿੱਲ ਸਰਕਾਰ ਵੱਲੋਂ ਮੁਆਫ਼ ਹੈ, ਜਦਕਿ ਫਲੈਟਾਂ (ਜਿਸ ਵਿੱਚ ਫਲੈਟ ਧਾਰਕਾਂ ਕੋਲ ਆਪਣੀ ਜ਼ਮੀਨ ਤੇ ਛੱਤ ਨਹੀਂ ਹੈ, ਕੇਵਲ ਸਿੰਗਲ ਫਲੋਰ ਹੈ) ਤੇ ਸੀਵਰੇਜ ਤੇ ਪਾਣੀ ਬਿੱਲ ਵਸੂਲ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਫਲੈਟ ਧਾਰਕਾਂ ਦਾ ਬਿੱਲ ਮੁਆਫ਼ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ:** ਨਹੀਂ ਜੀ। 125 ਗਜ਼ ਤੋਂ ਘੱਟ ਦੇ ਫਲੈਟ ਧਾਰਕਾਂ ਨੂੰ ਪਾਣੀ ਅਤੇ ਸੀਵਰੇਜ ਦੇ ਬਿੱਲਾਂ ਤੋਂ ਛੋਟ ਸਬੰਧੀ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਮਾਣਯੋਗ ਸਪੀਕਰ :** ਸਿੱਧੂ ਸਾਹਿਬ, ਅੱਜ ਤੁਹਾਡੀ ਆਵਾਜ਼ ਘੱਟ ਆ ਰਹੀ ਹੈ।

**ਸਰਦਾਰ ਕੁਲਵੰਤ ਸਿੰਘ ਸਿੱਧੂ** : ਮੇਰਾ ਮਾਈਕ ਬੰਦ ਹੈ ਜੀ।

**ਮਾਣਯੋਗ ਸਪੀਕਰ**: ਤੁਹਾਡੀ ਤਾਂ ਆਵਾਜ਼ ਵਿੱਚ ਦਮ ਬਹੁਤ ਹੈ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ**: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।। ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਆਤਮ ਨਗਰ ਵਿੱਚ ਡੁਗਰੀ ਫੇਜ਼ ਵਿਖੇ 240 ਫਲੈਟ ਡਬਲ ਸਟੋਰੀ ਹਨ।

**1030/Sukhpiar Singh**

ਜਿਨ੍ਹਾਂ ਦਾ ਰਕਬਾ ਸਿਰਫ 89 ਗਜ਼ ਹੈ, ਜਦੋਂ ਉਨ੍ਹਾਂ ਤੋਂ ਸੀਵਰੇਜ ਅਤੇ ਪਾਣੀ ਦੇ ਬਿਲ ਮੰਗੇ ਗਏ ਕਿਉਂਕਿ ਪੰਜਾਬ ਸਰਕਾਰ ਵੱਲੋਂ 125 ਗਜ਼ ਤੱਕ ਦੇ ਸੀਵਰੇਜ ਅਤੇ ਪਾਣੀ ਦੇ ਬਿਲ ਮੁਆਫ ਹਨ। ਉਨ੍ਹਾਂ ਨੇ ਕਿਹਾ ਕਿ ਜੇ ਬਾਕੀ ਲੋਕਾਂ ਨੂੰ ਮੁਆਫ ਹਨ ਤਾਂ ਫਿਰ ਫਲੈਟਧਾਰਕਾਂ ਨੂੰ ਕਿਉਂ ਨਹੀਂ ਹਨ? ਇਹ ਫਲੈਟ ਉਦੋਂ ਗਲਾਡਾ ਅਧੀਨ ਸੀ ਅਤੇ ਬਾਅਦ ਵਿੱਚ ਕਾਰਪੋਰੇਸ਼ਨ ਨੂੰ ਹੈਂਡਓਵਰ ਹੋ ਗਏ ਸੀ। ਉਨ੍ਹਾਂ ਨੇ ਫਿਰ ਗਲਾਡਾ ਦੇ ਅਧਿਕਾਰੀਆਂ ਨੂੰ ਲਿਖਿਆ ਕਿ ਸਾਡਾ ਰਕਬਾ ਦੱਸਿਆ ਜਾਵੇ। ਉਨ੍ਹਾਂ ਨੇ ਆਪਣੀ ਰਿਪੋਰਟ ਵਿੱਚ ਕਲੀਅਰ ਕੀਤਾ ਕਿ ਇਹ ਰਕਬਾ 89 ਗਜ਼ ਹੈ, ਡਬਲ ਸਟੋਰੀ ਹੈ ਕਿਉਂਕਿ ਉੱਪਰਲੇ ਕੋਲ ਛੱਤ ਨਹੀਂ ਹੈ ਅਤੇ ਥੱਲੇ ਵਾਲੇ ਕੋਲ ਧਰਤੀ ਨਹੀਂ ਹੈ। ਉਸ ਤੋਂ ਬਾਅਦ ਉਨ੍ਹਾਂ ਨੇ ਇਹ ਪੁਕਾਰ ਹਾਊਸ ਵਿੱਚ ਕੀਤੀ ਅਤੇ ਉਸ ਸਮੇਂ ਦੇ ਕੌਂਸਲਰ ਨੇ ਸਾਲ 2012 ਵਿੱਚ ਹਾਊਸ ਨੇ ਵੀ ਪਾਸ ਕੀਤਾ ਕਿ ਇਹ ਵਾਕਿਆ ਹੀ 89 ਗਜ਼ ਰਕਬਾ ਹੈ, ਉਹ ਮੰਨਣਾ ਚਾਹੀਦਾ ਹੈ। ਇਸ ਤੋਂ ਬਾਅਦ ਕਿਉਂਕਿ ਪੰਜਾਬੀ ਬੰਦੇ ਆਪਣੇ ਹੱਕ ਲਈ ਲੜਨਾ ਜਾਣਦੇ ਹਨ, ਸਪੈਸ਼ਲ ਕਰਕੇ ਆਤਮਨਗਰ ਦੇ ਲੋਕ, ਫਿਰ ਉਹ ਕੋਰਟ ਵਿੱਚ ਗਏ। ਕੋਰਟ ਨੇ ਕਾਰਪੋਰੇਸ਼ਨ ਦੇ ਕਮਿਸ਼ਨਰ ਨੂੰ ਲਿਖਿਆ ਕਿ ਇਨ੍ਹਾਂ ਨਾਲ ਇਹ ਬੇਇਨਸਾਫੀ ਕਿਉਂ ਹੈ? ਫਿਰ ਕੋਰਟ ਨੇ ਹਦਾਇਤ ਕੀਤੀ ਹੋਈ ਹੈ। ਮੈਨੂੰ ਲੱਗਦਾ ਹੈ ਕਿ ਮਾਣਯੋਗ ਮੰਤਰੀ ਸਾਹਿਬਾਨ ਨੂੰ ਅਧਿਕਾਰੀਆਂ ਨੇ ਸੂਚਿਤ ਨਹੀਂ ਕੀਤਾ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ, ਸਵਾਲ।

**ਸਰਦਾਰ ਕੁਲਵੰਤ ਸਿੰਘ ਸਿੱਧੂ:** ਸਵਾਲ ਹੀ ਹੈ ਜੀ। ਸਵਾਲ ਹੈ ਕਿ ਉਨ੍ਹਾਂ ਦੇ ਹੱਕ ਕਿਉਂ ਨਹੀਂ ਦਿੱਤੇ ਜਾ ਰਹੇ ਹਨ? ਜਦੋਂ 89 ਗਜ਼ ਕਲੀਅਰ ਹੋ ਚੁੱਕਾ ਹੈ ਤਾਂ ਫਿਰ ਉਨ੍ਹਾਂ ਨੂੰ ਮੁਆਫ ਕਰਨੇ ਬਣਦੇ ਹਨ।

**ਮਾਣਯੋਗ ਸਪੀਕਰ:** ਸਿੱਧੂ ਸਾਹਿਬ ਕਹਿੰਦੇ ਹਨ ਕਿ ਕੀ ਹੱਕ ਦਿਓਗੇ?

**ਮੰਤਰੀ:** ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਮਾਣਯੋਗ ਵਿਧਾਇਕ ਸਾਹਿਬ ਨੇ ਇੱਕ ਜੈਨੇਰਿਕ ਕੁਐਸਚਨ ਪੁੱਛਿਆ ਹੈ। ਅਗਰ ਇਹ ਸਪੈਸੇਫਿਕ ਇੱਕ ਘਟਨਾ ਦਾ ਜ਼ਿਕਰ ਕਰ ਰਹੇ ਹਨ ਜਾਂ ਕਿਸੇ ਸੁਸਾਇਟੀ ਦਾ ਜਿਸ ਦਾ ਆਲਰੇਡੀ ਚੱਲ ਰਿਹਾ ਹੋਵੇ, ਹਾਊਸ ਨੇ ਮਤਾ ਕੀਤਾ ਹੋਵੇ। ਇਹ ਮੈਨੂੰ ਉਸ ਦੀ ਡਿਟੇਲ ਦੇ ਦੇਣ, ਮੈਂ ਕਰਵਾ ਲੈਂਦਾ ਹੈ। ਇਨ੍ਹਾਂ

ਦਾ ਪ੍ਰਸ਼ਨ ਜੈਨੇਰਕਿ ਸੀ ਕਿ ਸ਼ਹਿਰਾਂ ਵਿੱਚ 125 ਗਜ਼ ਤਾਂ ਮੈਂ ਉਸ ਦਾ ਜਵਾਬ ਦਿੱਤਾ ਹੈ। ਉਸ ਲਈ ਮਾਣਯੋਗ ਵਿਧਾਇਕ ਸਾਹਿਬਾਨ ਸਾਨੂੰ ਲਿਖ ਸਕਦੇ ਹਨ, ਅਸੀਂ ਮੁੱਖ ਮੰਤਰੀ ਸਾਹਿਬ ਨੂੰ ਫਾਰਵਰਡ ਕਰ ਦੇਵਾਂਗੇ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਚਲੋ ਮੁਆਫ ਤਾਂ ਤੁਸੀਂ ਕਰਵਾ ਹੀ ਲੈਣੇ ਹਨ। ਇਨ੍ਹਾਂ ਦੀ ਸਫਾਈ ਵੀ ਕਰਵਾ ਲਿਆ ਕਰੋ। ਸੀਵਰ ਦੀ ਇਸ ਵਾਰ ਸਰਕਾਰ ਨੇ ਸਾਰੇ ਪੰਜਾਬ ਦੇ ਸ਼ਹਿਰਾਂ ਵਿੱਚ ਬਹੁਤ ਵਧੀਆ ਤਰੀਕੇ ਨਾਲ ਸਫਾਈ ਕੀਤੀ ਹੈ।

**ਸਰਦਾਰ ਕੁਲਵੰਤ ਸਿੰਘ ਸਿੱਧੂ:** ਬੇਨਤੀ ਕਰਦਾ ਹਾਂ ਕਿ ਮੰਤਰੀ ਸਾਹਿਬ ਹਲਕਾ ਆਤਮਨਗਰ ਵਿੱਚ ਜਿਵੇਂ ਮਾਣਯੋਗ ਸਪੀਕਰ ਸਾਹਿਬ ਨੇ ਕਿਹਾ ਹੈ ਕਿ ਸਫਾਈ ਕਰਵਾ ਦਿਉ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ।

---------

## ਨਿਸ਼ਾਨ ਵਾਲਾ ਪ੍ਰਸ਼ਨ ਨੰ. 1986

(ਸਬੰਧਤ ਮੈਂਬਰ ਸਾਹਿਬ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) (ਬੈਠੇ-ਬੈਠੇ):** ਬਾਹਰ ਮੀਡੀਆ ਤੋਂ ਹਾਜ਼ਰੀ ਲਗਵਾ ਰਹੇ ਹਨ।

**ਮਾਣਯੋਗ ਸਪੀਕਰ:** ਵੈਸੇ ਮੈਨੂੰ ਲੱਗਦਾ ਹੈ ਕਿ ਕੁਐਸਚਨ ਆਵਰ ਵਿੱਚ ਆਪਾਂ ਸਾਰਿਆਂ ਨੂੰ ਹਾਜ਼ਰ ਰਹਿਣਾ ਚਾਹੀਦਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲਣ ਲੱਗ ਪਏ ਜਿਸ ਕਾਰਨ ਸਦਨ ਵਿੱਚ ਸ਼ੋਰ ਸੀ।)

**ਮਾਣਯੋਗ ਸਪੀਕਰ:** ਕਾਲਾ ਢਿੱਲੋਂ ਜੀ ਤੁਸੀਂ ਬੈਠੋ ਪਲੀਜ਼। (ਵਿਘਨ) (ਸ਼ੋਰ) ਤੁਸੀਂ ਤਹਿਜ਼ੀਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇੱਕ ਮਿੰਟ ਬੈਠੋ ਜੀ, ਬੈਠੋ ਜੀ ਬੈਠੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ (ਕਲਸੀ) ਆਪਣੀ ਸੀਟ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨਾਲ ਤਿੱਖੀ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਸ਼ੈਰੀ ਜੀ, ਬੈਠੋ। (ਵਿਘਨ) (ਸ਼ੋਰ) ਸ਼ੈਰੀ ਜੀ ਬੈਠੇ, ਬੈਠੋ। ਸ਼ੈਰੀ ਜੀ ਬੈਠੋ ਜੀ। (ਵਿਘਨ) (ਸ਼ੋਰ) ਸ਼ੈਰੀ ਜੀ ਬੈਠੋ, ਕਾਲਾ ਜੀ, ਇੱਕ ਮਿੰਟ। ਢਿੱਲੋਂ ਸਾਹਿਬ (ਗੇਵਲ ਮਾਰਦੇ ਹੋਏ), ਆਪਾਂ ਕੁਐਸਚਨ ਆਵਰ ਅੱਗੇ ਚਲਾਈਏ। ਕਾਲਾ ਜੀ, ਤੁਸੀਂ ਮੇਰੇ ਕੋਲ ਸੈਸ਼ਨ ਤੋਂ ਬਾਅਦ ਆਇਓ, I will show you ਕਿ ਤੁਸੀਂ ਕਿੰਨੀ ਵਾਰ ਬੋਲੇ ਹੋ, ਕਿੰਨੀ ਵਾਰ ਤੁਹਾਡਾ ਕੁਐਸਚਨ ਲੱਗਾ ਹੈ, ਮੇਰਾ ਖਿਆਲ ਹੈ ਕਿ ਤੁਸੀਂ first timer ਹੋ, ਇਸ ਕਰਕੇ soft corner ਰੱਖਦੇ ਹੋਏ ਤੁਹਾਡੇ ਕੁਐਸਚਨ ਵੀ ਵੱਧ ਲੱਗਦੇ ਹਨ। ਠੀਕ ਹੈ, ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਜਦੋਂ ਜੋ ਮੂੰਹ ਵਿੱਚ ਆਇਆ, ਉਹ ਬੋਲ ਦਿਉ। ਪਲੀਜ਼ ਬੈਠੋ।

---------

## ਪੱਤੀ ਸ਼ਾਮਲਾਟ ਜ਼ਮੀਨਾਂ ਦੀ ਮਾਲਕੀ ਕਾਬਜ਼ ਲੋਕਾਂ ਦੇ ਨਾਮ ਕਰਨਾ

***1958. ਸਰਦਾਰ ਜਗਰੂਪ ਸਿੰਘ ਗਿੱਲ:** ਕੀ ਸਥਾਨਕ ਸਰਕਾਰ, ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਠਿੰਡਾ ਦੀ ਪੱਤੀ ਸ਼ਾਮਲਾਟ ਦੀ ਜ਼ਮੀਨ, ਜੋ ਕਿ ਪੱਤੀ ਹਿੱਸੇਦਾਰਾ ਦੀ ਮਾਲਕੀ ਹੁੰਦੀ ਹੈ, ਨੂੰ ਕਾਬਜ਼ ਲੋਕਾਂ ਦੇ ਨਾਮ ਕਰਨ ਦੀ ਤਜਵੀਜ਼ ਬਣਾਉਣ ਲਈ ਸਰਕਾਰ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਗਿਆ ਸੀ? ਜੇਕਰ ਅਜਿਹਾ ਹੋਵੇ ਤਾਂ ਕੀ ਇਹ ਤਜਵੀਜ਼ ਬਣ ਚੁੱਕੀ ਹੈ ਅਤੇ ਕਦੋਂ ਤੱਕ ਇਹ ਲਾਗੂ ਕਰਕੇ ਲੋਕਾਂ ਨੂੰ ਮਾਲਕੀ ਹੱਕ ਦੇ ਦਿੱਤੇ ਜਾਣਗੇ?

**ਸਰਦਾਰ ਹਰਜੋਤ ਸਿੰਘ ਬੈਂਸ:** ਜੀ ਨਹੀਂ। ਬਠਿੰਡਾ ਦੀ ਪੱਤੀ ਸ਼ਾਮਲਾਟ ਦੀ ਜ਼ਮੀਨ, ਜੋ ਕਿ ਪੱਤੀ ਹਿੱਸੇਦਾਰਾ ਦੀ ਮਾਲਕੀ ਹੁੰਦੀ ਹੈ, ਨੂੰ ਕਾਬਜ਼ ਲੋਕਾਂ ਦੇ ਨਾਮ ਕਰਨ ਦੀ ਤਜਵੀਜ਼ ਬਣਾਉਣ ਲਈ ਨਗਰ ਨਿਗਮ ਬਠਿੰਡਾ ਨੂੰ ਨਹੀ ਕਿਹਾ ਗਿਆ।

ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਕੀ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਤੋਂ ਕੋਈ ਇਸ ਤਰ੍ਹਾਂ ਦਾ ਪਰਪੋਜ਼ਲ ਮੰਗਿਆ ਗਿਆ ਸੀ ਜਿਸ ਵਿੱਚ ਸ਼ਾਮਲਾਤ ਜ਼ਮੀਨਾਂ ਲੋਕਾਂ ਨੂੰ ਦੇਣ ਬਾਰੇ, ਮਿਉਂਪਿਸਲ ਕਾਰਪੋਰੇਸ਼ਨ, ਬਠਿੰਡਾ ਨਾਲ ਸਬੰਧਤ ਹੈ। ਇਸ ਤਰ੍ਹਾਂ ਦਾ ਕੋਈ ਵੀ ਪਰਪੋਜ਼ਲ ਨਹੀਂ ਮੰਗਿਆ ਗਿਆ।

**ਮਾਣਯੋਗ ਸਪੀਕਰ**: ਦੇਖੋ ਤੁਹਾਨੂੰ ਕਿੰਨੇ ਪਿਆਰ ਨਾਲ ਨਾਂਹ ਕੀਤੀ ਹੈ। ਨਾਂਹ ਵੀ ਹਾਂ ਵਰਗੀ ਹੈ।

**ਸਰਦਾਰ ਜਗਰੂਪ ਸਿੰਘ ਗਿੱਲ:** ਮੁੱਖ ਮੰਤਰੀ ਸਾਹਿਬ ਬਠਿੰਡਾ ਆਡੀਟੋਰੀਅਮ ਵਿੱਚ ਲੋਕ ਮਿਲਣੀ ਵਿੱਚ ਗਏ ਸੀ ਅਤੇ ਉੱਥੇ ਉਨ੍ਹਾਂ ਲੋਕਾਂ ਨੇ ਮੁੱਖ ਮੰਤਰੀ ਜੀ ਅੱਗੇ ਬੇਨਤੀ ਕੀਤੀ ਸੀ ਜਿਹੜੇ ਉੱਥੇ ਕਾਬਜ਼ ਸੀ। ਲਗਭਗ 5 ਹਜ਼ਾਰ ਘਰ ਸ਼ਾਮਲਾਤ ਜ਼ਮੀਨਾਂ ਉੱਤੇ ਮਕਾਨ ਪਾ ਕੇ ਰਹਿ ਰਿਹਾ ਹੈ।

**1035/Manika Rani**

ਉਨ੍ਹਾਂ ਨੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੂੰ ਪਾਲਿਸੀ ਤਿਆਰ ਕਰਨ ਵਾਸਤੇ ਹਦਾਇਤ ਕੀਤੀ ਸੀ। ਸਪੀਕਰ ਸਾਹਿਬ, ਮੈਂ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਮੰਤਰੀ ਸਾਹਿਬ ਤੋਂ ਪੁੱਛਣਾ ਵੀ ਚਾਹੁੰਦਾ ਹਾਂ ਕਿ ਕੀ ਸਰਕਾਰ ਨੂੰ ਇਸ ਗੱਲ ਦਾ ਗਿਆਨ ਹੈ ਕਿ ਸੁਪਰੀਮ ਕੋਰਟ ਨੇ 2022 ਦਾ ਫੈਸਲਾ ਰੀਵਿਊ ਕਰਦੇ ਹੋਏ ਵਾਪਸ ਲੈ ਕੇ State of Haryana Vs Jai Singh 2025 INSC 1122 Dated 16.09.2025 ਕਿਹਾ ਗਿਆ ਹੈ ਕਿ ਮੁਰਬਾਬੰਦੀ ਸਮੇਂ ਪਾਈ ਗਈ ਜ਼ਮੀਨ, ਜੋ ਸਾਂਝੇ ਮੰਤਵ ਲਈ ਰਾਖਵੀਂ ਨਹੀਂ ਹੋਈ ਅਤੇ ਜਿਸ ਦਾ ਕਬਜ਼ਾ ਕਦੇ ਪੰਚਾਇਤ ਸਰਕਾਰ ਨੂੰ ਨਹੀਂ ਗਿਆ ਹੈ ਅਤੇ ਮਾਲਕਾਂ ਦੇ ਅਧੀਨ ਹੀ ਰਹਿੰਦੀ ਹੈ ਪਰੰਤੂ ਸੂਬੇ ਦੇ ਸ਼ਹਿਰਾਂ ਵਿੱਚ ਅਜਿਹੀਆਂ ਜ਼ਮੀਨਾਂ ਜਿਨ੍ਹਾਂ ਦਾ ਕਬਜ਼ਾ ਕਦੇ ਵੀ ਪੰਚਾਇਤ ਜਾਂ ਸ਼ਹਿਰੀ ਸੰਸਥਾਵਾਂ ਦੇ ਕੋਲ ਨਹੀਂ ਰਿਹਾ ਹੈ, ਦੇ ਇੰਤਕਾਲ ਇਸ ਕਾਨੂੰਨ ਦੇ ਵਿਰੁੱਧ ਅਜੇ ਵੀ ਉਨ੍ਹਾਂ ਦੇ ਨਾਮ ਤੇ ਚੱਲ ਰਹੇ ਹਨ। ਜਦੋਂ ਕਿ ਉਥੇ ਗਰੀਬ ਪਰਿਵਾਰ ਹਜ਼ਾਰਾਂ ਦਹਾਕਿਆਂ ਤੋਂ ਮਕਾਨ ਬਣਾ ਕੇ ਰਹਿ ਰਹੇ ਹਨ। ਹਰਿਆਣਾ ਇਸ ਦਾ ਪਾਰਟ ਦੂਜਾ ਹੈ ਕਿਉਂਕਿ ਹਰਿਆਣਾ ਸਰਕਾਰ ਵੱਲੋਂ ਅਜਿਹੇ ਵਸਨੀਕਾਂ ਨੂੰ ਰਾਹਤ ਦੇਣ ਲਈ ਐਕਟ 19/2024 ਅਤੇ 5/2025 ਰਾਹੀਂ ਨੀਤੀ ਲਿਆਂਦੀ ਹੈ, ਜਿਸ ਦੇ ਅਧੀਨ 31.03.2024 ਤੋਂ ਪਹਿਲਾਂ ਸ਼ਾਮਲਾਟ ਤੇ ਬਣੇ 500 ਵਰਗ ਗਜ਼ ਤੱਕ ਦੇ ਮਕਾਨ ਵਾਲੇ ਵਸਨੀਕਾਂ ਨੂੰ ਨਿਯਮਤ ਕੀਤਾ ਜਾ ਰਿਹਾ ਹੈ। ਕੀ ਪੰਜਾਬ ਸਰਕਾਰ ਵੀ ਇਸੇ ਤਰਜ਼ ਤੇ ਕੋਈ ਨੀਤੀ ਲਿਆਉਣ ਲਈ ਵਿਚਾਰ ਰੱਖਦੀ ਹੈ, ਜਿਸ ਅਧੀਨ ਅਜਿਹੇ ਗਲਤ ਇੰਤਕਾਲ ਵਿਭਾਗੀ ਪੱਧਰ ਤੇ ਆਪਣੇ ਆਪ ਦਰੁਸਤ ਹੋਣ ਅਤੇ ਸ਼ਾਮਲਾਟ ਜ਼ਮੀਨ ਤੇ ਰਹਿਣ ਵਾਲੇ ਵਸਨੀਕਾਂ ਦੇ ਮਕਾਨ ਨਿਯਮਤ ਕੀਤੇ ਜਾਣ ਤਾਂ ਜੋ ਹਰ ਵਿਅਕਤੀ ਨੂੰ ਰਿਕਾਰਡ ਦਰੁਸਤ ਕਰਵਾਉਣ ਲਈ ਵੱਖ ਵੱਖ ਅਦਾਲਤੀ ਕੇਸ ਨਾ ਕਰਨੇ ਪੈਣ ਅਤੇ ਸਰਕਾਰ ਵਿਰੁੱਧ ਬੇਲੋੜੀ ਮੁਕੱਦਮੇਬਾਜ਼ੀ ਨਾ ਕਰਨੀ ਪਵੇ। ਜੇਕਰ ਹਾਂ ਤਾਂ ਕਦੋਂ ਤੱਕ, ਜੇਕਰ ਨਹੀਂ ਤਾਂ ਕਿਉਂ? ਬਠਿੰਡਾ ਵਿਖੇ ਜਿਹੜੀ ਕਾਰਪੋਰੇਸ਼ਨ ਹੈ, ਇਸ ਦੇ ਨਾਂ ਟਰਾਂਸਫਰ ਹੋਈ ਲੈਂਡ ਘੱਟੋ-ਘੱਟ ਦੋ ਹਜ਼ਾਰ ਵਿਘਾ ਕੱਚੀ ਜ਼ਮੀਨ ਹੈ ਔਰ ਉਹ ਸਿਰਫ ਡਿਪਟੀ ਕਮਿਸ਼ਨਰ ਵੱਲੋਂ ਇੱਕ ਨਗਰ ਨਿਗਮ ਨੂੰ ਚਿੱਠੀ ਲਿਖ ਕੇ ਟਰਾਂਸਫਰ ਕਰ ਦਿੱਤੀ ਗਈ ਸੀ ਅਤੇ ਉਸ ਉੱਤੇ ਵੀ ਸਿਵਲ ਕੇਸ ਹੋਏ ਹਨ, ਜਿਸ ਵਿੱਚ ਕਾਰਪੋਰੇਸ਼ਨ ਦੋ-ਤਿੰਨ ਕੇਸਾਂ ਵਿੱਚ ਕੇਸ ਹਾਰ ਚੁੱਕੀ ਹੈ। ਮੇਰੀ ਬੇਨਤੀ ਹੈ ਅਤੇ ਮੈਂ ਸਰਕਾਰ ਨੂੰ ਮੰਤਰੀ ਜੀ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਠਿੰਡੇ ਦੇ ਲੋਕਾਂ ਨੂੰ ਇਸ ਤੋਂ ਨਿਜ਼ਾਤ ਦਿਵਾਈ ਜਾਵੇਗੀ ਔਰ ਜਿਹੜੀ ਸ਼ਾਮਲਾਟ ਜ਼ਮੀਨ ਹੈ, ਕੀ ਉਹ ਲੋਕਾਂ ਦੇ ਨਾਂ ਤੇ ਮਲਕੀਅਤ ਦੇ ਤੌਰ ਤੇ ਤਬਦੀਲ ਕੀਤੀ ਜਾਵੇਗੀ?

**ਮਾਣਯੋਗ ਸਪੀਕਰ:** ਮੰਤਰੀ ਜੀ, ਇਨ੍ਹਾਂ ਨੇ ਕਿੰਨੇ ਪਿਆਰ ਨਾਲ ਕਿਹਾ ਹੈ, ਤੁਸੀਂ ਮੰਨ ਜੋ।

**ਮੰਤਰੀ:** ਜੀ, ਜੀ। ਮਾਣਯੋਗ ਮੈਂਬਰ, ਸਰਦਾਰ ਜਗਰੂਪ ਸਿੰਘ ਗਿੱਲ ਜੀ, ਮੈਂ ਬਹੁਤ ਹੀ ਸਤਿਕਾਰਯੋਗ ਅੰਕਲ ਜੀ ਹਨ ਅਤੇ ਮੇਰਾ ਇਨ੍ਹਾਂ ਨਾਲ ਨਿੱਜੀ ਪਿਆਰ ਵੀ ਹੈ। ਮੇਰੇ ਕੋਲ ਇਹ ਵਿਭਾਗ ਪਿਛਲੇ ਦੋ ਮਹੀਨੇ ਤੋਂ ਆਇਆ ਹੈ ਕਿਉਂਕਿ ਮੇਰੇ ਕੁਲੀਗ ਜੋ ਇਸ ਸਮੇਂ ਰਾਜਨੀਤਕ ਧੱਕੇਸ਼ਾਹੀ ਦੇ ਸ਼ਿਕਾਰ ਹਨ ਔਰ ਮੈਂ ਉਨ੍ਹਾਂ ਦੀ ਜ਼ਿੰਮੇਵਾਰੀ ਸਾਂਭ ਰਿਹਾ ਹਾਂ। ਗਿੱਲ ਸਾਹਿਬ, ਮੈਂ ਇਸ ਸਬੰਧੀ ਦੱਸ ਦੇਣ ਅਤੇ ਮੈਂ ਇਸ ਨੂੰ ਜ਼ਰੂਰ ਸਟੱਡੀ ਕਰਾਂਗਾ । ਇਹ ਬਿਲਕੁਲ ਸਹੀ ਗੱਲ ਹੈ ਕਿ ਸ਼ਾਮਲਾਟ ਜ਼ਮੀਨਾਂ ਮਾਲਕਾਂ ਦੇ ਨਾਂ ਨਹੀਂ ਹਨ। ਮੈਂ ਪੰਚਾਇਤੀ ਵਿਭਾਗ ਨਾਲ ਮਿਲ ਕੇ ਸਾਡੇ ਇਲਾਕੇ ਦੇ ਸਾਰੇ ਕੰਮ ਕਰ ਦਿੱਤੇ ਹਨ ਪਰ ਸਿਰਫ ਬੇਲੇਆਣੇ ਪਿੰਡ ਦੀ ਜ਼ਮੀਨ ਦਾ ਮਸਲਾ ਪੈਂਡਿੰਗ ਰਹਿੰਦਾ ਹੈ ਕਿਉਂਕਿ ਉਹ ਕਿਸਾਨ ਖੁਦ ਵੀ ਇਹ ਮੰਗ ਕਰ ਰਹੇ ਹਨ। ਮੈਂ ਤਾਂ ਆਪ ਇਨ੍ਹਾਂ ਨਾਲ ਵਕੀਲ ਹਾਂ। ਅਸੀਂ ਇਕੱਠੇ ਹੋ ਕੇ ਕਰਾਂਗਾ ਜੀ। ਸਪੀਕਰ ਸਾਹਿਬ, ਸ਼ਾਮਲਾਟ ਜ਼ਮੀਨਾਂ ਦਾ ਮਸਲਾ ਸਾਰੇ ਪੰਜਾਬ ਦਾ ਹੀ ਹੈ। ਅਸੀਂ ਇਸ ਮਸਲੇ ਸਬੰਧੀ ਲੱਗੇ ਵੀ ਹੋਏ ਹਾਂ। ਇਸ ਤੋਂ ਇਲਾਵਾ ਜਿਹੜਾ ਬਠਿੰਡਾ ਵਾਲਾ ਕੇਸ ਹੈ, ਇਸ ਸਬੰਧੀ ਗਿੱਲ ਸਾਹਿਬ ਮੇਰੇ ਨਾਲ ਡਿਸਕਸ ਕਰ ਲੈਣ। ਮੈਂ ਇਸ ਨੂੰ ਜ਼ਰੂਰ ਕਰਾਂਗਾ।

**ਸਰਦਾਰ ਜਗਰੂਪ ਸਿੰਘ ਗਿੱਲ** : ਮੈਂ ਜ਼ਰੂਰ ਇਨ੍ਹਾਂ ਨਾਲ ਬੈਠਾਂਗਾ ਅਤੇ ਕੋਸ਼ਿਸ਼ ਕਰਾਂਗਾ ਕਿ ਬਠਿੰਡੇ ਦੇ ਲੋਕਾਂ ਦਾ ਇਹ ਬਹੁਤ ਵੱਡਾ ਮਸਲਾ ਹੱਲ ਹੋ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਮੈਂ ਮਾਲ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਜ਼ਮੀਨਾਂ ਕਦੇ ਪੰਚਾਇਤ ਦੇ ਨਾਂ ਹੋਈਆਂ ਹੀ ਨਹੀਂ ਹਨ। ਪਿੰਡਾਂ ਦੀ ਵੀ ਗੱਲ ਕਰ ਲਈਏ ਕਿਉਂਕਿ ਇੱਥੇ ਤਾਂ ਸ਼ਹਿਰ ਦੀ ਗੱਲ ਸੀ। ਜਿਹੜੇ 50-50 ਸਾਲ ਤੋਂ ਸ਼ਾਮਲਾਟ ਜ਼ਮੀਨਾਂ ਵਾਹ ਰਹੇ ਹਨ ਤਾਂ ਆਪਾਂ ਨੂੰ ਕੀ ਹਰਜ਼ ਹੈ, ਜੇਕਰ ਆਪਾਂ ਉਨ੍ਹਾਂ ਦੇ ਨਾਂ ਤੇ ਕਰ ਦਿਆਂਗੇ। ਉਨ੍ਹਾਂ ਨੂੰ ਮਾਲਕ ਬਣਾਉ ਜੀ। ਇਸ ਨੂੰ ਐਕਸਪੀਡਾਈਟ ਕਰੋ ਜੀ। ਜੇਕਰ ਮੰਤਰੀ ਜੀ, ਤੁਸੀਂ ਚਾਹੁੰਦੇ ਹੋ ਤਾਂ ਜਵਾਬ ਦੇ ਸਕਦੇ ਹੋ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ ):** ਠੀਕ ਹੈ, ਸਪੀਕਰ ਸਾਹਿਬ। ਮੈਂ ਅਫਸਰ ਸਾਹਿਬਾਨਾਂ ਨਾਲ ਸਲਾਹ ਕਰਕੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰ ਲਵਾਂਗਾ । ਕਰਵਾ ਦਿੰਦੇ ਹਾਂ ਜੀ।

**ਮਾਣਯੋਗ ਸਪੀਕਰ:** ਕਾਈਂਡਲੀ। ਥੈਂਕਿਊ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੀ ਮੈਂਬਰ, ਸ੍ਰੀਮਤੀ ਸਰਵਜੀਤ ਕੌਰ ਮਾਣੂਕੇ ਆਪਣੀ ਸੀਟ ਤੇ ਖੜ੍ਹੀ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਗਿੱਲ ਸਾਹਿਬ ਨੇ ਕੁਝ ਛੱਡਿਆਂ ਤਾਂ ਨਹੀਂ। ਕੀ ਬਠਿੰਡਾ ਨਾਲ ਸਬੰਧਤ ਸਪਲੀਮੈਂਟਰੀ ਹੈ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ:** ਨਹੀਂ ਜੀ।

**ਮਾਣਯੋਗ ਸਪੀਕਰ:** ਫਿਰ ਰਹਿਣ ਦਿਉ। ਹਾਂ ਜੀ। ਅਗਲਾ ਸਵਾਲ। ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ।

---------

## ਕਮਿਊਨਿਟੀ ਹੈਲਥ ਸੈਂਟਰ ਮਲੌਦ ਵਿਖੇ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ

***1924. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕਮਿਊਨਿਟੀ ਹੈਲਥ ਸੈਂਟਰ (C.H.C) ਮਲੌਦ ਵਿਖੇ ਡਾਕਟਰਾਂ ਦੀਆਂਮੰਨਜ਼ੂਰਸ਼ੁਦਾ ਕੁੱਲ ਕਿੰਨੀਆਂ ਅਸਾਮੀਆਂ ਹਨ, ਉਨ੍ਹਾਂ ਵਿੱਚੋਂ ਇਸ ਸਮੇਂ ਕਿੰਨੀਆਂ ਪੋਸਟਾ ਭਰੀਆਂ ਹੋਈਆਂਹਨਅਤੇਕਿੰਨੀਆਂਖਾਲੀਪਈਆਂਹਨ;

(ਅ) C.H.C. ਮਲੌਦ ਵਿਖੇ ਖਾਲੀ ਪਈਆਂ ਡਾਕਟਰਾਂ ਦੀਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਡਾਕਟਰ ਬਲਬੀਰ ਸਿੰਘ**: ਸ੍ਰੀਮਾਨ ਜੀ,

(ੳ) ਸੀ.ਐਚ.ਸੀ ਮਲੌਦ ਵਿਖੇ ਮੈਡੀਕਲ ਅਫ਼ਸਰ (ਜਨਰਲ) ਦੀਆਂ 02 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜੋ ਕਿ ਭਰੀਆਂ ਹੋਈਆਂ ਹਨ, ਮੈਡੀਕਲ ਸਪੈਸ਼ਲਿਸਟ ਦੀਆਂ 04 ਅਸਾਮੀਆਂ ਮੰਨਜ਼ੂਰਸ਼ੁਦਾ ਹਨ, ਜੋਕਿ ਖਾਲੀ ਹਨ, ਮੈਡੀਕਲ ਅਫ਼ਸਰ (ਡੈਂਟਲ) ਦੀ 01 ਅਸਾਮੀ ਮੰਨਜ਼ੂਰਸ਼ਦਾ ਹੈ, ਜੋਕਿ ਭਰੀ ਹੋਈ ਹੈ। ਸੀ.ਐਚ.ਸੀ ਮਲੌਦ ਅਧੀਨ ਮਿੰਨੀ ਪੀ.ਐਚ.ਸੀ. ਘਵੱਦੀ ਵਿਖੇ ਮੈਡੀਕਲ ਅਫ਼ਸਰ (ਜਨਰਲ) ਦੀ 01 ਅਸਾਮੀ ਮੰਨਜ਼ੂਰਸ਼ੁਦਾ ਹੈ, ਜੋਕਿ ਭਰੀ ਹੋਈ ਹੈ। ਸੀ.ਐਚ.ਸੀ ਮਲੌਦ ਅਧੀਨ ਮਿੰਨੀ ਪੀ.ਐਚ.ਸੀ ਸਿਆੜ ਵਿਖੇ ਮੈਡੀਕਲ ਅਫ਼ਸਰ (ਜਨਰਲ) ਦੀ 01 ਅਸਾਮੀ ਮੰਨਜ਼ੂਰਸ਼ੁਦਾ ਹੈ, ਜੋਕਿ ਭਰੀ ਹੋਈ ਹੈ। ਇਹ ਵੀ ਦੱਸਣਯੋਗ ਹੈ ਕਿ ਸੀ.ਐਚ.ਸੀ. ਮਲੌਦ ਤੋਂ ਸੀ.ਐੱਚ.ਸੀ ਪਾਇਲ ਲਗਭਗ 09 ਕਿਲੋਮੀਟਰ ਦੀ ਦੂਰੀ ਤੇ ਹੈ, ਸੀ.ਐਚ.ਸੀ. ਪਾਇਲ ਵਿਖੇ ਐਮਰਜੈਂਸੀ 24 ਘੰਟੇ ਚੱਲਦੀ ਹੈ। ਸੀ.ਐਚ.ਸੀ ਮਲੌਦ ਦੇ ਨੇੜੇ ਲਗਭਗ 02 ਕਿਲੋਮੀਟਰ ਦੀ ਦੂਰੀ ਤੇ ਆਮ ਆਦਮੀ ਕਲੀਨਿਕ ਸੋਮਲਖੇੜੀ ਮੌਜੂਦ ਹੈ, ਜਿੱਥੋਂ ਆਮ ਆਦਮੀ ਸਿਹਤ ਸਹੂਲਤਾਂ ਪ੍ਰਾਪਤ ਕਰ ਸਕਦਾ ਹੈ।

(ਅ) ਸਾਲ 2023 ਦੌਰਾਨ 271 ਮੈਡੀਕਲ ਅਫ਼ਸਰ (ਸਪੈਸ਼ਲਿਸਟ) ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਇਸ ਤੋਂ ਬਾਅਦ ਸਰਕਾਰ ਵੱਲੋਂ ਮੈਡੀਕਲ ਅਫਸਰਾਂ ਦੀਆਂ ਕੁੱਲ 1940 ਅਸਾਮੀਆਂ ਭਰਨ ਦੀ ਮੰਨਜ਼ੂਰੀ ਜਾਰੀ ਕੀਤੀ ਗਈ ਸੀ। ਜਿਹਨਾਂ ਵਿੱਚੋਂ ਪਹਿਲੇ ਪੜਾਅ ਵਿੱਚ ਸਾਲ 2024 ਦੌਰਾਨ 375 ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ ਅਤੇ ਦੂਜੇ ਪੜਾਅ ਦੌਰਾਨ ਸਾਲ 2025 ਵਿੱਚ 873 ਮੈਡੀਕਲ ਅਫ਼ਸਰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ ਅਤੇ ਜਿਸ ਉਪਰੰਤ ਤੀਜੇ ਪੜਾਅ ਵਿੱਚ ਸਾਲ 2026 ਦੌਰਾਨ ਪੈਂਡਿੰਗ ਡਾਕਟਰਾਂ ਵਿੱਚੋਂ ਅਗਲੇ ਵੇਟਿੰਗ ਸੂਚੀ ਦੇ 177 ਡਾਕਟਰਾਂ ਨੂੰ ਸਾਲ 2026 ਵਿੱਚ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ 630 ਮੈਡੀਕਲ ਅਫ਼ਸਰ (ਜਨਰਲ) ਦੀ

ਭਰਤੀ ਪ੍ਰੀਕ੍ਰਿਆ ਸ਼ੁਰੂ ਕਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਸਾਇੰਸਿਸ ਨੂੰ ਲਿਖਿਆ ਜਾ ਚੁੱਕਾ ਹੈ। ਭਰਤੀ ਪ੍ਰੀਕ੍ਰਿਆ ਪੂਰੀ ਹੋਣ ਤੋਂ ਬਾਅਦ ਖਾਲੀ ਅਸਾਮੀਆਂ ਨੂੰ ਭਰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਮੈਡੀਕਲ ਅਫ਼ਸਰ (ਸਪੈਸ਼ਲਿਸਟ) ਦੀ ਭਰਤੀ ਸਬੰਧੀ 160 ਅਸਾਮੀਆਂ ਜੋ ਕਿ ਲਗਭਗ 01 ਸਾਲ ਤੋਂ ਘੱਟ ਸਮੇਂ ਤੋਂ ਖਾਲੀ ਹਨ ਨੂੰ ਪੀ.ਪੀ.ਐਸ.ਸੀ. ਪਟਿਆਲਾ ਦੇ ਰਾਹੀਂ ਭਰਨ ਸਬੰਧੀ ਕੇਸ ਸਰਕਾਰ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਦੱਸਿਆ ਜਾਂਦਾ ਹੈ ਕਿ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਦੇ ਰਾਹੀਂ ਜਿਲ੍ਹਾ ਹਸਪਤਾਲਾਂ ਅਤੇ ਸਬ-ਡਵੀਜ਼ਨਲ ਹਸਪਤਾਲਾਂ ਵਿੱਚ 300 ਮੈਡੀਕਲ ਅਫ਼ਸਰ (ਸਪੈਸ਼ਲਿਸਟ) ਨੂੰ ਮੁੱਖ ਮਾਹਿਰਤਾ ਵਿੱਚ ਇੰਮਪੈਨਲ ਕਰਨ ਸਬੰਧੀ ਭਰਤੀ ਪ੍ਰੀਕ੍ਰਿਆ ਚੱਲ ਰਹੀ ਹੈ। ਮੈਡੀਕਲ ਅਫ਼ਸਰ (ਜਨਰਲ) ਦੀ ਘਾਟ ਨੂੰ ਪੂਰਾ ਕਰਨ ਲਈ ਸਿਹਤ ਵਿਭਾਗ ਅਧੀਨ ਵੱਖ-ਵੱਖ ਸੰਸਥਾਵਾਂ ਲਈ 523 ਹਾਊਸ ਸਰਜਨ ਦੀ 6 ਮਹੀਨੇ ਲਈ ਰੱਖਣ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਜਿਨ੍ਹਾਂ ਵਿੱਚੋਂ 200 ਹਾਊਸ ਸਰਜਨਾਂ ਵੱਲੋਂ ਡਿਊਟੀ ਜੁਆਇੰਨ ਕੀਤੀ ਜਾ ਚੁੱਕੀ ਹੈ।

ਸਪੀਕਰ ਸਾਹਿਬ, ਸਾਡੇ ਮਾਣਯੋਗ ਮੈਂਬਰ ਸਾਹਿਬ ਦਾ ਬਾਣੀ ਅਤੇ ਗੁਰੂ ਨਾਲ ਪਿਆਰ ਹੈ। ਇਹ ਬੜੇ ਖੁਸ਼ਕਿਸਮਤ ਹਨ ਜੀ।

**ਮਾਣਯੋਗ ਸਪੀਕਰ**: ਇਨ੍ਹਾਂ ਦਾ ਪਿਆਰ ਤੁਹਾਡੇ ਨਾਲ ਵੀ ਹੈ।

**ਮੰਤਰੀ**: ਸਪੀਕਰ ਸਾਹਿਬ, ਇੱਕ ਤਾਂ ਮੈਂ ਖੁਸ਼ਖਬਰੀ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਦੋਰਾਹਾ ਵਿਖੇ ਨਵਾਂ ਸੀ.ਐਚ.ਸੀ. ਬਣਿਆ ਹੈ ਕਿਉਂਕਿ ਉਹ ਹਾਈਵੇਅ ਤੇ ਵੀ ਪੈਂਦਾ ਹੈ, ਉਥੇ JIS Group ਨੇ ਮੈਡੀਕਲ ਕਾਲਜ ਬਣਾਇਆ ਹੈ ਤੇ ਸਾਡਾ ਉਨ੍ਹਾਂ ਨਾਲ ਐਮ.ਓ.ਯੂ. ਵੀ ਹੋ ਗਿਆ ਹੈ। ਸਪੀਕਰ ਸਾਹਿਬ, ਉਥੇ 24x7 ਐਮਰਜੈਂਸੀ ਸਰਵਿਸਿਜ਼ ਅਤੇ ਸੀਜੇਰੀਅਨ ਵੀ ਹੋਣਗੇ। ਅਸੀਂ ਉਥੇ ਲਿਮਟਿਡ ਆਈ.ਸੀ.ਯੂ. ਸਰਵਿਸਿਜ਼ ਵੀ ਦੇਵਾਂਗੇ, ਜਿਸ ਤਰ੍ਹਾਂ ਖੰਨਾ ਵਿਖੇ ਦਿੱਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਜਿਹੜਾ ਇਨ੍ਹਾਂ ਦਾ ਸੀ.ਐਚ.ਸੀ., ਮਲੋਦ ਵਿਖੇ ਹੈ, ਉਹ ਵੀ S.M.O ਸਪੈਸ਼ਲਿਸਟ ਹੈ ਅਤੇ ਅਸੀਂ Gynaecologist ਤੇ Paediatrician ਡਾਕਟਰ ਇਮਪੈਨਲਡ ਕੀਤੇ ਹਨ।

**1040/Gurpreet kaur**

ਦੋ ਮੈਡੀਕਲ ਅਫਸਰਾਂ ਦੀਆਂ ਪੋਸਟਾਂ ਲਈ ਲੱਗੇ ਹੋਏ ਹਾਂ। ਬਾਕੀ ਦਾ ਸਟਾਫ ਵੀ ਹੈ। ਸੀ.ਐਚ.ਸੀ. ਦੇ ਇੰਸਟੀਚਿਊਸ਼ਨਜ਼ ਜ਼ਿਆਦਾ ਹਨ। ਉਸ ਵਿੱਚ 24x7 ਸਾਰੇ ਸਪੈਸ਼ਲਿਸਟ ਵੀ ਹਨ। ਅਸੀਂ ਉੱਥੇ ਵੀ ਸਾਰੀਆਂ ਸੇਵਾਵਾਂ ਦੇ ਰਹੇ ਹਾਂ।

Unedited Version/ Not for Legal/ Official use Dated: Thursday, 6th August, 2026

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਸਪੀਕਰ ਸਾਹਿਬ, ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਇਨ੍ਹਾਂ ਨੇ ਬਹੁਤ ਵਧੀਆ ਤਰੀਕੇ ਨਾਲ ਜਵਾਬ ਦਿੱਤੇ ਹੈ, ਭਾਵੇਂ ਤੋੜ ਮਰੋੜ ਕੇ ਹੀ ਦਿੱਤਾ ਹੈ। 04 ਪੋਸਟਾਂ ਹਨ ਅਤ ਚਾਰ ਹੀ ਖਾਲੀ ਹਨ। ਸਪੈਸ਼ਲਿਸਟਾਂ ਦੀਆਂ ਪੋਸਟਾਂ ਕਦੋਂ ਤੱਕ ਭਰੀਆਂ ਜਾਣਗੀਆਂ? ਇਹ ਵੀ ਦੱਸਿਆ ਜਾਵੇ ਕਿ ਕਦੋਂ ਤੋਂ ਪੋਸਟਾਂ ਖਾਲੀ ਹਨ? ਕਿਹੜੀਆਂ ਕਿਹੜੀਆਂ ਪੋਸਟਾਂ ਹਨ ਅਤੇ ਕਿਹੜੇ ਕਿਹੜੇ ਸਪੈਸ਼ਲਿਸਟ ਆਉਣਗੇ। ਕਹਿੰਦੇ ਹਨ ਕਿ 09 ਕਿਲੋਮੀਟਰ ਤੇ ਪਾਇਲ ਦਾ ਹਸਪਤਾਲ ਹੈ। ਕੀ ਇਹ ਸਿਰਫ ਰੈਫਰ ਹਸਪਤਾਲ ਹੈ ਕਿ ਅਸੀਂ ਮਰੀਜ਼ ਨੂੰ ਪਾਇਲ ਭੇਜ ਦਿਆ ਕਰੀਏ। ਕੀ ਪਾਇਲ ਵਿਖੇ ਸਾਰੀਆਂ ਪੋਸਟਾਂ ਭਰੀਆਂ ਹੋਈਆਂ ਹਨ। ਕੀ ਦੋਰਾਹੇ ਵਿੱਚ ਸਾਰੀਆਂ ਪੋਸਟਾਂ ਭਰੀਆਂ ਹੋਈਆਂ ਹਨ? ਜੇਕਰ ਇਨ੍ਹਾਂ ਚੀਜ਼ਾਂ ਦਾ ਸਹੀ ਤਰੀਕੇ ਨਾਲ ਕੋਈ ਰੈਲੇਵੈਂਟ ਜਵਾਬ ਦਿੱਤਾ ਜਾਂਦਾ ਤਾਂ ਮੇਰੇ ਹਲਕੇ ਦੇ ਲੋਕਾਂ ਨੂੰ ਬਹੁਤ ਖੁਸ਼ੀ ਹੋਣੀ ਸੀ। ਮੈਂ ਇੱਕ ਗੱਲ ਦੀ ਜ਼ਰੂਰ ਤਾਰੀਫ ਕਰਨੀ ਚਾਹੁੰਦਾ ਹਾਂ ਕਿ ਸਾਡੇ ਕੋਲ ਇੱਕ ਡੈਂਟਿਸਟ ਅੱਬੂ ਬਕਰ ਜੀ ਹਨ, ਉਹ ਬਹੁਤ ਹੀ ਅਲੱਗ ਕਿਸਮ ਦੇ ਸਰਜਨ ਹਨ। ਉਨ੍ਹਾਂ ਨੂੰ ਕੋਈ ਨੈਸ਼ਨਲ ਅਵਾਰਡ ਵੀ ਦੇਣਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੈਂਬਰ ਸਾਹਿਬ ਦਾ ਤੁਹਾਡੇ ਨਾਲ ਜ਼ਿਆਦਾ ਪਿਆਰ ਲੱਗਦਾ ਹੈ। ਤੁਸੀਂ ਹਾਂ ਕਰਵਾ ਕੇ ਹੀ ਹਟੋਗੇ।

**ਮੰਤਰੀ**: ਸਰ, ਮਲੌਦ ਵਿਖੇ ਜੋ ਐਸ.ਐਮ.ਓ. ਲਗਾਇਆ ਗਿਆ ਸੀ ਉਹ ਮੈਡੀਕਲ ਸਪੈਸ਼ਲਿਸਟ ਹੈ ਅਤੇ ਐਜ਼ ਮੈਡੀਕਲ ਸਪੈਸ਼ਲਿਸਟ ਹੀ ਕੰਮ ਕਰ ਰਿਹਾ ਹੈ। ਉੱਥੇ ਗਾਇਨੀ ਦੀ ਡਾਕਟਰ ਨਹੀਂ ਸੀ। ਅਸੀਂ ਸਾਰੇ ਮੈਂਬਰਾਂ ਵਾਸਤੇ ਇੱਕ ਨਵਾਂ ਮੋਡ ਸ਼ੁਰੂ ਕੀਤਾ ਹੈ। ਮੁੱਖ ਮੰਤਰੀ ਸਾਹਿਬ ਤੋਂ 300 ਪੋਸਟਾਂ ਸੈਂਕਸ਼ਨ ਕਰਵਾਈਆਂ ਗਈਆਂ ਹਨ। ਗਾਇਨੀ ਦਾ ਡਾਕਟਰ empanelment mode ਤੇ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਬੱਚਿਆਂ ਦਾ ਡਾਕਟਰ ਵੀ ਰੱਖਿਆ ਹੋਇਆ ਹੈ। ਅਸੀਂ ਸਰਵਿਸਿਜ਼ ਪ੍ਰੋਵਾਈਡ ਕਰ ਰਹੇ ਹਾਂ। ਜਿਹੜੇ ਰਿਟਾਇਰਡ ਡਾਕਟਰ ਵੀ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ ਰੀ-ਇੰਪਲਾਇ ਕਰ ਰਹੇ ਹਾਂ। ਉਨ੍ਹਾਂ ਨੇ ਵੀ ਜੁਆਇਨ ਕੀਤਾ ਹੈ। Empanelment mode ਤੇ 182 ਡਾਕਟਰ ਕੰਮ ਕਰ ਰਹੇ ਹਨ। ਬਾਕੀ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਤੁਹਾਡੇ ਜਿਹੜੇ ਆਸੇ ਪਾਸੇ ਸ਼ਹਿਰ ਹੈ , ਉੱਥੇ ਡਾਕਟਰ ਅਵੇਲੇਬਲ ਹੋਣਾ ਚਾਹੀਦਾ ਹੈ। ਬਹੁਤ ਸਾਰੇ ਮੈਂਬਰ ਜੇਕਰ ਡਾਕਟਰ ਲਈ ਕਹਿੰਦੇ ਹਨ ਕਿ ਫਲਾਣਾ ਡਾਕਟਰ ਵਧੀਆ ਹੈ ਤਾਂ ਉਸ ਨੂੰ ਨਾਲ ਦੀ ਨਾਲ empanel ਕਰਕੇ ਅਪੁੰਆਇਟਮੈਂਟ ਲੈਟਰ ਦੇ ਦਿੰਦੇ ਹਾਂ। ਇਨ੍ਹਾਂ ਕੋਲ ਤਿੰਨ ਸਪੈਸ਼ਲਿਸਟ ਕੰਮ ਕਰ ਰਹੇ ਹਨ ਅਤੇ ਬਾਕੀਆਂ ਲਈ ਵੀ ਕੋਸ਼ਿਸ਼ ਜਾਰੀ ਹੈ। (ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਧੰਨਵਾਦ ਜੀ। ਤੁਹਾਡੀ ਸਪਲੀਮੈਂਟਰੀ ਮਲੌਦ ਨਾਲ ਸਬੰਧਤ ਹੈ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਨਹੀਂ ਜੀ।

**ਮਾਣਯੋਗ ਸਪੀਕਰ**: ਫਿਰ ਰਹਿਣ ਦਿਓ।

---------

## WELCOME ANNOUCEMENT BY THE SPEAKER

**ਮਾਣਯੋਗ ਸਪੀਕਰ**: ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਸ਼ਹੂਰ ਗਾਇਕ ਅਤੇ ਟੀ.ਵੀ. ਐਂਕਰ ਸ੍ਰੀ ਰਵਨੀਤ ਸਿੰਘ ਅਤੇ ਪੰਜਾਬੀ ਕਲਾਕਾਰ ਜੋਤੀ ਨੂਰਾ ਜੀ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਉ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---------

## STARRED QUESTIONS AND ANSWERS (*Resumption*)

### ਵਾਟਰ ਸਪਲਾਈ ਦੀਆਂ ਪਾਈਪ ਲਾਈਨਾਂ ਬਦਲਾਉਣਾ

***1883 ਸ਼੍ਰੀਮਤੀ ਨਰਿੰਦਰ ਕੌਰ ਭਰਾਜ**: ਕੀ ਸਥਾਨਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੀ ਸੰਗਰੂਰ ਸ਼ਹਿਰ ਦੇ ਅੰਬੇਦਕਰ ਨਗਰ ਅਤੇ ਸੁੰਦਰ ਬਸਤੀ ਵਿਖੇ ਵਾਟਰ ਸਪਲਾਈ ਦੀ ਪਾਈਪ ਲਾਈਨ ਬਹੁਤ ਪੁਰਾਣੀ ਹੋ ਚੁੱਕੀ ਹੈ ਅਤੇ ਥਾਂ-ਥਾਂ ਤੋਂ ਟੁੱਟੀ ਹੋਈ ਹੈ, ਜਿਸ ਕਾਰਨ ਉਸ ਵਿੱਚ ਗੰਦਾ ਪਾਣੀ ਮਿਕਸ ਹੋ ਜਾਂਦਾ ਹੈ, ਜਿਸ ਨਾਲ ਭਿਆਨਕ ਬੀਮਾਰੀਆਂ ਫੈਲਦੀਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ ਪਾਈਪ ਲਾਈਨ ਨੂੰ ਬਦਲਣ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ**: ਹਾਂ ਜੀ। ਸੰਗਰੂਰ ਸ਼ਹਿਰ ਦੇ ਅੰਬੇਦਕਰ ਨਗਰ ਅਤੇ ਸੁੰਦਰ ਬਸਤੀ ਵਿਖੇ ਵਾਟਰ ਸਪਲਾਈ ਦੀ ਪਾਈਪ ਲਾਈਨ ਪੁਰਾਣੀ ਹੋ ਚੁੱਕੀ ਹੈ, ਇਸ ਸਮੇ ਇਹ ਪਾਈਪ ਲਾਈਨ ਟੁੱਟੀ ਹੋਈ ਨਹੀਂ ਹੈ। ਇਸ ਲਈ ਪਾਈਪ ਲਾਈਨ ਵਿੱਚ ਗੰਦਾ ਪਾਣੀ ਮਿਕਸ ਨਹੀਂ ਹੋ ਰਿਹਾ ਅਤੇ ਬਿਮਾਰੀ ਫੈਲਣ ਸਬੰਧੀ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ ਹੈ। ਮੌਜੂਦਾ ਸਮੇਂ ਪਾਈਪ ਲਾਈਨ ਬਦਲਣ ਦੀ ਕੋਈ ਤਜਵੀਜ ਨਹੀਂ ਹੈ।

**ਸ਼੍ਰੀਮਤੀ ਨਰਿੰਦਰ ਕੌਰ ਭਰਾਜ**: ਸਰ, ਸਭ ਤੋਂ ਪਹਿਲਾਂ ਮੈਂ ਤੁਹਾਡੇ ਮਾਧਿਅਮ ਰਾਹੀਂ ਧੰਨਵਾਦ ਕਰਨਾ ਚਾਹੁੰਦੀ ਹਾਂ, ਰਾਮ ਨਗਰ ਬਸਤੀ ਵਿੱਚ ਕਰੀਬ 02 ਕਰੋੜ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਦੀ ਪਾਈਪਲਾਈਨ ਚੇਂਜ ਹੋ ਰਹੀ ਹੈ। ਨਾਲ ਹੀ ਅੱਜ ਦੇ ਸਵਾਲ ਸਬੰਧੀ ਗੱਲ ਕਰਨੀ ਚਾਹੁੰਦੀ ਹਾਂ ਕਿ ਸੁੰਦਰ ਬਸਤੀ ਏਰੀਏ ਵਿੱਚ ਅਤੇ ਅੰਬੇਡਕਰ ਨਗਰ ਏਰੀਏ ਦੀ ਪਾਈਪਲਾਈਨ ਸਬੰਧੀ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਉਹ ਬਹੁਤ ਪੁਰਾਣੀ ਹੋ ਚੁੱਕੀ ਹੈ। ਸਰ, ਇਸ ਦਾ ਜਵਾਬ ਨਾਂਹ ਵਿੱਚ ਆਇਆ ਹੈ ਪਰ ਉੱਥੇ ਵਾਟਰ ਸਪਲਾਈ ਦੀ ਪਾਈਪਲਾਈਨ ਚੇਂਜ ਕਰਨ ਦੀ ਕੋਈ ਵੀ ਤਜਵੀਜ਼ ਨਹੀਂ ਹੈ। ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਹ ਜਵਾਬ ਅਫਸਰਾਂ ਵੱਲੋਂ ਏ.ਸੀ. ਰੂਮ ਵਿੱਚ ਬੈਠ ਕੇ ਆਰ.ਓ

ਦਾ ਪਾਣੀ ਪੀਂਦੇ ਹੋਏ ਬਣਾਇਆ ਹੋਇਆ ਹੈ। ਸਰ, ਉੱਥੇ ਬਹੁਤ ਖਰਾਬ ਹਾਲਤ ਹੈ। ਡਾਇਰੀਆ ਦੇ ਕਾਫੀ ਕੇਸ ਵੀ ਹੋਏ ਹਨ। ਪਿਛਲੇ ਸਮੇਂ ਵਿੱਚ ਇਹ ਕੇਸ ਬਹੁਤ ਜ਼ਿਆਦਾ ਵਧੇ ਹਨ। ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਸ ਏਰੀਏ ਵਿੱਚ ਉਨ੍ਹਾਂ ਨੂੰ ਕੋਈ ਟੀਮ ਭੇਜ ਦਿੱਤੀ ਜਾਵੇ ਅਤੇ ਮੈਂ ਵੀ ਉਨ੍ਹਾਂ ਦੇ ਨਾਲ ਚਲੀ ਜਾਵਾਂਗੀ। ਉਸ ਦਾ ਇੱਕ ਸਰਵੇ ਕਰਵਾ ਕੇ ਦੋਨੋਂ ਏਰੀਏ ਦੀ ਪਾਈਪਲਾਈਨ ਰੀਪਲੇਸ ਕਰਵਾਈ ਜਾਵੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਬਿਲਕੁਲ ਸਹੀ ਕਹਿ ਰਹੇ ਹਨ। The key to governance ਇਹੀ ਹੈ ਕਿ ਜਿੰਨਾ ਆਪਾਂ ਡੀ-ਸੈਂਟਰਲਾਈਜ਼ ਕਰਾਂਗੇ, ਜਿੰਨਾ ਆਪਾਂ ਆਪ ਜ਼ਮੀਨ ਤੇ ਉਤਰਾਂਗੇ, ਇਸ ਸਬੰਧੀ ਉੱਨਾ ਹੀ ਪਤਾ ਲੱਗੇਗਾ। ਚੰਡੀਗੜ੍ਹ ਬੈਠ ਕੇ ਪਤਾ ਨਹੀ ਲੱਗਦਾ। ਕਈ ਵਾਰ ਦੇਖਿਆ ਗਿਆ ਹੈ ਕਿ ਜ਼ਮੀਨੀ ਹਕੀਕਤ ਕੁਝ ਹੋਰ ਹੁੰਦੀ ਹੈ। ਐਮ.ਐਲ.ਏ ਸਾਹਿਬ ਨੂੰ ਬੇਨਤੀ ਹੈ ਕਿ ਹਾਊਸ ਵਿੱਚੋਂ ਮਤਾ ਪਵਾਇਆ ਜਾਵੇ। ਸੰਗਰੂਰ ਮਿਉਂਸਿਪਲ ਕਾਰਪੋਰੇਸ਼ਨ, ਕੌਂਸਲ ਕੋਲ ਵੀ ਪੈਸੇ ਹੋਣਗੇ। ਜੇਕਰ ਉਨ੍ਹਾਂ ਕੋਲ ਪੈਸੇ ਨਹੀਂ ਹਨ ਤਾਂ ਅਸੀਂ ਜਿੱਥੋਂ ਮਰਜ਼ੀ ਪੈਸੇ ਅਰੇਂਜ ਕਰਾਂਗੇ। ਡਰੀਕਿੰਗ ਵਾਟਰ ਸਾਫ ਸੁਥਰਾ ਪਾਣੀ ਹਰ ਇੱਕ ਮਨੁੱਖ ਦਾ ਹੱਕ ਹੈ।

**ਮਾਣਯੋਗ ਸਪੀਕਰ:** ਮੰਤਰੀ ਜੀ, ਮੈਂ ਵੀ ਤੁਹਾਡਾ ਧੰਨਵਾਦ ਕਰਾਂਗਾ। ਫਰੀਦਕੋਟ ਰੋਡ ਕੋਟਕਪੂਰਾ ਵਿਖੇ ਪਿਛਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦੀ ਕਾਫੀ ਸਮੱਸਿਆ ਆ ਰਹੀ ਹੈ। ਸਾਡੀ ਪ੍ਰਾਇਰਟੀ ਹੈ, ਅਸੀਂ ਇੰਨੀ ਸੇਵਾ ਕਰ ਰਹੇ ਹਾਂ, ਜੇ ਤੁਸੀਂ ਇਹ ਵੀ ਸਪੈਸੀਫਿਕਲੀ ਕਰਵਾ ਦੇਵੋ।

**1045/Kuldeep kaur**

**ਮੰਤਰੀ:** ਸਰ, ਉਹ ਮਸਲਾ ਮੇਰੇ ਧਿਆਨ ਵਿੱਚ ਆਇਆ ਸੀ ਅਤੇ ਮੈਂ ਖੁਦ ਹੀ ਇਸ ਤਰ੍ਹਾਂ ਦੇ ਇਸ਼ੂਜ਼ ਤੇ ਧਿਆਨ ਰੱਖਦਾ ਹਾਂ। ਕੁਝ ਏਰੀਏ ਵਿੱਚ ਗੰਦਾ ਪਾਣੀ ਆਉਂਦਾ ਹੈ ਅਤੇ we are already working on it.

**Mr. Speaker:** Thank you very much.

---------

## ਨੂਰ-ਮਹਿਲ ਵਿਖੇ ਸੀਵਰੇਜ ਤੇ ਰਾਈਜਿੰਗ ਮੇਨ ਲਾਉਣਾ

***1975. ਸ੍ਰੀਮਤੀ ਇੰਦਰਜੀਤ ਕੌਰ ਮਾਨ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੂਰ-ਮਹਿਲ ਵਿੱਚ ਸੀਵਰੇਜ ਅਤੇ ਐਸ.ਟੀ.ਪੀ. ਸਾਲ 2012 ਵਿੱਚ ਪਾਇਆ ਗਿਆ ਸੀ, ਜੋ ਬਹੁਤ ਸਾਰੀਆਂ ਥਾਵਾਂ ਤੋਂ ਲਿੰਕ ਨਹੀਂ ਹੈ ਅਤੇ ਉਸ ਦੀ ਰਾਈਜਿੰਗ ਮੇਨ ਨਹੀਂ ਲਗਾਈ ਗਈ ਹੈ, ਜਿਸ ਕਾਰਨ ਐਸ.ਟੀ.ਪੀ. ਦਾ ਪਾਣੀ ਕਿਤੇ ਨਹੀਂ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕਿ ਸੀਵਰ ਤੇ ਰਾਈਜਿੰਗ ਮੇਨ ਲਾਉਣ ਜਾਂ ਇਸ ਨੂੰ ਆਪਸ ਵਿੱਚ ਕਨੈੱਕਟ ਕਰਨ ਦੀ ਕੋਈ ਪ੍ਰੋਵੀਜਨ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ੍ਰੀਮਾਨ ਜੀ,

ਹਾਂ ਜੀ, ਗਲਾਡਾ, ਲੁਧਿਆਣਾ ਵੱਲੋਂ ਨੂਰ-ਮਹਿਲ ਵਿਖੇ ਸੀਵਰੇਜ ਨੈਟਵਰਕ ਵਿਛਾਉਣ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ (ਐਸ.ਟੀ.ਪੀ.) ਲਗਾਉਣ ਦਾ ਕੰਮ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਸੀਵਰੇਜ ਟ੍ਰੀਟਮੈਂਟ ਪਲਾਂਟ(ਐਸ.ਟੀ.ਪੀ.) ਤੋਂ ਟ੍ਰੀਟਡ ਪਾਣੀ ਦੀ ਡਿਸਪੋਸਲ ਲਈ ਪਿੰਡ ਕੋਟ ਬਾਦਲ ਖਾਂ ਵਿਖੇ ਸਥਿਤ ਡ੍ਰੇਨ ਤੱਕ ਰਾਈਜਿੰਗ ਮੇਨ ਵਿਛਾਉਣ ਦਾ ਕੰਮ ਗਲਾਡਾ ਵੱਲੋਂ ਮਹੀਨਾ ਫਰਵਰੀ,2026 ਵਿੱਚ ਅਲਾਟ ਕੀਤਾ ਗਿਆ ਸੀ ਪ੍ਰੰਤੂ ਆਸਪਾਸ ਦੇ ਪਿੰਡਾਂ ਦੇ ਵਸਨੀਕਾਂ ਅਤੇ ਕਿਸਾਨਾਂ ਦੇ ਵਿਰੋਧ ਅਤੇ ਧਰਨਾ ਪ੍ਰਦਰਸ਼ਨ ਕਾਰਨ ਲਾਅ ਐਂਡ ਆਰਡਰ ਖਰਾਬ ਹੋਣ ਦੀ ਸਥਿਤੀ ਬਣ ਗਈ ਸੀ ਜਿਸ ਲਈ ਮੌਕੇ ਉੱਪਰ ਕੰਮ ਸ਼ੁਰੂ ਨਹੀਂ ਹੋ ਸਕਿਆ । ਹੁਣ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵੱਲੋਂ ਐਸ.ਟੀ.ਪੀ. ਤੋਂ ਰਾਈਜਿੰਗ ਮੇਨ ਵਿਛਾਉਣ ਲਈ ਬਦਲਵੇਂ ਰੂਟ ਦੀ ਭਾਲ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਦਲਵੇਂ ਰੂਟ ਦਾ ਪ੍ਰਬੰਧ ਹੋਣ ਉਪਰੰਤ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ:** ਸਪੀਕਰ ਸਾਹਿਬ, ਮੈਂ ਇਸ ਸਬੰਧ ਵਿੱਚ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਦਾ ਨੂਰ-ਮਹਿਲ ਸ਼ਹਿਰ ਇੱਕ ਇਤਿਹਾਸਿਕ ਸ਼ਹਿਰ ਹੈ ਔਰ ਸਭ ਤੋਂ ਪੁਰਾਣੀ ਪਹਿਲੀ ਮਿਉਂਸਿਪਲ ਕਮੇਟੀ 1895 ਵਿੱਚ ਉੱਥੇ ਹੀ ਬਣੀ ਸੀ। ਸਾਲ 2012 ਵਿੱਚ ਅਕਾਲੀ ਦਲ ਦੀ ਸਰਕਾਰ ਵੇਲੇ ਉੱਥੇ ਗਲਾਡਾ ਤੋਂ ਸੀਵਰੇਜ ਪਵਾਇਆ ਗਿਆ ਜਦ ਕਿ ਗਲਾਡਾ ਦਾ ਦੂਰ-ਦੂਰ ਤੱਕ ਕੋਈ ਲੈਣਾ-ਦੇਣਾ ਨਹੀਂ ਹੈ। ਮੈਨੂੰ ਨਹੀਂ ਪਤਾ ਕਿ ਕਿਸ ਜ਼ਾਤੀ ਸਵਾਰਥ ਦੇ ਨਾਲ ਇਸ ਸੀਵਰ ਦੀ ਏਜੰਸੀ ਗਲਾਡਾ ਬਣਾਈ ਗਈ। ਪਿਛਲੇ ਚਾਰ ਸਾਲ ਤੋਂ ਲਗਾਤਾਰ ਮੈਂ ਇਸ ਸੰਘਰਸ਼ ਵਿੱਚ ਸੀ ਕਿ ਸਾਨੂੰ ਕੋਈ ਥਹੁ ਪਤਾ ਮਿਲ ਜਾਵੇ ਕਿ ਅਸੀਂ ਇਸ ਸੀਵਰ ਨੂੰ ਅਤੇ ਇਸ ਦੀ ਰਾਈਜਿੰਗ ਮੇਨ ਨੂੰ ਕਿਵੇਂ ਹੈਂਡਲ ਕਰਨਾ ਹੈ। ਕੌਂਸਲ ਕੋਲ ਕੋਈ ਨਕਸ਼ਾ ਨਹੀਂ ਹੈ। ਗਲਾਡਾ ਵੱਲੋਂ ਇਹ ਸੀਵਰ ਕੌਂਸਲ ਨੂੰ ਹੈਂਡ ਓਵਰ ਹੀ ਨਹੀਂ ਕੀਤਾ ਗਿਆ। ਥਾਂ-ਥਾਂ ਤੋਂ ਸੀਵਰ ਟੁੱਟਿਆ ਪਿਆ ਹੈ ਅਤੇ ਸੀਵਰ ਦਾ ਇੱਕ ਦੂਸਰੇ ਨਾਲ ਡੀਲਿੰਗ ਲਿੰਕ ਹੀ ਨਹੀਂ ਹੈ। ਤੁਸੀਂ ਹੈਰਾਨੀ ਦੇਖੋ ਕਿ ਸਾਲ 2021 ਤੋਂ ਲੈ ਕੇ ਅੱਜ ਤੱਕ 2026 ਆ ਗਿਆ ਹੈ ਪਰ ਰਾਈਜਿੰਗ ਮੇਨ ਹੀ ਨਹੀਂ ਹੈ। ਪੂਰਾ ਨੂਰ ਮਹਿਲ ਸ਼ਹਿਰ ਗੰਦੇ ਪਾਣੀ ਦੀ ਲਪੇਟ ਵਿੱਚ ਹੈ। ਚਾਰ ਚੁਫੇਰੇ ਗੰਦਾ ਪਾਣੀ ਹੈ। ਸਾਡੇ ਜਲੰਧਰ ਜ਼ਿਲ੍ਹੇ ਦਾ ਇੱਕੋ ਇੱਕ ਸ਼ਹਿਰ ਹੋਵੇਗਾ ਜਿਹੜਾ ਕਿਸੇ ਪਾਸੇ ਤੋਂ ਵੀ ਇੱਕ ਇੰਚ ਨਹੀਂ ਵਧ ਸਕਿਆ ਹੈ ਕਿਉਂਕਿ ਚਾਰ ਚੁਫੇਰੇ ਗੰਦਾ ਪਾਣੀ ਹੈ। ਹੁਣ ਕਦੇ ਤਾਂ ਇਹ ਮਸਲਾ ਗਲਾਡਾ ਵੱਲ ਨੂੰ ਚਲਾ ਜਾਂਦਾ ਹੈ ਅਤੇ ਕਦੇ ਲੋਕਲ ਬਾਡੀ ਡਿਪਾਰਟਮੈਂਟ ਵੱਲ ਨੂੰ ਚਲਾ ਜਾਂਦਾ ਹੈ। ਹੁਣ ਉੱਥੇ ਵਿਰੋਧਾਂ ਕਰਕੇ ਮੈਂ ਬੜੀ ਮੁਸ਼ੱਕਤ ਨਾਲ ਵਿਧਾਨ ਸਭਾ ਕਮੇਟੀਆਂ ਵਿੱਚ ਇਸ ਮੁੱਦੇ ਨੂੰ ਲਿਆ ਲਿਆ ਕੇ ਇੱਥੇ ਤੱਕ ਪਹੁੰਚਾਇਆ ਸੀ ਕਿ ਗਲਾਡਾ ਵੱਲੋਂ ਸੀਵਰ ਮੇਨ ਲਗਾਈ ਜਾਵੇ। ਇਸ ਵਾਸਤੇ ਉਨ੍ਹਾਂ ਨੇ ਫੰਡ ਲੈ ਕੇ ਇਸ ਨੂੰ ਲਗਾਉਣ ਵਾਸਤੇ ਕੋਸ਼ਿਸ਼ ਕੀਤੀ ਅਤੇ ਹੁਣ ਉੱਥੇ ਧਰਨਾ ਪ੍ਰਦਰਸ਼ਨ ਵਿਰੋਧ ਹੋ ਗਿਆ। ਹੁਣ ਅਸੀਂ ਇੱਕ ਦੂਸਰੀ ਸਾਈਟ choose ਕੀਤੀ ਹੈ ਜਿਸ ਵਿੱਚ ਤਕਰੀਬਨ ਦੋ ਢਾਈ ਕਰੋੜ ਰੁਪਏ ਦਾ ਹੋਰ ਖਰਚਾ ਆਵੇਗਾ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀ ਤੁਹਾਡੇ ਕੋਲ ਜ਼ਿਲ੍ਹੇ ਵੱਲੋਂ ਨਵੀਂ ਪ੍ਰਪੋਜ਼ਲ ਆਉਣੀ ਹੈ, ਉਸ ਵਿੱਚ ਦੋ ਢਾਈ ਕਰੋੜ ਰੁਪਏ

ਦਾ ਹੋਰ ਖਰਚਾ ਵਧੇਗਾ। ਜੇ ਹੁਣ ਵੀ ਸਾਡੇ ਕੋਲੋਂ ਕੰਮ ਨਾ ਹੋਇਆ ਤਾਂ ਲੋਕਾਂ ਦੀ ਆਸ ਉਮੀਦ ਟੁੱਟ ਜਾਵੇਗੀ। ਕੀ ਤੁਸੀਂ ਉਸ ਵਾਸਤੇ ਫੰਡ ਇਸ਼ੂ ਕਰ ਦੇਵੋਗੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਗਲਾਡਾ ਵੱਲੋਂ 467.87 ਲੱਖ ਰੁਪਏ ਨਾਲ ਇਹ ਕੰਮ ਅਲਾਟ ਕੀਤਾ ਗਿਆ ਸੀ। ਹੁਣ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵੱਲੋਂ ਐਸ.ਟੀ.ਪੀ. ਤੋਂ ਰਾਈਜਿੰਗ ਮੇਨ ਵਿਛਾਉਣ ਲਈ ਬਦਲਵੇਂ ਰੂਟ ਦੀ ਭਾਲ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਦਲਵੇਂ ਰੂਟ ਦਾ ਪ੍ਰਬੰਧ ਹੋਣ ਉਪਰੰਤ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਚਾਹੇ ਜਿੰਨੇ ਵੀ ਹੋਰ ਪੈਸੇ ਲੱਗਣ ਅਸੀਂ ਨੂਰ ਮਹਿਲ ਦੀ ਇਸ ਸਮੱਸਿਆ ਦਾ ਹੱਲ ਕਰਵਾ ਕੇ ਦੇਵਾਂਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ**: ਧੰਨਵਾਦ ਜੀ।

---------

**ਨਰੇਗਾ ਕਰਮਚਾਰੀਆਂ ਦੀ ਬਕਾਇਆ ਤਨਖਾਹ ਜਾਰੀ ਕਰਨਾ**

***1917 ਸ੍ਰੀ ਸੰਦੀਪ ਜਾਖੜ:** ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਹੀ ਹੈ ਰਾਜ ਵਿਚ ਨਰੇਗਾ ਕਰਮਚਾਰੀਆਂ ਦੀ ਤਨਖਾਹ ਪਿਛਲੇ 6 ਮਹੀਨਿਆਂ ਤੋਂ ਬਕਾਇਆ ਹੈ? ਜੇਕਰ ਹਾਂ ਤਾਂ ਇਹ ਕਦੋ ਤੱਕ ਜਾਰੀ ਕੀਤੀ ਜਾਵੇਗੀ,ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਤਰੁਨਪ੍ਰੀਤ ਸਿੰਘ ਸੋਂਦ:** ਸ੍ਰੀਮਾਨ ਜੀ, ਜੀ ਹਾਂ ਇਹ ਸਹੀ ਹੈ ਕਿ ਮਗਨਰੇਗਾ ਸਟਾਫ ਦੀ ਤਨਖਾਹ ਅਦਾਇਗੀ ਲਈ ਪੈਂਡਿੰਗ ਹੈ ਪਰੰਤੂ ਸਟਾਫ ਵਿੱਚੋ ਤਕਨੀਕੀ ਸਹਾਇਕਾਂ (TAs) ਦੀ ਤਨਖਾਹ ਜੋ ਕਿ ਮਟੀਰੀਅਲ ਕੰਪੋਨੈਂਟ ਵਿੱਚੋ ਅਦਾ ਕੀਤੀ ਜਾਂਦੀ ਹੈ, ਮਈ 2026 ਤੱਕ ਅਦਾ ਕਰ ਦਿੱਤੀਆਂ ਗਈਆਂ ਹਨ। ਬਾਕੀ ਕਰਮਚਾਰੀਆਂ ਜਿਵੇਂ ਕਿ ਗ੍ਰਾਮ ਰੋਜ਼ਗਾਰ ਸੇਵਕ ਤੇ ਹੋਰ ਸਟਾਫ ਦੀ ਤਨਖਾਹ ਜਨਵਰੀ 2026 ਤੋਂ ਪੈਂਡਿੰਗ ਹਨ । ਜਿਸਦਾ ਕਾਰਨ ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਨਹੀਂ ਹੋਣਾ ਹੈ, ਕਿਉਂ ਕਿ ਤਨਖਾਹਾਂ ਦੀ ਅਦਾਇਗੀ ਪ੍ਰਸ਼ਾਸ਼ਨਿਕ ਖਰਚ ਲਈ ਜਾਰੀ ਕੰਟਨਜੈਂਸੀ ਫੰਡਜ਼ ਵਿੱਚੋਂ ਕੀਤੀ ਜਾਂਦੀ ਹੈ ਜੋ ਕਿ 100% ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਹੈ। ਇਸ ਸੰਬੰਧੀ ਸਮੇਂ ਸਮੇਂ ਤੇ ਭਾਰਤ ਸਰਕਾਰ ਨੂੰ ਫੰਡ ਡਿਮਾਂਡ ਪ੍ਰਪੋਜ਼ਲ ਲਈ ਵਰਤੋਂ ਸਰਟੀਫਿਕੇਟ ਭੇਜੇ ਗਏ ਹਨ ਅਤੇ ਤਾਜਾ ਵਰਤੋਂ ਸਰਟੀਫਿਕੇਟ ਮਿਤੀ 24/07/2026 ਨੂੰ ਭੇਜਿਆ ਗਿਆ ਹੈ। ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਹੋਣ ਉਪਰੰਤ ਤਨਖਾਹ ਦੀ ਅਦਾਇਗੀ ਜਲਦ ਹੀ ਕਰ ਦਿੱਤੀ ਜਾਵੇਗੀ।

ਇਸ ਦੌਰਾਨ 01 ਜੁਲਾਈ 2026 ਤੋਂ ਭਾਰਤ ਸਰਕਾਰ ਵਲੋਂ ਮਗਨਰੇਗਾ ਦੀ ਥਾਂ VB- G RAM G ਸਕੀਮ ਲਾਗੂ ਕਰ ਦਿੱਤੀ ਗਈ ਹੈ। ਜਿਸ ਅਧੀਨ ਫੰਡਜ਼ ਦੀ ਪਹਿਲੀ ਕਿੱਸਤ ਵਿੱਚ ਪ੍ਰਸ਼ਾਸ਼ਨਿਕ ਖਰਚ ਕੰਟਨਜੈਂਸੀ ਲਈ ਭਾਰਤ ਸਰਕਾਰ ਵੱਲੋਂ 32 ਕਰੋੜ ਰੁਪਏ ਅਤੇ ਰਾਜ ਦਾ ਹਿੱਸਾ 21 ਕਰੋੜ ਰੁਪਏ (ਕੁਲ 54 ਕਰੋੜ ਰੁਪਏ) ਉਪਲਬੱਧ ਹਨ। ਜਿਸ ਨਾਲ VB- G RAM G ਸਕੀਮ ਅਧੀਨ ਜਿਲ੍ਹਿਆਂ ਨੂੰ ਜੁਲਾਈ 2026 ਤੋਂ ਸਤੰਬਰ 2026 ਤੱਕ ਦੀ ਤਨਖਾਹਾਂ ਦੀ ਸੈਂਕਸ਼ਨ ਵੀ ਜਾਰੀ ਕਰ ਦਿੱਤੀ ਗਈ ਹੈ।

**ਸ੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ G RAM G ਸਕੀਮ ਤਹਿਤ ਛੇ ਮਹੀਨੇ ਤੋਂ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲੀ, ਕੀ ਪੰਜਾਬ ਸਰਕਾਰ ਕੋਲ ਆਪਣੇ ਮਹਿਕਮੇ ਕੋਲ buffer fund ਹੈ? Do we have a buffer fund? ਬਹੁਤ ਸਾਰੇ ਸੂਬੇ ਇੱਕ buffer fund ਰੱਖਦੇ ਹਨ ਤਾਂ ਕਿ ਜਦੋਂ ਭਾਰਤ ਸਰਕਾਰ ਵੱਲੋਂ ਕਿਸੇ ਪੇਮੈਂਟ ਵਿੱਚ ਡਿਲੇਅ ਹੁੰਦੀ ਹੈ ਤਾਂ ਇੱਕ running ਬਿਲ ਚਲਦਾ ਹੈ ਤਾਂ ਜੋ ਇਸ ਵਿੱਚ ਮੁਲਾਜ਼ਮਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਛੇ ਮਹੀਨੇ ਹੋ ਗਏ ਹਨ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲ ਰਹੀ ਹੈ। Do we have a buffer fund? ਜੇ buffer fund ਹੈ ਤਾਂ ਉਸ ਨੂੰ ਆਪਾਂ ਇਸਤੇਮਾਲ ਕਿਉਂ ਨਹੀਂ ਕੀਤਾ ਹੈ? ਜੇ ਨਹੀਂ ਹੈ ਤਾਂ ਕੀ ਅੱਗੇ buffer fund ਬਣਾਇਆ ਜਾਵੇਗਾ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਦਿੱਕਤਾਂ ਤੋਂ ਬਚਿਆ ਜਾ ਸਕੇ।

**1050/Pawan sharma**

**ਮਾਣਯੋਗ ਸਪੀਕਰ**: ਮੰਤਰੀ ਜੀ।

**ਮੰਤਰੀ**: ਸਰ, ਇਹ ਮੈਟਰ ਬੜਾ ਸੈਂਸਟਿਵ ਮੈਟਰ ਹੈ। ਸਵਾਲ ਵੀ ਜਾਖੜ ਸਾਹਿਬ ਦਾ ਹੈ, ਮੈਂ ਇੱਥੇ ਸਾਰੇ ਸਦਨ ਨੂੰ ਤੁਹਾਡੇ ਮਾਧਿਅਮ ਰਾਹੀਂ ਜਵਾਬ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਮਗਨਰੇਗਾ ਸਟਾਫ ਦੀ ਤਨਖਾਹ ਹੈ, ਇਸ ਦੇ ਵਿੱਚ ਜਿਹੜੇ ਟੀ.ਏਜ਼. ਹਨ, ਉਨ੍ਹਾਂ ਦੀ ਤਨਖਾਹ ਸਾਡੇ ਕੰਪੋਨੈਂਟਾਂ ਵਿੱਚੋਂ ਦਿੱਤੀ ਜਾਂਦੀ ਸੀ, ਜਿਸ ਦੇ ਵਿੱਚ ਟੀ.ਏਜ਼. ਦੀਆਂ ਮਈ 2026 ਤੱਕ ਦੀਆਂ ਸਾਰੀਆਂ ਤਨਖਾਹਾਂ ਕਲੀਅਰ ਕੀਤੀਆਂ ਹੋਈਆਂ ਹਨ। ਉਸ ਤੋਂ ਬਾਅਦ ਜਿਹੜੇ ਜੀ.ਆਰ.ਐਸ. ਹਨ, ਇਨ੍ਹਾਂ ਦੀ 100 ਪਰਸੈਂਟ ਤਨਖਾਹ ਜਿਹੜੀ ਹੈ, ਬਾਕੀ ਕਰਮਚਾਰੀ ਜਿਵੇਂ ਗ੍ਰਾਮ ਰੋਜ਼ਗਾਰ ਸੇਵਕ ਜਾਂ ਹੋਰ ਸਟਾਫ ਦੀ ਤਨਖਾਹ, 2026 ਦੀ ਪੈਂਡਿੰਗ ਹੈ। ਕਿਉਂ ਪੈਂਡਿੰਗ ਹੈ, ਜਾਖੜ ਸਾਹਿਬ ਇਸ ਗੱਲ ਨੂੰ ਸਮਝਿਓ। ਇਸ ਦਾ ਕਾਰਨ ਇਹ ਹੈ ਕਿ ਭਾਰਤ ਸਰਕਾਰ ਤੋਂ ਫੰਡ ਹੀ ਪ੍ਰਾਪਤ ਨਹੀਂ ਹੋ ਰਹੇ ਹਨ। ਉਲਟਾ, ਇਸ ਮੈਟਰ ਨੂੰ ਤੁਸੀਂ ਟੇਕ ਅੱਪ ਕਰੋ, ਹੁਣ ਤਾਂ ਤੁਹਾਡੀ ਸਿੱਧੀ ਗੱਲਬਾਤ ਹੈ। ਤੁਸੀਂ ਉਨ੍ਹਾਂ ਨੂੰ ਕਹੋ ਕਿ ਛੇ ਮਹੀਨੇ ਹੋ ਗਏ ਹਨ, ਤੁਸੀਂ ਕਿਉਂ ਮਾਰ ਰਹੇ ਹੋ। ਅਸੀਂ ਕਿੰਨੀਆਂ ਚਿੱਠੀਆਂ ਕੇਂਦਰ ਸਰਕਾਰ ਨੂੰ ਲਿਖ ਚੁੱਕੇ ਹਾਂ ਕਿ 100 ਪਰਸੈਂਟ ਜਿਹੜਾ ਜੀ.ਆਰ.ਐਸ ਦੀ ਸੈਲਰੀ ਦਾ ਕੰਪੋਨੈਂਟ ਹੈ, ਉਹ ਕੇਂਦਰ ਸਰਕਾਰ ਨੇ ਭੇਜਣਾ ਹੈ। ਕਿੰਨੀਆਂ ਚਿੱਠੀਆਂ ਲਿਖੀਏ, ਕਿੰਨੀ ਵਾਰ ਯਾਦ ਕਰਾਵਾਂਗੇ, ਉਹ ਕਿਉਂ ਨਹੀਂ ਭੇਜ ਰਹੇ ਹਨ। ਪੈਸੇ ਕੇਂਦਰ ਨਾ ਭੇਜੇ, ਧਰਨੇ ਸਾਡੇ ਖਿਲਾਫ ਲੱਗ ਰਹੇ ਹਨ। ਅਸ਼ਵਨੀ ਜੀ ਵੀ ਬੈਠੇ ਹਨ, ਇਸ ਗੱਲ ਨੂੰ ਤੁਸੀਂ ਕਾਈਂਡਲੀ ਟੇਕ ਅੱਪ ਕਰੋ। ਦੂਸਰੀ ਗੱਲ, ਸਾਨੂੰ ਕਿਹਾ ਗਿਆ ਸੀ ਕਿ ਤੁਸੀਂ ਯੂ.ਸੀ. ਨਹੀਂ ਭੇਜ ਰਹੇ। ਟਾਈਮ ਟਾਈਮ ਸਿਰ, ਜਿੰਨੀ ਜਿੰਨੀ ਪੇਮੈਂਟ

ਬਣਦੀ ਸੀ, ਅਸੀਂ ਉਸ ਦੇ ਹਿਸਾਬ ਨਾਲ ਯੂ.ਸੀਜ਼. ਭੇਜ ਚੁੱਕੇ ਹਾਂ। ਲਾਸਟ ਯੂ.ਸੀ., ਜਿਹੜਾ ਸਾਨੂੰ ਭੇਜਣ ਨੂੰ ਕਿਹਾ ਗਿਆ ਸੀ, ਅਸੀਂ 24.07.2026 ਨੂੰ ਭੇਜ ਚੁੱਕੇ ਹਾਂ, ਜਿਸ ਤੇ ਸਾਨੂੰ ਅਜੇ ਤੱਕ ਕੇਂਦਰ ਸਰਕਾਰ ਦਾ ਕੋਈ reply ਨਹੀਂ ਆ ਰਿਹਾ ਕਿ ਕਦੋਂ ਅਤੇ ਕਿਵੇਂ ਪੈਸਾ ਜਾਰੀ ਕਰਨਗੇ। ਹੁਣ ਇਹ ਤਾਂ ਸੀ ਪੁਰਾਣੀ ਗੱਲ, ਤੁਸੀਂ ਨਵੀਂ ਸਕੀਮ ਦੀ ਗੱਲ ਸੁਣ ਲਵੋ। ਨਵੀਂ ਸਕੀਮ ਵੀ.ਬੀ.ਜੀ.ਰਾਮ ਜੀ ਚੱਲੀ ਹੈ। ਸਾਨੂੰ ਨਵੀਂ ਸਕੀਮ ਵਿੱਚ ਉਨ੍ਹਾਂ ਨੇ ਪਹਿਲੀ ਕਿਸ਼ਤ ਦੇ ਰੂਪ ਵਿੱਚ 32 ਕਰੋੜ ਰੁਪਿਆ contingency ਦੇ ਲਈ ਭੇਜਿਆ ਹੈ, ਜਿਸ ਵਿੱਚੋਂ ਤਨਖਾਹਾਂ ਜਾਣੀਆਂ ਸਨ। ਮੈਂ ਇਸ ਗੱਲ ਲਈ ਧੰਨਵਾਦ ਕਰਦਾ ਹਾਂ, ਵੈਸੇ ਤਾਂ ਇਹ ਸਿੱਧਾ ਹੀ ਸਟੇਟਾਂ ਦੇ ਉੱਤੇ ਚੁੱਕ ਕੇ 60:40 ਦੀ ratio ਕਰਕੇ ਬੋਝ ਪਾ ਦਿੱਤਾ ਹੈ, ਕੇਂਦਰ ਨੇ ਤਾਂ ਆਪਣਾ ਪੱਲਾ ਛੁੱਡਵਾ ਲਿਆ ਜੀ। ਉਨ੍ਹਾਂ ਨੇ 60:40 ਦੀ ratio ਕਰ ਦਿੱਤੀ ਕਿ ਚੁੱਕੋ 40 ਪਰਸੈਂਟ। ਸਾਡਾ ਫਾਇਦਾ ਕੀ ਕਰਨਾ ਸੀ, ਸਾਡੇ ਤੇ ਕੇਂਦਰ ਨੇ ਹੱਥ ਕੀ ਰੱਖਣਾ ਸੀ, ਸਾਡੇ ਨਾਲ, ਸਾਰੀਆਂ ਸਟੇਟਾਂ ਨਾਲ ਤਾਂ ਡਾਕਾ ਮਾਰ ਦਿੱਤਾ। ਚੁੱਕ ਕੇ ਹਜ਼ਾਰ ਕਰੋੜ ਰੁਪਏ ਦਾ ਬੋਝ ਮੱਲੋਮੱਲੀ ਪੰਜਾਬ ਤੇ ਹੋਰ ਪਾ ਕਰੇ ਰੱਖ ਦਿੱਤਾ ਹੈ। ਬਾਕੀ ਜਿੱਥੇ ਤਾਂ ਇਨ੍ਹਾਂ ਦੀਆਂ ਆਪਣੀਆਂ ਭਾਜਪਾ ਦੀਆਂ ਸਰਕਾਰਾਂ ਹਨ, ਉੱਥੇ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਫੰਡ ਦੇਈ ਜਾਂਦੇ ਹਨ। ਜਿੱਥੇ ਇਨ੍ਹਾਂ ਦੀਆਂ ਸਰਕਾਰਾਂ ਨਹੀਂ ਹਨ, ਉੱਥੇ ਇਹੋ ਜਿਹੀਆਂ ਸਕੀਮਾਂ ਲਿਆ ਕੇ ਸਾਨੂੰ ਤਾਂ ਦੋਨੋਂ ਪਾਸੇ ਫਸਾ ਦਿੱਤਾ। ਸਕੀਮ ਚਲਾਉਂਦੇ ਹਾਂ ਤਾਂ ਫਸਦੇ ਹਾਂ ਅਤੇ ਨਹੀਂ ਚਲਾਉਂਦੇ ਤਾਂ ਫਸਦੇ ਹਾਂ। ਪਰ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਪੰਜਾਬ ਦੇ ਹਰਮਨ-ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦਾ ਤੇ ਸਾਡੇ ਫਾਈਨਾਂਸ ਮਨਿਸਟਰ ਹਰਪਾਲ ਸਿੰਘ ਚੀਮਾ ਜੀ ਦਾ, ਜਿਨ੍ਹਾਂ ਨੇ 32 ਕਰੋੜ ਦੇ ਨਾਲ ਆਪਣਾ 40 ਪਰਸੈਂਟ ਭਾਵ 21 ਕਰੋੜ ਰੁਪਿਆ ਵਿੱਚ ਪਾ ਕੇ ਸਾਨੂੰ ਦੇ ਦਿੱਤਾ ਕਿ ਆਹ ਚੁੱਕੋ ਪੈਸੇ (ਥੰਪਿੰਗ) ਅਤੇ ਜਿਹੜਾ ਇਹ 54 ਕਰੋੜ ਰੁਪਿਆ ਹੈ, ਨਵੀਂ ਸਕੀਮ ਦੇ ਤਹਿਤ, ਠੀਕ ਹੈ ਪੁਰਾਣੇ ਪੈਸੇ ਕੇਂਦਰ ਸਰਕਾਰ ਨੇ 100 ਪਰਸੈਂਟ ਦੇਣੇ ਸਨ, ਨਹੀਂ ਦਿੱਤੇ ਪਰ ਨਵੀਂ ਸਕੀਮ ਤਹਿਤ ਸਾਡੇ ਕੋਲ 54 ਕਰੋੜ ਰੁਪਿਆ ਹੈ ਔਰ ਇਸ ਵਿੱਚ ਵੀ ਮੈਂ ਤੁਹਾਨੂੰ ਇੱਕ ਵੱਡੀ ਗੱਲ ਦੱਸ ਦੇਵਾਂ ਕਿ ਨਵੀਂ ਸਕੀਮ ਤਹਿਤ ਅਸੀਂ ਜੁਲਾਈ, ਅਗਸਤ ਅਤੇ even than ਕਿ ਸਤੰਬਰ ਤੱਕ ਦੀਆਂ ਤਨਖਾਹਾਂ ਦੀਆਂ ਐਡਵਾਂਸ ਪੇਮੈਂਟਾਂ ਕਰੀ ਬੈਠੇ ਹਾਂ। ਸੋ, thank you very much ji. ਇਸ ਮੈਟਰ ਨੂੰ ਤੁਸੀਂ ਕੇਂਦਰ ਨਾਲ ਟੇਕ ਅੱਪ ਕਰੋ ਜੀ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਅਸ਼ਵਨੀ ਜੀ, ਜਾਖੜ ਸਾਹਿਬ ਦਾ ਸਵਾਲ ਹੈ। ਹਾਂ ਜੀ ਜਾਖੜ ਸਾਹਿਬ।

**ਸ੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇੱਕ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਰਥਿਕ ਬੋਝ ਦੀ ਗੱਲ ਕੀਤੀ ਹੈ। ਸੁਪਰੀਮੋ ਸਾਹਿਬ ਦੇ ਕਹੇ ਮੁਤਾਬਿਕ ਤਾਂ ਆਪਾਂ ਨੂੰ 20 ਹਜ਼ਾਰ ਕਰੋੜ ਰੁਪਿਆ ਪਹਿਲੇ ਸਾਲ ਹੀ ਮਾਈਨਿੰਗ ਤੋਂ ਆ ਜਾਣਾ ਚਾਹੀਦਾ ਸੀ।

**ਮਾਣਯੋਗ ਸਪੀਕਰ**: ਤੁਸੀਂ ਇੱਥੇ ਆਓ। ਇੱਧਰ ਆਓ। ਇਸ ਦਾ ਮਤਲਬ ਜਿਹੜੇ ਸਟੇਟਾਂ ਦੇ ਪੈਸੇ ਕੱਟੇ ਹਨ, ਉਸ ਦੇ ਨਾਲ ਅਮਰੀਕਾ ਤੋਂ, ਟਰੰਪ ਤੋਂ ਈਥੇਨੋਲ ਖਰੀਦਣਾ ਹੈ। ਕੀ ਗੱਲਾਂ ਕਰਦੇ ਹੋ ਤੁਸੀਂ। ਜਿਹੜੀ ਗੱਲ ਇੱਥੇ ਵਾਲੀ ਹੈ, ਤੁਸੀਂ ਉਹ ਕਰੋ। ਬੈਠੋ ਤੁਸੀਂ। ਬੈਠੋ, ਬੈਠੋ। ਬੈਠੋ, ਬੈਠੋ।

(ਇਸ ਸਮੇਂ ਇੰਡੀਅਨ ਕਾਂਗਰਸ ਨੈਸ਼ਨਲ ਪਾਰਟੀ ਦੇ ਮੈਂਬਰ ਸ੍ਰੀ ਸੰਦੀਪ ਜਾਖੜ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਨਾਲ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: ਬੈਠੋ, ਬੈਠੋ। ਹੋ ਗਿਆ, ਹੋ ਗਿਆ। ਸਰਦਾਰ ਕਰਮਬੀਰ ਸਿੰਘ। ਹੋ ਗਿਆ, ਹੋ ਗਿਆ।

**Sh. Sandeep Jhakar**: This is not done. (ਵਿਘਨ...ਸ਼ੋਰ)

**Mr. Speaker**: Not allowed. No, No, You are drifting it away. You can't shield the misdeeds of Central Government. No. ਬੈਠੋ, ਬੈਠੋ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਬੈਠੋ, ਹੁਣ ਆਪਾਂ question hour ਅੱਗੇ ਚੱਲਣ ਦੇਈਏ।

**1055/Beant kaur**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਸੰਦੀਪ ਕੁਮਾਰ ਜਾਖੜ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

---------

## ਸਿਹਤ ਵਿਭਾਗ ਵਲੋਂ ਬਣਾਏ ਹੈਲਥ ਵੈੱਲਨੈਸ ਸੈਂਟਰ ਦੀ ਬਿਲਡਿੰਗਾਂ ਨੂੰ ਨਵਾਂ ਬਣਾਉਣਾ

***1873. ਸਰਦਾਰ ਕਰਮਬੀਰ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਸੂਹਾ ਦੇ ਪਿੰਡ ਜੰਡ, ਬੁਧੋਬਰਕਤ, ਰੱਕੜੀ ਦਤਾਰਪੁਰ ਅਤੇ ਚਮੂਹੀ ਵਿੱਚ ਸਿਹਤ ਵਿਭਾਗ ਵਲੋਂ ਬਣਾਏ ਹੈਲਥ ਵੈੱਲਨੈਸ ਸੈਂਟਰ' ਦੀ ਬਿਲਡਿੰਗ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ;

ਜੇਕਰ ਅਜਿਹਾ ਹੈ ਤਾ ਇਹਨਾ ਬਿਲਡਿੰਗਾ ਨੂੰ ਨਵਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ :** ਸ਼੍ਰੀਮਾਨ ਜੀ, ਪੰਜਾਬ ਰਾਜ ਵਿੱਚ ਹੁਣ ਤੱਕ 2466 ਹੈਲਥ ਐਂਡ ਵੈਲਨੈਸ ਸੈਂਟਰ/ਆਯੂਸ਼ਮਾਨ ਅਰੋਗਿਆ ਕੇਂਦਰ-ਸਬ ਸੈਂਟਰ ਖੋਲ੍ਹੇ ਗਏ ਹਨ। ਇਹਨਾਂ ਸਬ-ਸੈਟਰਾਂ ਦੀ ਇਮਾਰਤਾਂ ਦੀ ਨਵੀ ਉਸਾਰੀ ਦਾ ਕੰਮ ਪੜ੍ਹਾਅ ਵਾਰ ਤਰੀਕੇ ਨਾਲ ਕਰਵਾਇਆ ਜਾ ਰਿਹਾ ਹੈ। ਇਸ ਪੜਾਅ ਦੌਰਾਨ 984 ਹੈਲਥ ਐਂਡ ਵੈਲਨੈਸ ਸੈਂਟਰਾਂ/ਆਯੂਸ਼ਮਾਨ ਅਰੋਗਿਆ ਕੇਂਦਰ-ਸਬ ਸੈਂਟਰਾਂ ਦਾ ਕੰਮ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚੋਂ 214 ਇਮਾਰਤਾਂ ਦਾ ਕੰਮ ਪੂਰਾ ਹੋ ਚੁੱਕਿਆ ਹੈ ਅਤੇ 770 ਦਾ ਕੰਮ ਪ੍ਰਗਤੀ ਅਧੀਨ ਹੈ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁੱਲ 190 ਕਾਰਜਸ਼ੀਲ ਹੈਲਥ ਐਂਡ ਵੈਲਨੈਸ ਸੈਟਰਾਂ/ਆਯੂਸ਼ਮਾਨ ਅਰੋਗਿਆ ਕੇਂਦਰ-ਸਬ ਸੈਟਰਾਂ ਵਿੱਚੋ 123 ਸੈਟਰਾਂ ਦੀ ਇਮਾਰਤਾਂ ਦੀ ਨਵੀਂ ਉਸਾਰੀ ਦਾ ਕੰਮ ਇਸ ਪੜਾਅ ਦੌਰਾਨ ਕੀਤਾ ਜਾ ਰਿਹਾ ਹੈ। ਪਿੰਡ ਰੱਕੜੀ ਦਤਾਰਪੁਰ, ਪਿੰਡ ਚਮੂਹੀ, ਜੰਡ ਅਤੇ ਪਿੰਡ ਬੁਧੋਬਰਕਤ ਦੀ ਨਵੀਆਂ ਇਮਾਰਤਾਂ ਦੇ ਨਿਰਮਾਣ ਦਾ ਕੰਮ ਇਸ ਪੜਾਅ ਵਿਚ ਸ਼ਾਮਲ ਨਹੀਂ ਹੈ। ਇੱਥੇ ਇਹ ਦੱਸਣਯੋਗ ਹੈ ਕਿ ਪਿੰਡ ਰੱਕੜੀ ਅਤੇ ਪਿੰਡ ਚਮੂਹੀ ਵਿਖੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਹੈਲਥ ਐਂਡ ਵੈਲਨੈਸ ਸੈਟਰਾਂ/ਆਯੂਸ਼ਮਾਨ ਅਰੋਗਿਆ ਕੇਂਦਰ-ਸਬ ਸੈਟਰਾਂ ਦੇ ਨਾਲ-ਨਾਲ ਨਵੇਂ ਆਮ ਆਦਮੀ ਕਲੀਨਿਕ ਵੀ ਖੋਲ੍ਹੇ ਜਾ ਚੁੱਕੇ ਹਨ।

ਦਸੂਹਾ ਵਿੱਚ 38 ਵੈਲਨੈੱਸ ਸੈਂਟਰ ਹਨ, ਜਿਨ੍ਹਾਂ ਵਿਚੋਂ 27 ਦੀ ਕੰਸਟ੍ਰਕਸ਼ਨ ਹੋ ਚੁੱਕੀ ਹੈ। ਅਸੀਂ ਨਵੀਂ ਕੰਸਟ੍ਰਕਸ਼ਨ ਕਰ ਰਹੇ ਹਾਂ ਕਿਉਂਕਿ ਸਾਰੇ ਹੀ dilapidated condition ਵਿੱਚ ਸਨ। ਇਨ੍ਹਾਂ ਦੇ ਸਿਰਫ 11 ਰਹਿੰਦੇ ਹਨ। ਜਿਹੜੇ ਇਨ੍ਹਾਂ ਨੇ ਚਾਰ ਪਿੰਡਾਂ ਵਾਸਤੇ ਹੋਰ ਕਿਹਾ ਹੈ, ਉਹ ਅਸੀਂ ਨੈਕਸਟ ਪੜ੍ਹਾਅ ਵਿੱਚ ਕਰ ਲਵਾਂਗੇ।

**ਸਰਦਾਰ ਕਰਮਬੀਰ ਸਿੰਘ** : ਮੈਂ ਮਾਣਯੋਗ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਰ ਵਾਰ ਸਾਡੇ ਦਸੂਹਾ ਹਲਕੇ ਨੂੰ ਬਹੁਤ ਮਾਣ-ਸਤਿਕਾਰ ਦਿੱਤਾ ਹੈ। ਜਿਹੜੇ ਚਾਰ ਪਿੰਡਾਂ ਦਾ ਮੈਂ ਜ਼ਿਕਰ ਕੀਤਾ ਹੈ, ਪਿੰਡ ਜੰਡ, ਬੁਧੋਬਰਕਤ, ਰੱਕੜੀ ਦਤਾਰਪੁਰ ਅਤੇ ਚਮੂਹੀ, ਇਨ੍ਹਾਂ ਦੇ ਹੈਲਥ ਸੈਂਟਰਾਂ ਦਾ ਬਹੁਤ ਬੁਰਾ ਹਾਲ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਅਗਲੇ ਫੇਜ਼ ਵਿੱਚ ਆ ਜਾਣਗੇ।

**ਮਾਣਯੋਗ ਸਪੀਕਰ :** ਮੰਤਰੀ ਜੀ, ਇਸ ਨੂੰ ਨੈਕਸਟ ਟਾਈਮ ਲੈ ਲਓਗੇ?

**ਮੰਤਰੀ** : ਹਾਂ ਜੀ, ਅਗਲੇ ਫੇਜ਼ ਵਿੱਚ ਲੈ ਲਵਾਂਗੇ। ਇਸ ਵੇਲੇ 928 ਵੈਲਨੈੱਸ ਸੈਂਟਰ ਚੱਲ ਰਹੇ ਹਨ, ਜਿਸ ਵਿੱਚ ਇਨ੍ਹਾਂ ਦੇ ਹਲਕੇ ਦੇ ਦੂਜੇ ਵੈਲਨੈੱਸ ਸੈਂਟਰ ਵੀ ਹਨ।

---------

## ਅਮਰਗੜ੍ਹ ਬੱਸ ਅੱਡੇ ਦੀ ਰਿਪੇਅਰ ਕਰਨਾ

***1894. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਅਮਰਗੜ੍ਹ ਬੱਸ ਅੱਡੇ ਦੀ ਇਮਾਰਤ ਦੀ ਹਾਲਤ ਬਹੁਤ ਖਰਾਬ ਹੈ, ਜੇਕਰ ਅਜਿਹ ਹੈ ਤਾਂ ਕੀ ਇਸ ਦੀ ਰਿਪੇਅਰ ਜਾਂ ਮੁੜ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ** : ਨਹੀ ਜੀ। ਸ਼ਹਿਰ ਅਮਰਗੜ੍ਹ ਦਾ ਬੱਸ ਅੱਡਾ ਸਹੀ ਹਾਲਤ ਵਿੱਚ ਹੈ। ਇਸ ਲਈ ਇਸ ਦੀ ਰਿਪੇਅਰ ਜਾਂ ਮੁੜ ਉਸਾਰੀ ਦੀ ਕੋਈ ਵੀ ਤਜਵੀਜ ਵਿਚਾਰ ਅਧੀਨ ਨਹੀ ਹੈ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਧੰਨਵਾਦ ਜੀ।

---------

## ਬਿਜਲੀ ਦੀਆਂ ਮੋਟਰਾਂ ਦੂਜੀ ਜਗ੍ਹਾ ਸ਼ਿਫਟ ਕਰਨਾ

***1978. ਸ੍ਰੀ ਹਾਕਮ ਸਿੰਘ ਠੇਕੇਦਾਰ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਵਾਰਾ ਏਅਰਪੋਰਟ ਲਈ ਜਿਹੜੇ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਸਨ, ਉਹਨਾਂ ਦੀਆਂ ਮੋਟਰਾਂ ਦੂਜੀ ਜਗ੍ਹਾ ਤੇ ਕਦੋਂ ਤੱਕ ਸ਼ਿਫਟ ਕੀਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ** : ਸ੍ਰੀਮਾਨ ਜੀ, ਸਾਲ 2020-21 ਵਿਚ ਹਲਵਾਰਾ ਏਅਰਪੋਰਟ ਬਣਾਉਣ ਲਈ ਕਿਸਾਨਾਂ ਦੀ ਜ਼ਮੀਨ ਅਕਵਾਇਰ ਕੀਤੀ ਗਈ ਸੀ। ਐਕੁਆਇਰ ਕੀਤੀ ਗਈ ਜਮੀਨ ਵਿਚ ਕਿਸਾਨਾਂ ਦੀਆਂ ਕੁੱਲ 13 ਟਿਊਬਵੈੱਲ ਮੋਟਰਾਂ ਚਲ ਰਹੀਆਂ ਸਨ। ਇਨ੍ਹਾਂ ਵਿਚੋਂ 8 ਮੋਟਰਾਂ ਨੂੰ ਖਪਤਕਾਰਾਂ ਦੀ ਬੇਨਤੀ ਤੇ ਪਹਿਲਾਂ ਹੀ ਸ਼ਿਫਟ ਕੀਤਾ ਜਾ ਚੁੱਕਾ ਹੈ, ਬਾਕੀ ਰਹਿੰਦੀਆਂ 5 ਮੋਟਰਾਂ ਵਿੱਚੋਂ 2 ਖਪਤਕਾਰਾਂ ਵੱਲੋਂ ਮੋਟਰ ਸ਼ਿਫਟਿੰਗ ਸਬੰਧੀ ਕੋਈ ਬਿਨੈ-ਪੱਤਰ ਨਹੀਂ ਦਿੱਤਾ ਗਿਆ ਅਤੇ 3 ਖਪਤਕਾਰਾਂ ਵਲੋਂ ਸਾਲ 2025-26 ਵਿਚ ਸ਼ਿਫਟਿੰਗ ਸਬੰਧੀ ਬਿਨੈ-ਪੱਤਰ ਦਿੱਤੇ ਗਏ ਸਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਈ.ਐਸ.ਆਈ.ਐਮ.(ਇਲੈਕਟ੍ਰੀਸਿਟੀ ਸਪਲਾਈ ਇੰਸਟਰਕਸ਼ਨਜ਼ ਮੈਨੂਅਲ) ਦੇ ਪੈਰ੍ਹਾ 3.3.8 ਅਨੁਸਾਰ ਇਨ੍ਹਾਂ ਮੋਟਰਾਂ ਦੇ ਕੁਨੈਕਸ਼ਨ ਨੂੰ ਪੱਕੇ ਤੌਰ ਤੇ ਕੱਟ ਦਿੱਤਾ ਗਿਆ ਸੀ। ਜਿਸ ਕਾਰਨ ਹੁਣ ਇਹ ਕੁਨੈਕਸ਼ਨ ਸ਼ਿਫਟ ਨਹੀਂ ਕੀਤੇ ਜਾ ਸਕਦੇ।

**ਮਾਣਯੋਗ ਸਪੀਕਰ** : ਕੱਟਿਆ ਨਾ ਕਰੋ ਜੀ, ਮਿਲਦੀਆਂ ਨਹੀਂ ਹਨ।

**ਸ੍ਰੀ ਹਾਕਮ ਸਿੰਘ ਠੇਕੇਦਾਰ** : ਇਹਤਿਆਣਾ ਪਿੰਡ ਨੇ ਆਪਣੀ 161 ਏਕੜ ਜ਼ਮੀਨ ਹਲਵਾਰਾ ਏਅਰਪੋਰਟ ਨੂੰ ਦਿੱਤੀ ਹੈ। ਇਹ ਕੋਈ ਮਾੜਾ ਕੰਮ ਨਹੀਂ ਹੈ, ਵਧੀਆ ਕੀਤਾ ਹੈ। ਉਨ੍ਹਾਂ ਦੀਆਂ 8 ਮੋਟਰਾਂ ਸ਼ਿਫਟ ਹੋ ਚੁੱਕੀਆਂ ਹਨ ਅਤੇ ਬਾਕੀ ਵੀ

ਸ਼ਿਫਟ ਕਰ ਦੇਣੀਆਂ ਚਾਹੀਦੀਆਂ ਹਨ। ਉਸ ਪਿੰਡ ਨੇ ਇੰਨਾ ਵਧੀਆ ਕੰਮ ਕੀਤਾ ਹੈ, ਇਸ ਦਾ ਇਨਾਮ ਤਾਂ ਉਨ੍ਹਾਂ ਨੂੰ ਕੀ ਦੇਣਾ ਹੈ, ਮੈਂ ਬੇਨਤੀ ਕਰਾਂਗਾ ਕਿ ਬਾਕੀ ਮੋਟਰਾਂ ਵੀ ਸ਼ਿਫਟ ਕੀਤੀਆਂ ਜਾਣ।

**ਮਾਣਯੋਗ ਸਪੀਕਰ** : ਕੀ ਉਹ ਮੋਟਰਾਂ ਰਿਸਟੋਰ ਕਰੋਗੇ?

**ਮੰਤਰੀ** : ਸਰ, ਅੱਜ ਇਨ੍ਹਾਂ ਨੂੰ ਵਧਾਈ ਦੇ ਦਿੰਦੇ ਹਾਂ, ਇਹ ਐਪਲੀਕੇਸ਼ਨ ਦਿਵਾ ਦੇਣ, ਅਸੀਂ ਇਨ੍ਹਾਂ ਦੀਆਂ ਤਿੰਨੋਂ ਮੋਟਰਾਂ ਰੀਸਟੋਰ ਕਰ ਦੇਵਾਂਗੇ।

**ਮਾਣਯੋਗ ਸਪੀਕਰ** : ਵਾਹ ਜੀ।(ਥੰਪਿੰਗ) Thank you. ਮੇਰੇ ਵੱਲੋਂ ਤੁਹਾਡਾ ਧੰਨਵਾਦ।

---------

## ਫਰੀਦਕੋਟ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਨੂੰ ਟੂਰਿਸਟ ਸਰਕਿਟ ਵਿੱਚ ਸ਼ਾਮਲ ਕਰਨਾ

***1934. ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਸਰਕਾਰ ਵੱਲ ਹਲਕਾ ਫ਼ਰੀਦਕੋਟ ਵਿੱਚ ਸਥਿਤ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਜਿਵੇ ਕਿ Qila Mubarak, Raj Mahal ਅਤੇ Gurudwara Tilla Baba Farid ਦੇ ਵਿਕਾਸ ਲਈ ਪਿਛਲੇ ਤਿੰਨ ਸਾਲਾਂ ਦੌਰਾਨ ਕੋਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਗਈ ਹੈ;

(ਅ) ਜੇਕਰ ਅਜਿਹਾ ਹੈ ਤਾਂ ਹਰ ਪ੍ਰੋਜੈਕਟ ਲਈ ਮਨਜ਼ੂਰ ਕੀਤੀ ਗਈ ਰਕਮ, ਖਰਚੀ ਗਈ ਰਕਮ ਅਤੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ;

(ੲ) ਕੀ ਇਨ੍ਹਾਂ ਸਥਾਨਾਂ ਨੂੰ ਰਾਜ ਜਾਂ ਰਾਸ਼ਟਰੀ ਪੱਧਰ ਦੇ ਟੂਰਿਸਟ ਸਰਿਕਟ ਵਿੱਚ ਸ਼ਾਮਲ ਕਰਨ ਦੀ ਕੋਈ ਯੋਜਨਾ ਹੈ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਾਨ ਜੀ,

(ੳ) ਹਲਕਾ ਫਰੀਦਕੋਟ ਵਿੱਚ ਸਥਿਤ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਜਿਵੇਂ ਕਿ Qila Mubarak, Raj Mahal ਅਤੇ Gurudwara Tilla Baba Farid ਦੇ ਵਿਕਾਸ ਲਈ ਵਿਭਾਗ ਵਿੱਚ ਹਾਲ ਦੀ ਘੜੀ ਕੋਈ ਤਜਵੀਜ ਵਿਚਾਰ ਅਧੀਨ ਨਹੀਂ ਹੈ।

(ਅ) ਉਕਤ (ੳ) ਅਨੁਸਾਰ

(ੲ) ਉਕਤ (ੳ) ਅਨੁਸਾਰ

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਬਹੁਤ ਹੀ ਇਤਿਹਾਸਕ ਸ਼ਹਿਰ ਹੈ। ਇੱਥੇ ਕਈ ਪੁਰਾਤਨ ਬਿਲਡਿੰਗਾਂ ਹਨ, ਜਿਵੇਂ ਕਿਲਾ ਮੁਬਾਰਕ, ਸਾਡੀਆਂ ਕਚਹਿਰੀਆਂ, ਜੋ ਏਸ਼ੀਆ ਵਿੱਚ ਸਭ ਤੋਂ ਸੁੰਦਰ ਕਚਹਿਰੀਆਂ ਹਨ, ਘੰਟਾ ਘਰ ਅਤੇ ਰਾਜ ਮਹਿਲ ਹੈ। ਇਸ ਤੋਂ ਇਲਾਵਾ ਆਪ ਜੀ ਦੇ ਹਲਕੇ ਵਿੱਚ ਬੀੜ ਸਿੱਖਾਂ ਵਾਲਾ ਵਿੱਚ ਮਹਾਰਾਜਾ ਸਾਹਿਬ ਦਾ ਰੈਸਟ ਹਾਊਸ ਬਣਿਆ ਹੋਇਆ ਹੈ, ਕੋਠੀ ਬਣੀ ਹੋਈ ਹੈ। ਇਸ ਤੋਂ ਇਲਾਵਾ ਬੀੜ ਘੁਗਿਆਣਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰੈਸਟ ਹਾਊਸ ਪੁਰਾਤਨ ਬਿਲਡਿੰਗਾਂ ਹਨ। ਮੈਂ ਆਪ ਜੀ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਸਾਂਭਿਆ ਜਾਵੇ। ਪਰਿਵਾਰ ਵੀ ਲੜਾਈ ਚੱਲ ਰਹੀ ਹੈ, ਜਿਸ ਕਾਰਨ ਬਿਲਡਿੰਗਾਂ ਖਰਾਬ ਹੋ ਰਹੀਆਂ ਹਨ। ਇਹ ਬਿਲਡਿੰਗਾਂ 200-300 ਸਾਲ ਪੁਰਾਣੀਆਂ ਹਨ, ਇਸ ਲਈ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਸਾਂਭਣ ਦਾ ਯਤਨ ਕੀਤਾ ਜਾਵੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਇਹ ਪੁਰਾਣੀ ਧਰੋਹਰ ਹੈ। ਆਪਾਂ ਇਥੇ ਟੂਰਿਜ਼ਮ ਵੀ ਸ਼ੁਰੂ ਕਰ ਸਕਦੇ ਹਾਂ। ਕੀ ਤੁਸੀਂ ਇਨ੍ਹਾਂ ਨੂੰ ਸਾਂਭਣ ਦਾ ਯਤਨ ਕਰੋਗੇ ਅਤੇ ਟੂਰਿਜ਼ਮ ਮੈਪ ਤੇ ਲਿਆਓਗੇ?

**ਮੰਤਰੀ**: ਸਰ, ਮੈਂ ਇਸ ਸਬੰਧੀ ਇਕ ਵਾਰ ਮੈਂਬਰ ਸਾਹਿਬ ਨਾਲ ਬੈਠ ਕੇ ਗੱਲ ਕਰ ਲਵਾਂਗਾ ਅਤੇ ਉਸ ਤੋਂ ਬਾਅਦ ਤੁਹਾਡੇ ਨਾਲ ਵੀ ਰਾਏ ਕਰ ਲਵਾਂਗਾ। ਜਿਹੜੀਆਂ ਚੀਜ਼ਾਂ ਪਾਸੀਬਲ ਹੋਣਗੀਆਂ, ਉਨ੍ਹਾਂ ਨੂੰ 100% ਕਰਾਂਗੇ ਅਤੇ ਜਿੱਥੇ ਕਿਸੇ ਕਿਸਮ ਦੀ ਕੋਈ ਬਾਧਾ ਹੋਵੇਗੀ, ਉਹ ਵੀ ਡਿਸਕਸ ਕਰ ਲਵਾਂਗੇ।

**1100/Karamjit kaur**

ਸਾਡੀ ਇੰਟੈਂਸ਼ਨ ਇਹ ਹੈ ਕਿ ਸਾਡੀਆਂ ਜਿੰਨੀਆਂ ਵੀ ਹੈਰੀਟੇਜ ਬਿਲਡਿੰਗਜ ਹਨ, ਉਨ੍ਹਾਂ ਨੂੰ ਪ੍ਰਕਿਓਰ ਰੱਖਣਾ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨਾ ਸਾਡੀ ਪ੍ਰਾਥਮਿਕਤਾ ਹੈ, ਸਾਡੀ ਪਹਿਲ ਹੈ। ਇਸ ਕਰਕੇ 100% We assure, ਕਿ ਜੇ ਇਸ ਵਿੱਚ ਕਿਸੇ ਕਿਸਮ ਦੀ ਕੋਈ ਹਿੰਜ ਨਾ ਹੋਈ ਤਾਂ ਅਸੀਂ ਇਸ ਦੇ ਲਈ ਤੱਤਪਰ ਹੋ ਕੇ ਕੰਮ ਕਰਾਂਗੇ।

**ਮਾਣਯੋਗ ਸਪੀਕਰ**: ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

-------

**WRITTEN ANSWERS TO STARRED QUESTIONS LAID ON THE TABLE OF THE HOUSE UNDER RULE 38**

**ਆਈ.ਟੀ.ਆਈ. ਮਲੌਦ ਵਿਖੇ ਅਧਿਆਪਕਾਂ/ਇੰਸਟ੍ਰਕਟਰਾਂ ਅਤੇ ਹੋਰ ਸਟਾਫ਼ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ**

***1927. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ: ਕੀ ਤਕਨੀਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-**

(ੳ) ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.), ਮਲੌਦ ਵਿਖੇ ਅਧਿਆਪਕਾਂ/ਇੰਸਟਕਟਰਾਂ ਅਤੇ ਹੋਰ ਸਟਾਫ਼ ਦੀਆਂ ਮਨਜ਼ੂਰਸ਼ੁਦਾ ਕੁੱਲ ਕਿੰਨੀਆਂ ਅਸਾਮੀਆਂ ਹਨ, ਉਨ੍ਹਾਂ ਵਿੱਚੋਂ ਇਸ ਸਮੇਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲ੍ਹੀ ਪਈਆਂ ਹਨ; ਅਹੁਦਾ-ਵਾਰ ਅਤੇ ਟ੍ਰੇਡ-ਵਾਰ ਵੇਰਵਾ ਦਿੱਤਾ ਜਾਵੇ;

(ਅ) ਆਈ.ਟੀ.ਆਈ. ਮਲੌਦ ਵਿਖੇ ਖਾਲ੍ਹੀ ਪਈਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ**:

(ੳ) ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮਲੌਦ ਵਿਖੇ ਅਧਿਆਪਕਾਂ/ਇੰਸਟਕਟਰਾਂ ਅਤੇ ਹੋਰ ਸਟਾਫ਼ ਦੀਆਂ ਕੁੱਲ 28 ਮਨਜ਼ੂਰਸ਼ੁਦਾ ਅਸਾਮੀਆਂ ਹਨ, ਉਨ੍ਹਾਂ ਵਿੱਚੋਂ ਇਸ ਸਮੇਂ 12 ਅਸਾਮੀਆਂ ਭਰੀਆਂ ਹੋਈਆਂ ਹਨ (07 ਰੈਗੂਲਰ ਕਰਮਚਾਰੀ ਅਤੇ 05 ਗੈਸਟ ਫੈਕਲਟੀ ਇੰਸਟ੍ਰਕਟਰ) ਅਤੇ 16 ਅਸਾਮੀਆਂ ਖਾਲੀ ਹਨ, ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| **ਲੜੀਨੰ.** | **ਪ੍ਰਵਾਨਿਤ ਆਸਾਮੀ ਦਾ ਨਾਮ** | **ਪ੍ਰਵਾਨਿਤ ਆਸਾਮੀਆਂ ਦੀ ਗਿਣਤੀ** | **ਭਰੀਆਂ ਆਸਾਮੀਆਂ ਦੀ ਗਿਣਤੀ** | **ਖਾਲੀ ਆਸਾਮੀਆਂ ਦੀ ਗਿਣਤੀ** |
|---|---|---|---|---|
| 1. | ਪ੍ਰਿੰਸੀਪਲ ਜੂਨੀਅਰ ਸਕੇਲ | 01 | 01 | 00 |
| 2. | ਟ੍ਰੇਨਿੰਗ ਅਫ਼ਸਰ | 02 | 01 | 01 |
| 3. | ਕਰਾਫਟ ਇੰਸਟਰਕਟਰ | 11 | 05 (ਗੈਸਟ ਫੈਕਲਟੀ ਇਸੰਟਰਕਟਰ) | 06 |
| 4. | ਡਰਾਇੰਗ ਇੰਸਟਰਕਟਰ | 01 | 00 | 01 |
| 5. | ਵਰਕਸ਼ਾਪ ਕੈਲਕੁਲੇਸ਼ਨ ਅਤੇ | 01 | 00 | 01 |

| | | | | |
|---|---|---|---|---|
| | ਸਾਇੰਸ ਇੰਸਟਰਕਟਰ | | | |
| 6. | ਸੁਪਰਡੰਟ ਗ੍ਰੇਡ-1 | 01 | 01 | 00 |
| 7. | ਸੀਨੀਅਰ ਸਹਾਇਕ | 03 | 01 | 02 |
| 8. | ਕਲਰਕ | 02 | 02 | 00 |
| 9. | ਹੋਸਟਲ ਸੁਪਰਡੰਟ ਕਮ ਪੀ.ਟੀ.ਆਈ. | 01 | 01 | 00 |
| 10. | ਸਟੋਰ ਕੀਪਰ | 01 | 00 | 01 |
| 11. | ਵਰਕਸ਼ਾਪ ਅਟੈਂਡੈਂਟ | 04 | 00 | 04 |
| **ਕੁੱਲ** | | **28** | **12** | **16** |

(ਅ) ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮਲੋਦ ਵਿਖੇ ਅਸਾਮੀਆਂ ਦੀ ਸਿਰਜਣਾ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ:17.08.2023 ਰਾਹੀਂ ਕੀਤੀ ਗਈ ਸੀ। ਅਸਾਮੀਆਂ ਦੀ ਸਿਰਜਣਾ ਹੋਣ ਉਪਰੰਤ ਆਸਾਮੀਆਂ ਭਰਨ ਸਬੰਧੀ ਮੰਗ ਪੱਤਰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਭੇਜੇ ਗਏ ਸਨ। ਭੇਜੇ ਗਏ ਮੰਗ ਪੱਤਰ ਵਿਰੁੱਧ ਕਲਰਕ ਅਤੇ ਹੋਸਟਲ ਸੁਪਰਡੰਟ ਕਮ ਪੀ.ਟੀ.ਆਈ. ਦੀਆਂ ਆਸਾਮੀਆਂ ਲਈ ਸਿਫਾਰਿਸ਼ਾਂ ਪ੍ਰਾਪਤ ਹੋਣ ਉਪਰੰਤ ਇਸ ਅਮਲੇ ਦੀ ਤੈਨਾਤੀ ਆਈ.ਟੀ.ਆਈ. ਮਲੋਦ ਵਿਖੇ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਬਾਕੀ ਦੀਆਂ ਅਸਾਮੀਆਂ ਦੀ ਭਰਤੀ ਸਬੰਧੀ ਕਾਰਵਾਈ ਅਧੀਨ ਸੇਵਾਵਾਂ ਚੋਣ ਬੋਰਡ ਦੇ ਵਿਚਾਰ ਅਧੀਨ ਹੈ, ਬੋਰਡ ਪਾਸੋਂ ਸਿਫਾਰਿਸ਼ਾ ਪ੍ਰਾਪਤ ਹੋਣ ਤੇ ਨੇੜ ਭਵਿੱਖ ਵਿੱਚ ਖਾਲੀ ਆਸਾਮੀਆਂ ਭਰ ਲਈਆਂ ਜਾਣਗੀਆਂ।

----------

**ਹਲਕਾ ਜੀਰਾ ਦੇ ਪਿੰਡਾਂ ਦੀਆਂ ਲਾਇਬ੍ਰੇਰੀਆਂ ਦਾ ਵੇਰਵੇ**

***1985. ਸ਼੍ਰੀ ਨਰੇਸ਼ ਕਟਾਰੀਆ**: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਦੱਸਣਗੇ ਕਿ ਹਲਕਾ ਜੀਰਾ ਦੇ ਪਿੰਡਾਂ ਵਿੱਚ ਕਿੰਨੀਆ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਹਨ, ਉਨ੍ਹਾ ਵਿਚੋਂ ਕਿੰਨੀਆਂ ਪਬਲਿਕ ਲਈ ਸ਼ੁਰੂ ਹੋ ਚੁੱਕੀਆਂ ਹਨ ਅਤੇ ਜਿਹੜੀਆਂ ਲਾਇਬੇਰਰੀਆਂ ਅਜੇ ਤੱਕ ਪਬਲਿਕ ਨੂੰ ਸਪੁਰਦ ਨਹੀਂ ਕੀਤੀਆਂ ਗਈਆਂ, ਉਨ੍ਹਾਂ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ;ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ :** ਸ਼੍ਰੀਮਾਨ ਜੀ, ਹਲਕਾ ਜੀਰਾ ਅਧੀਨ ਪੈਂਦੇ ਬਲਾਕ ਜੀਰਾ ਦੇ ਤਿੰਨ ਪਿੰਡਾਂ (ਮਨਸੂਰਦੇਵਾ, ਮਰਖਈ, ਮੱਲੋਕੇ) ਅਤੇ ਬਲਾਕ ਮੱਖੂ ਦੇ ਤਿੰਨ ਪਿੰਡਾਂ (ਫਤਿਹਗੜ੍ਹ ਸਭਰਾ, ਬੂਟੇਵਾਲਾ ਅਤੇ ਬਵਲੈਤ ਸ਼ਾਹ) ਕੁੱਲ 6 ਪਿੰਡਾਂ ਵਿੱਚ ਲਾਇਬ੍ਰੇਰੀਆਂ ਦੀਆਂ ਬਿਲਡਿੰਗਾਂ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਫਰਨੀਚਰ ਦਾ

ਆਰਡਰ ਦਿੱਤਾ ਹੋਇਆ ਹੈ। ਫਰਨੀਚਰ ਪ੍ਰਾਪਤ ਹੋਣ ਤੇ ਕਿਤਾਬਾਂ ਰੱਖ ਕੇ ਲਾਇਬ੍ਰੇਰੀਆਂ ਗਰਾਮ ਪੰਚਾਇਤ ਰਾਹੀਂ ਪਬਲਿਕ ਨੂੰ ਸਪੁਰਦ ਕਰ ਦਿੱਤੀਆ ਜਾਣਗੀਆਂ।

-------

**ਅਜ਼ਾਦੀ ਘੁਲਾਟੀਆਂ ਦੀ ਚੌਥੀ ਪੀੜ੍ਹੀ ਦਾ ਰਾਖਵਾਂਕਰਨ 1 ਪ੍ਰਤੀਸ਼ਤ ਤੋਂ ਵਧਾ ਕੇ 2 ਪ੍ਰਤੀਸ਼ਤ ਕਰਨਾ**

***1952. ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਕੀ ਅਜ਼ਾਦੀ ਘੁਲਾਟੀਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਅਜ਼ਾਦੀ ਘੁਲਾਟੀਏ (ਫ੍ਰੀਡਮ ਫਾਈਟਰ) ਉਤਰਾਧਿਕਾਰੀ ਐਸੋਸੀਏਸ਼ਨ ਵੱਲੋਂ ਲੰਮੇ ਸਮੇਂ ਤੋਂ ਮੰਗ ਕੀਤੀ ਜੀ ਰਹੀ ਹੈ ਕਿ ਸੁਤੰਤਰਤਾ ਸੰਗਰਾਮੀਆਂ ਦੇ ਵਾਰਿਸਾਂ ਦੀ ਚੌਥੀ ਪੀੜੀ ਨੂੰ ਨੌਕਰੀ ਵਿੱਚ ਰਾਖਵੇਂਕਰਨ ਦੇ ਅਧੀਨ ਲਿਆਂਦਾ ਜਾਵੇ ਤਾਂ ਜੋ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ ਦੀ ਹੋਂਦ ਨੂੰ ਸਮਾਜ ਵਿੱਚ ਬਚਾ ਕੇ ਰੱਖਿਆ ਜਾ ਸਕੇ; ਜੇਕਰ ਅਜਿਹਾ ਹੋਵੇ ਤਾਂ ਕਿ ਸਰਕਾਰ ਵੱਲੋਂ ਦੇਸ਼ ਭਗਤ ਪਰਿਵਾਰਾਂ ਦੀ ਇਸ ਮੰਗ ਬਾਰੇ ਕੋਈ ਪ੍ਰਸਤਾਵ ਤਿਆਰ ਕੀਤਾ ਹੈ;

(ਅ) ਕੀ ਦੇਸ਼ ਭਗਤਾਂ ਦੇ ਵਾਰਿਸਾਂ ਨੂੰ ਤੀਜੀ ਪੀੜੀ ਤੱਕ ਮਿਲਦੇ ਨੌਕਰੀ ਵਿੱਚ ਰਾਖਵੇਂਕਰਨ ਨੂੰ 1 ਪ੍ਰਤੀਸ਼ਤ ਤੋਂ ਵਧਾ ਕੇ 2 ਪ੍ਰਤੀਸ਼ਤ ਕਰਨ ਦਾ ਵਿਚਾਰ ਹੈ ਜਾਂ ਨਹੀਂ?

**ਸ਼੍ਰੀ ਮੋਹਿੰਦਰ ਭਗਤ:** (ੳ) ਹਾਂ ਜੀ।

(ਅ) ਹਾਂ ਜੀ।

-----------

**MATTERS RAISED DURING ZERO HOUR AND STATEMENT MADE BY THE MINISTER THEREON**

**ਮਾਣਯੋਗ ਸਪੀਕਰ:** ਸ਼੍ਰੀ ਅਸ਼ਵਨੀ ਜੀ, ਤੁਸੀਂ ਦੱਸੋ ਜੀ। ਤੁਸੀਂ ਕੀ ਬੋਲਣਾ ਚਾਹੁੰਦੇ ਹੋ?

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਜ਼ੀਰੋ ਆਵਰ ਵਿੱਚ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਮੈਂ ਹਾਊਸ ਦਾ ਧਿਆਨ ਇਸ ਗੱਲ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਪਰਸੋਂ ਸਮਾਚਾਰ ਪੱਤਰਾਂ ਦੇ ਅੰਦਰ ਸਤਲੁਜ ਔਰ ਰਾਵੀ ਦਰਿਆਵਾਂ ਦੇ ਕਿਨਾਰੇ ਹੋਣ ਵਾਲੀ ਇਲਲੀਗਲ ਮਾਈਨਿੰਗ ਤੇ ਟਿੱਪਣੀਆਂ ਵੀ ਆਈਆਂ ਹਨ ਅਤੇ ਜਵਾਬਦੇਹੀ ਤੈਅ ਕਰਨ ਦੀ ਗੱਲ ਵੀ ਆਈ ਹੈ। ਸਪੀਕਰ ਸਾਹਿਬ, ਜਦੋਂ ਇਹ

ਸਰਕਾਰ ਆਈ ਹੈ, ਇਸ ਦੇ ਚਾਰ-ਪੰਜ ਮੁੱਦੇ ਬੜੇ ਮਹੱਤਵਪੂਰਨ ਸੀ। ਅੱਜ ਜਦੋਂ ਕਿ ਹਾਊਸ ਦਾ ਹੋ ਸਕਦਾ ਹੈ ਕਿ ਦਸੰਬਰ ਵਿੱਚ ਇੱਕ-ਅੱਧਾ ਸਤਰ ਹੋਰ ਬੁਲਾ ਲਿਆ ਜਾਵੇ, ਅੱਜ ਹਾਊਸ ਅੰਤਿਮ ਤੇ ਹੈ ਪ੍ਰੰਤੂ ਅੱਜ ਵੀ ਉਹ ਮੁੱਦੇ ਉਵੇਂ ਹੀ ਖੜ੍ਹੇ ਹਨ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਦਾ।

ਮੈਂ ਅੱਜ ਇਕੱਲਾ ਇਲਲੀਗਲ ਮਾਈਨਿੰਗ ਦੀ ਗੱਲ ਕਰਦਾ ਹਾਂ। ਸਰਕਾਰ ਨੇ ਤੇ ਮੰਤਰੀ ਜੀ ਨੇ ਹਾਊਸ ਦੇ ਅੰਦਰ ਇੱਕ ਪਾਸੇ ਤਾਂ ਇਲਲੀਗਲ ਮਾਈਨਿੰਗ ਨੂੰ ਲੈ ਕੇ ਜ਼ੀਰੋ ਟੋਲਰੈਂਸ ਦਾ ਵਾਅਦਾ ਕੀਤਾ ਸੀ ਲੇਕਿਨ ਹੋ ਕੀ ਰਿਹਾ ਹੈ? ਅਸਲੀਅਤ ਵਿੱਚ ਉਸ ਤੋਂ ਉਲਟਾ ਹੋ ਰਿਹਾ ਹੈ। ਸਰਕਾਰੀ ਪ੍ਰਸ਼ਾਸਨ ਔਰ ਸੱਤਾਧਾਰੀ ਨੇਤਾਵਾਂ ਦੁਆਰਾ, ਅਸੀਂ ਇੱਕ ਪਾਸੇ ਤਾਂ ਕਹਿੰਦੇ ਹਾਂ ਕਿ ਮੀਡੀਆ ਵਾਲੇ ਲੋਕਤੰਤਰ ਦਾ ਸਤੰਭ ਹਨ, ਜਨਤਾ ਦੀ ਆਵਾਜ਼ ਉਠਾਉਣਾ, ਜਨਤਕ ਮੁੱਦਿਆਂ ਨੂੰ ਲੋਕਾਂ ਦੇ ਧਿਆਨ ਵਿੱਚ ਲਿਆਉਣਾ ਉਨ੍ਹਾਂ ਦਾ ਕੰਮ ਹੈ। ਰਾਵੀ ਕਿਨਾਰੇ ਹੋ ਰਹੀ ਇਲ-ਲੀਗਲ ਮਾਈਨਿੰਗ ਦੇ ਉੱਤੇ ਮੀਡੀਆ ਹਾਊਸ ਰਿਪੋਰਟਿੰਗ ਕਰਦਾ ਹੈ ਔਰ ਸੱਤਾਧਾਰੀ ਪਾਰਟੀ ਦੇ ਨੇਤਾ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦੇ ਹਨ। ਸਿਰਫ ਧਮਕੀ ਹੀ ਨਹੀਂ ਦਿੰਦੇ, ਉਸ ਵਿੱਚ ਹੋਰ ਬਹੁਤ ਕੁੱਝ ਹੈ, ਉਹ ਅਵਾਜ਼ ਵਾਇਰਲ ਹੋ ਰਹੀ ਹੈ। ਮੈਨੂੰ ਥੋੜ੍ਹਾ ਜਿਹਾ ਸੰਤੋਸ਼ ਹੋ ਗਿਆ ਜਦੋਂ ਮੰਤਰੀ ਜੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਦੋਸ਼ੀਆਂ ਦੇ ਵਿਰੁੱਧ ਕਾਰਵਾਈ ਹੋਵੇਗੀ, ਮੇਰਾ ਕਿਸੇ ਨਾਲ ਪਰਸਨਲ ਕੋਈ ਵਿਰੋਧ ਨਹੀਂ ਹੈ। ਲੇਕਿਨ ਮੰਤਰੀ ਜੀ ਦੀ ਪ੍ਰੈੱਸ ਕਾਨਫਰੰਸ ਤੋਂ ਬਾਅਦ ਵੀ, ਦੋਸ਼ੀਆਂ ਖਿਲਾਫ ਕਾਰਵਾਈ ਹੋਣ ਦੀ ਜਗ੍ਹਾ ਉਲਟਾ ਅੱਜ ਵੀ ਧਮਕੀਆਂ ਦਾ ਦੌਰ ਖ਼ਤਮ ਨਹੀਂ ਹੋ ਰਿਹਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਇਲ-ਲੀਗਲ ਮਾਈਨਿੰਗ ਨੂੰ ਸਰੰਖ਼ਸ਼ਣ ਕੌਣ ਦੇ ਰਿਹਾ ਹੈ? ਇਹ ਸਰਕਾਰ ਨੂੰ ਚਿੰਤਾ ਕਰਨੀ ਚਾਹੀਦੀ ਹੈ ਔਰ ਆਪਣੀ ਪੀੜ੍ਹੀ ਥੱਲੇ ਸੋਟਾ ਜ਼ਰੂਰ ਮਾਰਨਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਥੈਂਕ ਯੂ। ਹਾਂ ਜੀ, ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਅੱਜ ਸਰਕਾਰ ਦੇ ਧਿਆਨ ਵਿੱਚ ਭਾਖੜਾ ਡੈਮ ਬਾਰੇ ਮਾਮਲਾ ਲਿਆਉਣਾ ਚਾਹੁੰਦਾ ਹਾਂ। ਭਾਖੜਾ ਡੈਮ ਬਣਾਉਣ ਦਾ ਸੁਪਨਾ ਸਰ ਛੋਟੂ ਰਾਮ ਜੀ ਨੇ ਸਾਲ 1925 ਵਿੱਚ ਲਿਆ ਸੀ ਅਤੇ ਦੇਸ਼ ਅਜ਼ਾਦ ਹੋਣ ਤੋਂ ਬਾਅਦ 1948 ਵਿੱਚ ਡੈਮ ਬਣਨਾ ਸ਼ੁਰੂ ਹੋਇਆ ਅਤੇ ਸਾਲ 1963 ਵਿੱਚ ਡੈਮ ਮੁਕੰਮਲ ਹੋਇਆ। ਉਸ ਤੋਂ ਬਾਅਦ ਜਦੋਂ ਸਾਲ 1966 ਵਿੱਚ ਪੰਜਾਬ ਰੀ-ਔਰਗੇਨਾਈਜੇਸ਼ਨ ਐਕਟ ਬਣਿਆ ਤਾਂ ਉਸ ਸਮੇਂ ਗੈਰ ਸੰਵਿਧਾਨਿਕ ਧਾਰਾਵਾਂ 78, 79 ਅਤੇ 80 ਲਗਾ ਕੇ, ਪੰਜਾਬ ਨੂੰ ਨਹਿਰਾਂ ਰਾਹੀਂ ਜਿਹੜਾ ਪਾਈ ਅਤੇ ਬਿਜਲੀ ਮਿਲਣੇ ਸੀ, ਇਨ੍ਹਾਂ ਉੱਤੇ ਪੰਜਾਬ ਦਾ ਹੱਕ ਸੀ। ਚਲੋ, ਧੱਕੇ ਨਾਲ ਖੋਹ ਕੇ ਅੱਜ ਇੱਥੋਂ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਤੱਕ ਪਾਣੀ ਜਾ ਰਿਹਾ ਹੈ। ਜਿਹੜੀ ਬਿਜਲੀ ਇੱਥੋਂ ਪੈਦਾ ਹੁੰਦੀ ਹੈ, ਉਹ ਵੀ ਪੰਜਾਬ, ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਨੂੰ ਬਿਜਲੀ ਦਿੱਤੀ ਜਾ ਰਹੀ ਹੈ। ਲੇਕਿਨ ਪਿਛਲੇ ਸਮੇਂ ਦੇ ਵਿੱਚ ਇਸ ਦੀ ਡੀ-ਸਿਲਟਿੰਗ ਨਾ ਹੋਣ ਕਰਕੇ, ਇੱਥੇ ਬਹੁਤ ਵੱਡੇ ਪੱਧਰ ਤੇ ਮਿੱਟੀ ਤੇ ਪੱਥਰ ਭਰ ਚੁੱਕੇ ਹਨ, ਜਿਸ ਕਰਕੇ ਡੈਮ ਦੀ ਕੈਪੇਸਿਟੀ ਬੜੀ ਘੱਟ ਹੋ ਚੁੱਕੀ ਹੈ। ਇਸ ਵਜ੍ਹਾ ਕਰਕੇ ਇਹ ਡੈਮ ਬੜੀ ਜਲਦੀ ਖ਼ਤਰੇ ਦੇ ਪੱਧਰ ਉੱਤੇ ਪਹੁੰਚ ਜਾਂਦਾ ਹੈ ਅਤੇ ਫਿਰ ਜਲਦੀ ਹੀ ਇਹ ਡੈਮ

ਖਾਲੀ ਹੋ ਜਾਂਦਾ ਹੈ। ਸੋ, ਇਸ ਕਰਕੇ ਜਦੋਂ ਫਲੱਡ ਗੇਟ ਖੋਲ੍ਹੇ ਜਾਂਦੇ ਹਨ ਤਾਂ ਉਸ ਕਰਕੇ ਹੜ੍ਹਾਂ ਕਾਰਨ ਜੋ ਸਾਰਾ ਨੁਕਸਾਨ ਹੁੰਦਾ ਹੈ, ਉਹ ਪੰਜਾਬ ਦਾ ਹੋ ਰਿਹਾ ਹੈ। ਜਿਹੜੀ ਉਸ ਵਿੱਚ ਇੰਨੀ ਜ਼ਿਆਦਾ ਮਿੱਟੀ ਅਤੇ ਪੱਥਰ ਭਰ ਚੁੱਕੇ ਹਨ, ਉਸ ਕਾਰਨ ਡੈਮ ਟਿਲਟ ਹੋ ਚੁੱਕਿਆ ਹੈ। ਜਦੋਂ ਇਹ ਡੈਮ ਬਣਿਆ ਸੀ ਤਾਂ ਇੰਜੀਨੀਅਰਜ਼ ਵੱਲੋਂ ਇਹ ਕਿਹਾ ਗਿਆ ਸੀ ਕਿ ਇਸ ਦੀ ਕੈਪੇਸਿਟੀ 1.030 ਇੰਚ ਤੱਕ ਟਿਲਟ ਹੋ ਸਕਦਾ ਹੈ, ਲੇਕਿਨ ਅੱਜ ਇਹ 1.171 ਤੱਕ ਟਿਲਟ ਹੋ ਚੁੱਕਿਆ ਹੈ। ਇਹ ਡੈਮ ਕਦੇ ਵੀ ਟੁੱਟ ਸਕਦਾ ਹੈ ਅਤੇ ਪਲਟ ਸਕਦਾ ਹੈ। ਲੇਕਿਨ ਇਸ ਕਾਰਨ ਖ਼ਤਰਾ ਕਿਸ ਨੂੰ ਹੈ? ਕਿਸ ਦਾ ਸਭ ਤੋਂ ਵੱਧ ਨੁਕਸਾਨ ਹੋਣਾ ਹੈ? ਉਹ ਨੁਕਸਾਨ ਪੰਜਾਬ ਦਾ ਹੋਣਾ ਹੈ।

**1105/harpreet singh**

ਇਸ ਲਈ ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਵਿਚ ਡੀਸਿਲਟਿੰਗ ਲਈ ਇਕ 10 ਮੈਂਬਰੀ ਕਮੇਟੀ ਜਲ ਸ਼ਕਤੀ ਮੰਤਰਾਲੇ ਵੱਲੋਂ ਬਣਾਈ ਗਈ ਸੀ ਲੇਕਿਨ ਉਹ ਵੀ ਡੀਸਿਲਟਿੰਗ ਕਰਨ ਵਿਚ ਅਸਫ਼ਲ ਰਹੀ ਹੈ। ਇਸ ਲਈ ਆਈ.ਆਈ.ਟੀ. ਰੁੜਕੀ ਅਤੇ ਆਈ.ਆਈ.ਟੀ. ਰੋਪੜ ਵੱਲੋਂ ਇਕ ਰਿਪੋਰਟ ਬਣਾਈ ਗਈ ਹੈ, ਉਸ ਵਿਚ ਵੀ ਬੜਾ ਜ਼ੋਰ ਦਿੱਤਾ ਗਿਆ ਕਿ ਜਲਦੀ ਤੋਂ ਜਲਦੀ ਇਸ ਦੀ ਡੀਸਿਲਟਿੰਗ ਹੋਣੀ ਚਾਹੀਦੀ ਹੈ ਵਰਨਾ ਆਉਣ ਵਾਲੇ ਸਮੇਂ ਵਿਚ ਇਹ ਡੈਮ ਟੁੱਟ ਸਕਦਾ ਹੈ। ਇਸ ਲਈ ਦੂਜੇ ਸੂਬੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਬਾਕੀ ਸਟੇਟਾਂ ਜਿਹੜੀਆਂ ਸਾਡੇ ਕੋਲੋਂ ਪਾਣੀ ਅਤੇ ਬਿਜਲੀ ਲੈ ਰਹੇ ਹਨ, ਇਨ੍ਹਾਂ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਜਲਦੀ ਤੋਂ ਜਲਦੀ ਇਸ ਦੀ ਡੀਸਿਲਟਿੰਗ ਕੀਤੀ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ):** ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦਾ ਧਿਆਨ ਸਾਡੇ ਅਜਨਾਲੇ ਦੇ ਇਕ ਬਹੁਤ ਵੱਡੇ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਅਜਨਾਲੇ ਵਿਚ ਇਕ ਕਾਲਿਆਂ ਵਾਲਾ ਖੂਹ ਹੈ, ਉਹ ਸ਼ਹੀਦਾਂ ਦਾ ਖੂਹ ਹੈ। ਅਜ਼ਾਦੀ ਦੀ ਪਹਿਲੀ ਜੰਗ ਜੋ 1857 ਵਿਚ ਹੋਈ ਸੀ, ਉਸ ਸਮੇਂ ਇੱਥੇ 282 ਲੋਕ ਸ਼ਹੀਦ ਹੋਏ ਸਨ। ਲਾਹੌਰ ਵਿਚ ਅੰਗਰੇਜ਼ਾਂ ਖਿਲਾਫ਼ ਲੋਕਾਂ ਨੇ ਬਗਾਵਤ ਕਰਕੇ ਰਾਵੀ ਦਰਿਆ ਪਾਰ ਕਰਕੇ ਜਦੋਂ ਅਜਨਾਲੇ ਪਹੁੰਚੇ ਤਾਂ ਅੰਗਰੇਜ਼ਾਂ ਨੇ ਉੱਥੇ ਉਨ੍ਹਾਂ ਨੂੰ ਘੇਰ ਕੇ ਗੋਲੀਆਂ ਮਾਰੀਆਂ, ਜਿਸ ਵਿਚ 282 ਲੋਕ ਸ਼ਹੀਦ ਹੋਏ। ਉਹ ਉਨ੍ਹਾਂ ਨੂੰ ਇਕ ਖੂਹ ਵਿਚ ਸੁੱਟ ਗਏ। ਸਾਲ 2014 ਵਿਚ ਅਜਨਾਲਾ ਵਾਸੀਆਂ ਨੇ ਉਸ ਖੂਹ ਦੀ ਖੁਦਾਈ ਕੀਤੀ ਤਾਂ ਉਸ ਵਿਚੋਂ ਉਹ ਪਿੰਜਰ ਮਿਲੇ। ਉੱਥੇ ਇਕ ਗੁਰੂ ਘਰ ਬਣਾਇਆ ਗਿਆ ਹੈ। ਲੋਕ ਇਸ ਥਾਂ ਨੂੰ ਦੂਰੋਂ ਦੂਰੋਂ ਵੇਖਣ ਆਉਂਦੇ ਹਨ। ਸੋ, ਮੇਰੀ ਸਰਕਾਰ ਤੋਂ ਮੰਗ ਹੈ ਕਿ ਦੇਸ਼ ਦੀ ਅਜ਼ਾਦੀ ਵਿਚ ਐਨੀ ਵੱਡੀ ਕੁਰਬਾਨੀ ਕਰਨ ਵਾਲੇ ਸ਼ਹੀਦਾਂ ਦੀ ਯਾਦ ਵਿਚ ਇਕ ਤਾਂ ਅਜਨਾਲੇ ਦਾ ਸੁੰਦਰੀਕਰਨ ਕੀਤਾ ਜਾਵੇ ਅਤੇ ਦੂਜਾ ਉਨ੍ਹਾਂ ਦੀ ਯਾਦ ਵਿਚ ਇਕ ਮਿਊਜ਼ੀਅਮ ਅਤੇ ਇਕ ਆਡੀਟੋਰੀਅਮ ਬਣਾਇਆ ਜਾਵੇ। ਸਾਡੇ ਕੋਲ ਅਜਨਾਲੇ ਸ਼ਹਿਰ ਵਿਚ 7-8 ਕਿੱਲੇ ਜ਼ਮੀਨ ਹੈ, ਉੱਥੇ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇਕ ਵੱਡਾ ਸਟੇਡੀਅਮ ਵੀ ਬਣਾਇਆ ਜਾਵੇ ਤਾਂ ਜੋ ਸਾਡੇ ਬਾਰਡਰ ਹਲਕੇ ਦੇ ਮੁੰਡੇ ਕੁੜੀਆਂ ਖੇਡਾਂ ਵਿਚ ਚੰਗਾ ਸਥਾਨ ਹਾਸਲ ਕਰ ਸਕਣ। ਸਪੀਕਰ ਸਾਹਿਬ, ਜਿੱਥੋਂ ਇਨ੍ਹਾਂ ਸ਼ਹੀਦਾਂ ਨੇ ਰਾਵੀ ਦਰਿਆ ਪਾਰ ਕੀਤਾ ਤਾਂ ਉੱਥੇ ਇਕ ਪੁਰਾਣਾ ਰੈਸਟ ਹਾਊਸ

ਬਣਿਆ ਹੋਇਆ ਹੈ, ਜੇਕਰ ਉਸ ਨੂੰ ਵੀ ਠੀਕ ਕਰਕੇ ਯਾਦਗਾਰ ਬਣਾਈ ਜਾਵੇ ਤਾਂ ਹੋਰ ਬਿਹਤਰ ਹੋਵੇਗਾ। ਉਸ ਥਾਂ ਤੇ 500 ਲੋਕਾਂ ਨੇ ਦਰਿਆ ਪਾਰ ਕੀਤਾ ਸੀ, ਅੰਗਰੇਜ਼ਾਂ ਨੇ ਕੁੱਝ ਨੂੰ ਉੱਥੇ ਮਾਰ ਮੁਕਾਇਆ ਅਤੇ ਬਾਕੀ ਅਜਨਾਲੇ ਪਹੁੰਚ ਕੇ ਸ਼ਹੀਦ ਹੋਏ। ਮੇਰੇ ਸ਼ਹਿਰ ਵਿਚ ਹਾਲੇ ਕਈ ਵਿਕਾਸ ਦੇ ਕੰਮ ਹੋਣ ਵਾਲੇ ਹਨ, ਸੋ, ਮੈਂ ਮੰਗ ਕਰਦਾ ਹਾਂ ਕਿ ਸ਼ਹੀਦਾਂ ਦੀ ਯਾਦ ਵਿਚ ਅਜਨਾਲੇ ਦਾ ਸੁੰਦਰੀਕਰਨ ਕੀਤਾ ਜਾਵੇ ਅਤੇ ਉਨ੍ਹਾਂ ਦੀ ਯਾਦ ਵਿਚ ਇਕ ਮਿਊਜ਼ੀਅਮ ਅਤੇ ਇਕ ਆਡੀਟੋਰੀਅਮ ਬਣਾਇਆ ਜਾਵੇ। ਬਹੁਤ ਧੰਨਵਾਦ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):**ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਮੋਗਾ ਬਰਨਾਲਾ ਐਨ.ਐਚ 71 ਰੋਡ ਤੇ ਮੇਰੇ ਹਲਕੇ ਦਾ ਪਿੰਡ ਬੀੜ ਬੱਧਨੀ ਹੈ। ਇਸ ਪਿੰਡ ਨਿਵਾਸੀਆਂ ਦੀ ਬੜੇ ਲੰਬੇ ਸਮੇਂ ਤੋਂ ਮੰਗ ਹੈ ਕਿ ਇੱਥੇ ਬੱਸਾਂ ਨਹੀਂ ਰੁਕਦੀਆਂ। ਇੱਥੋਂ ਤੱਕ ਕੇ ਬੱਸਾਂ ਦੀਆਂ ਟਿਕਟਾਂ ਵਿਚ ਇਸ ਥਾਂ ਦਾ ਨਾਂ ਵੀ ਨਹੀਂ ਹੈ। ਸੋ, ਪਿੰਡ ਨਿਵਾਸੀਆਂ ਨੂੰ ਬੱਸ ਫੜਨ ਲਈ ਲਾਗਲੇ ਪਿੰਡਾਂ ਵਿਚ ਜਾਣਾ ਪੈਂਦਾ ਹੈ। ਸੋ, ਕ੍ਰਿਪਾ ਕਰਕੇ ਇਸ ਪਿੰਡ ਵਿਚ ਬੱਸਾਂ ਰੁਕਦੀਆਂ ਕੀਤੀਆਂ ਜਾਣ ਅਤੇ ਬੱਸ ਟਿਕਟ ਵਿਚ ਇਸ ਪਿੰਡ ਦਾ ਨਾਂ ਸ਼ਾਮਲ ਕੀਤਾ ਜਾਵੇ। ਬਹੁਤ ਧੰਨਵਾਦ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਧੰਨਵਾਦ। ਪੰਜਾਬ ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਫੰਡ ਦੇਣ ਵਿਚ ਕੋਈ ਘਾਟ ਨਹੀਂ ਛੱਡੀ ਜਾ ਰਹੀ। ਬੁਢਲਾਡਾ ਤੋਂ ਸੁਨਾਮ ਇਕ ਸੜਕ ਜਾਂਦੀ ਹੈ, ਉੱਥੇ ਸੁਨਾਮ ਤੋਂ ਦੂਜੇ ਪਾਸੇ ਮੁੱਖ ਮੰਤਰੀ ਜੀ ਦਾ ਸਤੌਜ ਪਿੰਡ ਆਉਂਦਾ ਹੈ। ਉਹ ਸੜਕ ਬਣਾਉਣ ਦਾ ਠੇਕਾ ਵਿਸ਼ਵਾਸ ਐਂਡ ਵਿਸ਼ਵਾਸ ਕੰਪਨੀ ਨੂੰ ਦੇ ਦਿੱਤਾ ਗਿਆ ਅਤੇ ਇਸ ਵਾਸਤੇ ਫੰਡ ਵੀ ਆ ਗਏ ਪਰ ਉਹ ਠੇਕੇਦਾਰ ਸੜਕ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ ਵਿਖਾ ਰਿਹਾ। ਡਿਪਟੀ ਕਮਿਸ਼ਨਰ ਸਾਹਿਬ ਨੇ ਵੀ ਕਈ ਵਾਰ ਬੁਲਾ ਕੇ ਕਹਿ ਦਿੱਤਾ, ਮੰਡੀ ਬੋਰਡ ਦੇ ਅਧਿਕਾਰੀਆਂ ਨੇ ਵੀ ਕਈ ਵਾਰ ਕਹਿ ਦਿੱਤਾ। ਇਸੇ ਤਰ੍ਹਾਂ ਬਹਾਦਰਪੁਰ ਤੋਂ ਲਹਿਰਾ ਤੱਕ ਸੜਕ ਜਾਂਦੀ ਹੈ, ਉਸ ਦਾ ਠੇਕਾ ਵੀ ਇਸੇ ਕੰਪਨੀ ਨੂੰ ਦਿੱਤਾ ਗਿਆ ਹੈ ਪਰ ਕੰਮ ਸ਼ੁਰੂ ਨਹੀਂ ਹੋਇਆ। ਸੋ, ਮੈਂ ਖੇਤੀਬਾੜੀ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹੋ ਜਿਹੇ ਠੇਕੇਦਾਰਾਂ ਤੇ ਸਖਤ ਕਾਰਵਾਈ ਕੀਤੀ ਜਾਵੇ। ਇਸੇ ਤਰ੍ਹਾਂ ਮੈਂ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਸਰਵ ਸਿੱਖਿਆ ਸਪੈਸ਼ਲ ਅਸਿਸਟੈਂਸ ਸਕੀਮ ਅਧੀਨ ਫੰਡਜ਼ ਦੇ ਰੱਖੇ ਹਨ ਅਤੇ ਐਮ.ਡੀ.ਐਫ. ਦੇ ਫੰਡਜ਼ ਵੀ ਦਿੱਤੇ ਹੋਏ ਹਨ ਪਰ ਸਾਡੇ ਸ਼ਹਿਰ ਬੁਢਲਾਡਾ, ਬਰੇਟਾ ਅਤੇ ਬੋਹਾ ਵਿਚ ਜਿਹੜਾ ਸ਼ਿਵਾ ਕੰਨਸਟਰੱਕਸ਼ਨ ਠੇਕੇਦਾਰ ਹੈ, ਉਹ ਕੰਮ ਨਹੀਂ ਸ਼ੁਰੂ ਕਰ ਰਿਹਾ। ਸੋ, ਮੇਰੀ ਮੰਗ ਹੈ ਕਿ ਜਿਹੜੇ ਅਜਿਹੇ ਠੇਕੇਦਾਰ ਇਕ ਲਿਮਟਿਡ ਸਮੇਂ ਵਿਚ ਕੰਮ ਪੂਰਾ ਨਹੀਂ ਕਰਦੇ ਤਾਂ ਉਨ੍ਹਾਂ ਵਿਰੁੱਧ ਪਰਚੇ ਦਰਜ ਹੋਣੇ ਚਾਹੀਦੇ ਹਨ ਕਿਉਂਕਿ ਇਸ ਨਾਲ ਪੈਸੇ ਦੀ ਬਰਬਾਦੀ ਹੁੰਦੀ ਹੈ। ਸੜਕਾਂ ਪੁੱਟੀਆਂ ਹੋਈਆਂ ਹਨ, ਲੋਕ ਡਿੱਗ ਰਹੇ ਹਨ।

**1110/amandeep kaur**

ਗੱਡੀਆਂ ਦਾ ਨੁਕਸਾਨ ਹੋ ਰਿਹਾ ਹੈ। ਇੱਕ ਦੋ ਬੰਦਿਆਂ ਦਾ ਸੜਕ ਪੁੱਟਣ ਕਾਰਨ ਮੋਟਰ ਸਾਈਕਲ ਸਲਿੱਪ ਹੋ ਗਿਆ ਅਤੇ ਸੱਟਾਂ ਵੱਜੀਆਂ। ਅਜਿਹੀਆਂ ਘੱਟਨਾਵਾਂ ਬਹੁਤ ਹੋ ਰਹੀਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਆਪਾਂ ਪੈਸੇ ਵੀ ਦੇ ਚੁੱਕੇ

ਹਾਂ, ਟੈਂਡਰ ਵੀ ਹੋ ਚੁੱਕਿਆ ਹੈ, ਕੰਪਨੀ ਨੂੰ ਕੰਮ ਅਲਾਟ ਵੀ ਕਰ ਦਿੱਤਾ ਗਿਆ ਹੈ ਤਾਂ ਨਿਸ਼ਚਿਤ ਸਮੇਂ ਦੇ ਵਿੱਚ ਜੇਕਰ ਕੰਮ ਪੂਰਾ ਨਹੀਂ ਹੁੰਦਾ ਤਾਂ ਜ਼ਿੰਮੇਵਾਰ ਤੇ ਕਾਰਵਾਈ ਹੋਣੀ ਚਾਹੀਦੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇੱਕ ਬਹੁਤ ਹੀ ਸੀਰੀਅਸ ਮੈਟਰ ਵੱਲ ਲੈ ਕੇ ਆਉਣਾ ਚਾਹੁੰਦਾ ਹਾਂ। ਜਿਹੜੀ indictment ਪੰਜਾਬ ਪੁਲਿਸ ਦੀ Federal Bureau of Investigation, America ਨੇ ਕੀਤੀ, US Federal Bureau of Investigation. ਉਨ੍ਹਾਂ ਨੇ ਉੱਥੇ ਇੱਕ ਆਪਰੇਸ਼ਨ ਚਲਾਇਆ ਜਿਸ ਦਾ ਨਾਂ Hard Ball ਸੀ। ਸਾਰੀ American Police, Canadian Police and European Police ਦੀਆਂ forces involved ਸਨ। ਉਨ੍ਹਾਂ Coordination ਦੇ ਵਿੱਚ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ, ਗੋਲਡੀ ਬਰਾੜ, ਰੋਹਿਤ ਗੋਦਾਰਾ ਇਨ੍ਹਾਂ ਦੇ gangs ਨੂੰ closely follow ਕੀਤਾ। ਇਨ੍ਹਾਂ ਕੇਸਾਂ ਵਿੱਚ ਉਨ੍ਹਾਂ ਨੇ ਬੜੀ serious indictment ਕੀਤੀ ਹੈ ਕਿ ਪੰਜਾਬ ਪੁਲਿਸ ਦੇ ਬਹੁਤ ਸਾਰੇ ਅਫਸਰ ਇਨ੍ਹਾਂ ਗੈਂਗਸਟਰਾਂ ਨਾਲ ਤਾਲਮੇਲ ਕਰਦੇ ਹਨ ਅਤੇ ਲੋਕਾਂ ਤੋਂ ਫਿਰੌਤੀਆਂ ਹਾਸਲ ਕੀਤੀਆਂ ਜਾ ਰਹੀਆਂ ਹਨ। ਇੱਕ ਕੇਸ ਦੇ ਵਿੱਚ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ, ਜਿਹੜਾ ਕਿ ਟਾਂਡਾ ਪੁਲਿਸ, ਹੁਸ਼ਿਆਰਪੁਰ ਵਿੱਚ ਐਸ.ਐੱਚ.ਓ ਸੀ, ਉਨ੍ਹਾਂ ਦੱਸਿਆ ਕਿ ਇਨ੍ਹਾਂ ਗੈਂਗਸਟਰਾਂ ਵਿੱਚੋਂ ਇੱਕ ਗੈਂਗਸਟਰ ਭਗਵਾਨਪੁਰੀਆ ਜਿਹੜਾ ਹੈ ਉਸ ਦੇ ਲੋਕਾਂ ਨੇ ਜਿਹੜੇ ਵਿਕਟਿਮ ਸਨ ਉਨ੍ਹਾਂ ਦੇ ਨਾਂ ਦਿੱਤੇ, ਐਡਰੈੱਸ ਦਿੱਤੇ। ਫਿਰ ਇਹ ਉਨ੍ਹਾਂ ਨਾਲ ਇਨਟੱਚ ਹੋਇਆ, 4 ਲੱਖ ਯੂ.ਐਸ ਡਾਲਰ ਦੀ ਮੰਗ ਕੀਤੀ ਗਈ, ਇਹ ਕਤਲ ਕੇਸ ਵਿੱਚ ਗਿਆ ਕਿ ਜਾਂ ਤਾਂ ਮੈਨੂੰ ਪੈਸੇ ਪਹੁੰਚਾ ਦਿਉ, ਕੈਲੀਫੋਰਨੀਆ ਬੇਸਡ ਫੈਮਲੀ ਹੈ, ਨਹੀਂ ਤਾਂ ਮੈਂ ਤੁਹਾਡੀ ਸਾਰਿਆਂ ਦੀ involvement ਕਰਾਂਗਾ। ਇਹ ਕੋਈ ਨਵੀਂ ਚੀਜ਼ ਨਹੀਂ ਹੈ। ਪੰਜਾਬ ਵਿੱਚ ਅਕਸਰ ਫਿਰੌਤੀਆਂ ਦੇ ਜਿਹੜੇ ਟੈਲੀਫੋਨ ਆ ਰਹੇ ਹਨ, ਇਨ੍ਹਾਂ ਵਿੱਚ ਪੰਜਾਬ ਪੁਲਿਸ ਦੇ ਅਫਸਰ involved ਹਨ। ਮੈਨੂੰ ਹੈਰਾਨੀ ਹੈ ਕਿ ਬਹੁਤ ਸਾਰੇ ਅਫਸਰ ਅੱਜ ਦੇ ਟਾਈਮ ਡਰੱਗਜ਼ ਦੇ ਕੇਸ ਵਿੱਚ involved ਹਨ। ਇੱਕ ਏ.ਆਈ.ਜੀ ਹੈ, ਸੀਨੀਅਰ ਮੋਸਟ ਅਫਸਰ ਹੈ, ਪਿਛਲੇ ਢਾਈ-ਤਿੰਨ ਸਾਲ ਦਾ missing ਹੈ, ਕਹਿੰਦੇ ਲੱਭਦਾ ਨਹੀਂ ਹੈ। ਲਾਰੈਂਸ ਬਿਸਨੋਈ ਦਾ ਟੈਲੀਫੋਨ ਕਰਵਾਉਣ ਵਾਲਾ ਡੀ.ਐਸ.ਪੀ. ਨੌਕਰੀ ਤੋਂ ਕੱਢਿਆ, ਉਹ ਆਪਣੇ ਪੰਪਾਂ ਤੇ ਆਪਣੀਆਂ ਜ਼ਮੀਨਾਂ ਤੇ ਫਿਰਦਾ ਪਿਆ, ਤੁਸੀਂ ਕਹਿੰਦੇ ਹੋ ਕਿ ਸਾਨੂੰ ਬੰਦਾ ਕੋਈ ਨਹੀ ਲੱਭ ਰਿਹਾ ਹੈ। ਮੇਰੇ ਕੋਲ ਤਕਰੀਬਨ 10-12 ਅਫਸਰਾਂ ਦੀ ਲਿਸਟ ਹੈ। ਪੰਜਾਬ ਪੁਲਿਸ ਦੇ ਵਿੱਚ ਜਿਹੜੇ ਕਹਿ ਰਹੇ ਹਨ ਕਿ ਸਾਨੂੰ ਬੰਦਾ ਹੀ ਨਹੀਂ ਲੱਭ ਰਿਹਾ ਹੈ। ਮੇਰਾ ਇਹ ਕਹਿਣਾ ਹੈ ਕਿ ਚਾਰ ਸਾਲਾਂ ਦੇ ਵਿੱਚ ਜੇਕਰ ਪੰਜਾਬ ਦੀ ਸਰਕਾਰ ਜੇਕਰ ਇਸ issue ਤੇ serious ਹੁੰਦੀ ਤਾਂ ਆਪਾਂ ਚਾਰ ਸਾਲਾਂ ਦੌਰਾਨ ਇੱਥੇ ਪੱਕਾ ਡੀ.ਜੀ.ਪੀ. ਤਾਂ ਲਗਾਉਂਦੇ। ਆਪਾਂ ਐਡਹਾੱਕ ਬੇਸਡ ਡੀ.ਜੀ.ਪੀ ਲਗਾਇਆ ਹੋਇਆ ਹੈ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। You have conveyed your point. Thank you.

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾ ਮਾਈਕ ਤੋਂ):** ਸਪੀਕਰ ਸਾਹਿਬ, ਗੌਰਮਿੰਟ ਇਸ ਤੇ ਆਪਣੀ ਸਟੇਟਮੈਂਟ ਦੇਵੇ। ਇਸ ਤੇ discussion ਹੋਣੀ ਚਾਹੀਦੀ ਹੈ। ਅਸੀਂ ਤੁਹਾਨੂੰ ਕਦੋਂ ਦੀ ਬੇਨਤੀ ਕਰ ਰਹੇ ਹਾਂ। ਇਸ ਦੇ ਵਿੱਚ political ਲੋਕ

involved ਹਨ। ਜੋ ਕੁਝ ਹੋ ਰਿਹਾ ਹੈ ਜੇਕਰ ਇਸ ਤੇ discussion ਕਰੋਗੇ ਤਾਂ ਹੀ ਆਪਾਂ ਦੱਸਾਂਗੇ। ਪੁਲਿਸ ਕੋਲ ਤਾਂ ਜਾਂਦਾ ਹੀ ਕੋਈ ਨਹੀਂ ਹੈ। ਤੁਹਾਡੀ ਪਾਰਟੀ ਦੇ ਲੋਕਾਂ ਕੋਲ ਉਹ ਲੋਕ ਸਿੱਧੇ ਜਾਂਦੇ ਹਨ ਕਿ ਇਨ੍ਹਾਂ ਨਾਲ ਸਿੱਧੀ ਗੱਲ ਕਰੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ। ਬਾਜਵਾ ਸਾਹਿਬ ਨੇ ਸਾਡੀ ਪਾਰਟੀ ਤੇ ਦੋਸ਼ ਲਗਾਇਆ ਹੈ। ਸਾਡੀ ਪਾਰਟੀ ਦੇ ਕਿਹੜੇ ਲੀਡਰ ਹਨ ਜਿਹੜੇ ਗੈਂਗਸਟਰਾਂ ਨੂੰ ਪੈਸੇ ਦਿੰਦੇ ਹਨ। ਇਹ ਬਹੁਤ ਮਾੜੀ ਗੱਲ ਹੈ। (ਵਿਘਨ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਅਤੇ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬਿਨਾ ਇਜਾਜ਼ਤ ਅਤੇ ਬਿਨਾ ਮਾਈਕ ਦੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ) (ਵਿਘਨ)

**ਮਾਣਯੋਗ ਸਪੀਕਰ:** ਧਾਲੀਵਾਲ ਸਾਹਿਬ, ਤੁਹਾਡਾ ਇੰਨਾ ਜ਼ਿਆਦਾ ਪਿਆਰ ਧਾਲੀਵਾਲ ਸਾਹਿਬ ਨਾਲ ਹੈ। ਆਪੇ ਅੱਗੇ ਗੱਲ ਕਰੀਏ ਜੀ। ਹਾਂ ਜੀ, ਅਮਨ ਅਰੋੜਾ ਜੀ।

**1115/Tarlochan Singh**

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ। ਇਸੇ ਹੀ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੀ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਹਨ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਅਮਨ ਅਰੋੜਾ ਜੀ। (ਵਿਘਨ) (ਸ਼ੋਰ)

**ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ (ਸ਼੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਬਾਜਵਾ ਸਾਹਿਬ ਨੇ ਇੱਕ ਬੜਾ ਰੈਲੇਵੈਂਟ ਪੁਆਇੰਟ ਰੇਜ਼ ਕੀਤਾ ਹੈ ਪਰੰਤੂ ਬਾਅਦ ਵਿੱਚ ਉਸ ਦਾ ਸਿਆਸੀਕਰਨ ਕਰ ਦਿੱਤਾ ਹੈ। ਮੇਰੀ ਸਪੀਕਰ ਸਾਹਿਬ ਤੁਹਾਨੂੰ ਬੇਨਤੀ ਹੈ ਕਿ allegation-cross allegation ਤਾਂ ਚੱਲਦੇ ਰਹੇ ਹਨ। ਆਪਾਂ ਵੀ ਇੱਥੇ ਹੀ ਸੀ, ਤੁਸੀਂ ਆਪੋਜ਼ੀਸ਼ਨ ਵਿੱਚ ਹੁੰਦੇ ਸੀ, ਤੁਸੀਂ 2021 ਦਾ ਵਿਧਾਨ ਸਭਾ ਦਾ ਰਿਕਾਰਡ ਕਢਵਾ ਕੇ ਦੇਖੋ। ਉਧਰਲੇ ਪਾਸੇ ਬਿਕਰਮ ਸਿੰਘ ਮਜੀਠੀਆ ਹੁੰਦੇ ਸਨ ਅਤੇ ਇੱਧਰਲੇ ਪਾਸੇ ਸੁਖਜਿੰਦਰ ਸਿੰਘ ਰੰਧਾਵਾ ਹੁੰਦੇ ਸਨ। ਇਹ on record ਹੈ ਕਿ ਇਹ ਇੱਕ ਦੂਜੇ ਨੂੰ ਕਹਿੰਦੇ ਹੁੰਦੇ ਸੀ ਕਿ ਜੱਗੂ ਭਗਵਾਨਪੁਰੀਆ ਤੇਰਾ ਪ੍ਰੋਡਕਟ ਹੈ। ਇਹ ਕਹਿੰਦੇ ਸੀ ਕਿ ਤੇਰਾ ਪ੍ਰੋਡਕਟ ਹੈ, ਉਹ ਕਹਿੰਦਾ ਸੀ ਕਿ ਤੇਰਾ ਪ੍ਰੋਡਕਟ ਹੈ। ਬਾਜਵਾ ਸਾਹਿਬ, ਇਹ ਕੰਡੇ ਤੁਹਾਡੇ ਹੀ ਬੀਜੇ ਹੋਏ ਨੇ, ਜਨਾਬ। (ਵਿਘਨ) (ਸ਼ੋਰ) ਅਸੀਂ ਤਾਂ ਉਹੀ ਚੁਗਣ ਲੱਗੇ ਹੋਏ ਹਾਂ।

(ਇਸ ਸਮੇਂ ਫਿਰ ਤੋਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਬਿਨਾ ਆਗਿਆ ਬੋਲਣ ਲੱਗੇ। ਇਸੇ ਹੀ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੀ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਹਨ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਧੰਨਵਾਦ ਜੀ। ਸਰਦਾਰ ਪਰਗਟ ਸਿੰਘ ਜੀ, ਬੋਲੋ। (ਵਿਘਨ) (ਸ਼ੋਰ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੋ। ਬੜੀ ਵਧੀਆ ਡਿਸਕਸ਼ਨ ਚੱਲ ਰਹੀ ਹੈ। (ਵਿਘਨ) (ਸ਼ੋਰ) Why are you disrupting the proceedings. ਤੁਹਾਡੀ ਗੱਲ ਆ ਗਈ ਹੈ। ਬਾਜਵਾ ਸਾਹਿਬ ਤੁਹਾਡੀ ਗੱਲ ਵੀ ਆ ਗਈ ਹੈ let your colleague speak. (ਵਿਘਨ) (ਸ਼ੋਰ)

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਪੀਕਰ ਸਾਹਿਬ, ਛਾਉਣੀ ਦਾ ਇੱਕ ਇਸ਼ੂ ਹੈ। ਛਾਉਣੀ ਵਿੱਚ ਸਿਵਿਲੀਅਨ ਵੀ ਰਹਿੰਦੇ ਹਨ।

**ਮਾਣਯੋਗ ਸਪੀਕਰ** : ਉਸ ਦਾ ਨਾਂ ਹੀ ਛਾਉਣੀ ਹੈ।

**ਸਰਦਾਰ ਪਰਗਟ ਸਿੰਘ ਪੋਆਰ** : ਛਾਉਣੀ ਵਿੱਚ ਆਰਮੀ ਹੈ ਅਤੇ ਆਰਮੀ ਸਾਡੇ ਦੇਸ਼ ਨੂੰ ਡਿਫੈਂਡ ਕਰਦੀ ਹੈ ਲੇਕਿਨ ਉਥੇ ਜਿਹੜਾ ਸਿਵਿਲੀਅਨ ਨਾਲ ਵਿਹਾਰ ਕੀਤਾ ਜਾਂਦਾ ਹੈ, ਆਮ ਪਿੰਡਾਂ ਜਾਂ ਸ਼ਹਿਰਾਂ ਨੂੰ ਜਾਂਦੇ ਰਸਤੇ ਬੰਦ ਕੀਤੇ ਜਾਂਦੇ ਹਨ, ਕਿਹਾ ਜਾਂਦਾ ਹੈ ਕਿ ਇਹ ਸਿਰਫ ਤੇ ਸਿਰਫ ਸਕਿਉਰਿਟੀ ਕਾਰਨਾਂ ਕਰਕੇ ਹੈ। ਕਈ ਵਾਰੀ ਸਾਡੀਆਂ ਔਰਤਾਂ ਦੀ frisking ਵੀ ਕੀਤੀ ਜਾਂਦੀ ਹੈ ਉਹ ਵੀ male constables ਦੁਆਰਾ ਕੀਤੀ ਜਾਂਦੀ ਹੈ, ਜਿਸ ਨਾਲ ਬਹੁਤ ਜ਼ਿਆਦਾ ਹਰਾਸਮੈਂਟ ਹੁੰਦੀ ਹੈ। ਪਿਛਲੇ ਸਮੇਂ ਅਸੀਂ ਇੱਕ ਪੈਰੀਫੇਰੀ ਰੋਡ ਪਰਪੋਜ਼ ਕੀਤੀ ਸੀ, ਉਸ ਤੇ ਕਾਫੀ ਕੰਮ ਹੋਇਆ ਵੀ ਹੈ ਪਰ ਇਹ ਕਿਸੇ ਸਿਰੇ-ਕੰਢੇ ਨਹੀਂ ਲੱਗ ਸਕੀ। ਆਰਮੀ ਨਾਲ ਕੋਆਰਡੀਨੇਸ਼ਨ ਲਈ ਸਟੇਟ ਲੈਵਲ ਦੀ ਕਮੇਟੀ ਬਣੀ ਹੋਈ ਹੈ, ਮੇਰੀ ਬੇਨਤੀ ਹੈ ਕਿ ਉਸ ਕਮੇਟੀ ਵਿੱਚ ਇਹ ਇਸ਼ੂ ਲਿਆਂਦਾ ਜਾਵੇ ਤਾਂ ਕਿ ਛਾਉਣੀ ਦੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ ਅਤੇ ਆਰਮੀ ਅਥਾਰਟੀਜ਼ ਅਤੇ ਸਿਵਿਲੀਅਨਜ਼ ਵਿੱਚ ਕੋਈ ਅਣਸੁਖਾਵਾਂ ਮਾਹੌਲ ਨਾ ਬਣੇ ਅਤੇ ਤਣਾਅ ਨਾ ਪੈਦਾ ਹੋ ਜਾਵੇ। ਮੈਂ ਹਾਊਸ ਨੂੰ ਇਹ ਬੇਨਤੀ ਕਰਦਾ ਹਾਂ। ਚੀਮਾ ਸਾਹਿਬ ਜਦੋਂ ਵੀ ਸਟੇਟ ਲੈਵਲ ਦੀ ਸਟੇਟ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਹੁੰਦੀ ਹੈ ਤਾਂ ਉਸ ਦੇ ਏਜੰਡੇ ਵਿੱਚ ਇਸ ਨੂੰ ਲਿਆਂਦਾ ਜਾਵੇ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਦਾ ਇੱਕ ਬਹੁਤ ਵੱਡਾ ਇਸ਼ੂ ਹੈ ਕਿ ਸਾਡੇ ਪੁਲਿਸ ਸਰਵਿਸਿਜ਼ ਵਿੱਚ ਬੰਦੇ ਘੱਟ ਹਨ, ਥਾਣਿਆਂ ਵਿੱਚ ਬੰਦੇ ਘੱਟ ਹਨ। ਇਹ ਗੱਲ ਪੁਲੀਟਿਕਲ ਬੰਦਿਆਂ ਨੂੰ ਵੀ ਪਤਾ ਹੈ, ਨਾਗਰਿਕਾਂ ਨੂੰ ਵੀ ਪਤਾ ਹੈ ਅਤੇ ਚੋਰਾਂ ਨੂੰ ਵੀ ਪਤਾ ਹੈ। (ਹਾਸਾ) ਸਰ, ਇਹ ਅਸਲੀਅਤ ਹੈ। ਧੰਨਵਾਦ ਕਿ ਸਾਰੀ ਰੂਲਿੰਗ ਪਾਰਟੀ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਨੇ ਮੇਰੇ ਨਾਲ ਸਹਿਮਤੀ ਜਤਾਈ ਹੈ, ਧਾਲੀਵਾਲ ਸਾਹਿਬ ਕਹਿੰਦੇ ਕਿ ਸਹੀ ਗੱਲ ਹੈ। ਸਰ, ਲੋਕ ਅੱਜ ਪਿੰਡਾਂ

ਤੋਂ ਬਾਹਰ ਡੇਰਿਆਂ ਵਿੱਚ ਰਹਿੰਦੇ ਹਨ, ਕਿਤੇ ਢਾਣੀਆਂ ਕਹਿ ਦਿੰਦੇ ਹਨ ਜੋ ਕਿ ਪਿੰਡਾਂ ਤੋਂ ਬਾਹਰ ਕੋਈ ਅੱਧਾ ਕਿਲੋਮੀਟਰ/ਇੱਕ ਕਿਲੋਮੀਟਰ ਦੂਰ ਹੁੰਦੀਆਂ ਹਨ। ਜਿਹੜੇ planned/ organised gangs ਹਨ, ਇਹ ਉਨ੍ਹਾਂ ਡੇਰਿਆਂ ਤੇ ਅਟੈਕ ਕਰਦੇ ਹਨ। ਉਨ੍ਹਾਂ ਦੇ ਬੱਚੇ ਬਾਹਰ ਗਏ ਹੁੰਦੇ ਹਨ ਅਤੇ ਇੱਥੇ ਬਜ਼ੁਰਗ ਹੁੰਦੇ ਹਨ। ਉਨ੍ਹਾਂ ਕੋਲ ਆਰਮਜ਼ ਲਾਇਸੰਸ ਨਹੀਂ ਹੁੰਦਾ। 10,000 ਰੁਪਏ ਦੀ ਚੋਰੀ ਕਰਨੀ ਹੁੰਦੀ ਹੈ ਤੇ ਉਹ ਬੇਸ ਬਾਲ ਬੈਟ ਮਾਰ ਕੇ ਬੰਦੇ ਦੀ ਜਾਨ ਲੈ ਲੈਂਦੇ ਹਨ। ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਜਿਹੜੇ ਲੋਕ ਡੇਰਿਆਂ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ unconditional ਆਰਮਜ਼ ਲਾਇਸੰਸ ਜਾਰੀ ਹੋਣਾ ਚਾਹੀਦਾ ਹੈ। ਇਸ ਲਾਇਸੰਸ ਲਈ ਇੱਕ ਹੋਰ ਕੰਡੀਸ਼ਨ ਹੋਣੀ ਚਾਹੀਦੀ ਹੈ ਕਿ 12 ਬੋਰ ਦਾ ਜਾਂ ਰਾਈਫਲ ਦਾ ਲਾਇਸੰਸ ਦੇਣਾ ਹੈ, ਜਿਸ ਨਾਲ ਉਹ ਆਪਣੀ ਹਿਫਾਜ਼ਤ ਕਰ ਸਕੇ। ਜਿਸ ਪਰਿਵਾਰ ਵਿੱਚ ਪਿਤਾ ਜੀ ਦੀ ਮੌਤ ਹੋ ਜਾਂਦੀ ਹੈ ਅਤੇ ਘਰੇ weapon ਦਾ household ਲਾਇਸੰਸ ਹੈ, ਪਿਉ ਦਾ ਲਾਇਸੰਸ ਆਪਣੇ ਨਾਂ ਕਰਵਾਉਣ ਲਈ ਬੱਚਿਆਂ ਦੀਆਂ ਚੀਕਾਂ ਨਿਕਲ ਜਾਂਦੀਆਂ ਹਨ। ਇਹ ਕੰਡੀਸ਼ਨ ਹੋਣੀ ਚਾਹੀਦੀ ਹੈ ਕਿ ਜੇ ਪਿਤਾ ਜੀ ਦੀ ਮੌਤ ਹੋ ਜਾਵੇ ਅਤੇ ਉਸ ਪਰਿਵਾਰ ਨੇ ਕੋਈ ਕਰਾਈਮ ਨਹੀਂ ਕੀਤਾ ਤਾਂ ਆਟੋਮੈਟਿਕਲੀ ਉਸ ਦੇ ਮੁੰਡੇ ਦੇ ਨਾਂ ਉਹ ਲਾਇਸੰਸ ਟਰਾਂਸਫਰ ਹੋਣਾ ਚਾਹੀਦਾ ਹੈ। ਇਸ ਨਾਲ ਲਾਅ ਐਂਡ ਆਰਡਰ ਨੂੰ ਵੀ ਠੱਲ੍ਹ ਪਵੇਗੀ ਅਤੇ ਚੋਰੀਆਂ-ਡਕੈਤੀਆਂ ਵੀ ਘਟਣਗੀਆਂ। ਇਸ ਦੇ ਨਾਲ ਨਾਲ ਮੈਂ ਆਪ ਜੀ ਦੇ ਧਿਆਨ ਵਿੱਚ ਇੱਕ ਹੋਰ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਇਲਾਕਿਆਂ ਵਿੱਚ ਆਰਮਜ਼ ਲਾਇਸੰਸ ਇਸ਼ੂ ਕਰਨ ਦਾ 2 ਲੱਖ ਰੁਪਏ ਤੋਂ 5 ਲੱਖ ਰੁਪਏ ਰੇਟ ਹੈ। ਇਸ ਤੇ ਵੀ ਠੱਲ੍ਹ ਪਵੇਗੀ ਅਤੇ ਪੰਜਾਬ ਵਿੱਚ ਕੁਰੱਪਸ਼ਨ ਵੀ ਘਟੇਗੀ। (ਵਿਘਨ) (ਸ਼ੋਰ)

**1120/mehak**

**ਮਾਣਯੋਗ ਸਪੀਕਰ**: ਧੰਨਵਾਦ ਜੀ। ਦੇਖੋ ਜੀ, ਮੈਂ ਵੈਸੇ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ ਤੇ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਜੇ ਕਿਸੇ ਦੇ ਪਿਤਾ ਦਾ ਲਾਇਸੰਸ ਹੈ ਤੇ ਬੇਟਾ eligible ਹੈ ਤਾਂ ਉਸ ਨੂੰ ਟ੍ਰਾਂਸਫਰ ਹੋ ਜਾਣਾ ਚਾਹੀਦਾ ਹੈ। (ਵਿਘਨ, ਸ਼ੋਰ) ਦੇਖੋ ਜੀ, ਕੋਈ ਸਵੀਪਿੰਗ ਸਟੇਟਮੈਂਟ ਨਹੀਂ ਦੇਣੀ ਚਾਹੀਦੀ, ਜੇ ਕੋਈ ਸਪੈਸੀਫਿਕ ਹੈ ਤਾਂ ਐਫੀਡੇਵਿਟ ਦਿਓ ਤੇ ਉਸ ਉੱਪਰ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਅਗਲੀ ਗੱਲ ਹੈ ਕਿ ਪੰਜਾਬ ਦਾ ਲਾਇਸੰਸ ਚੰਡੀਗੜ੍ਹ ਵਿੱਚ ਵੀ ਵੈਲਿਡ ਹੋਵੇ, ਇਸ ਵਾਸਤੇ ਮੈਂ ਸਰਕਾਰ ਨੂੰ ਦੁਬਾਰਾ ਬੇਨਤੀ ਕਰਦਾ ਹਾਂ। (ਥੰਪਿੰਗ) ਮੈਂ ਹੋਮ ਮਨਿਸਟਰ ਸਾਹਿਬ ਨੂੰ ਵੀ ਲਿਖਿਆ ਸੀ ਕਿ ਇਹ ਕੀਤਾ ਜਾਵੇ। ਇਹ ਬੜਾ ਵਧੀਆ ਰੈਲੇਵੈਂਟ ਪੁਆਇੰਟ ਚੁੱਕਿਆ ਹੈ। ਅਮਨ ਜੀ, ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਜੋ ਰਾਣਾ ਜੀ ਨੇ ਗੱਲ ਕੀਤੀ ਹੈ, ਤੁਸੀਂ ਵੀ ਕੀਤੀ ਹੈ, ਮੈਂ ਵੀ ਇਸ ਨਾਲ 1000% ਸਹਿਮਤ ਹਾਂ ਕਿ ਜਿਹੜੇ ਚੰਗੇ ਕਿਰਦਾਰ ਵਾਲੇ ਲੋਕ ਹਨ ਉਹ ਭਾਵੇਂ ਡੇਰਿਆਂ ਵਿੱਚ ਰਹਿੰਦੇ ਹਨ ਜਾਂ ਕਿਤੇ ਵੀ ਰਹਿੰਦੇ ਹਨ, ਉਨ੍ਹਾਂ ਕੋਲ ਲਾਇਸੰਸ ਵੈਪਨ ਹੋਣਾ ਚਾਹੀਦਾ ਹੈ। ਉਹ ਬੇਸੀਕਲੀ detterent ਹੋ ਜਾਂਦਾ ਹੈ ਜੇ ਕੋਈ ਕ੍ਰਾਈਮ ਕਰਦਾ ਹੈ ਤੇ ਜੇ ਇਹ ਪਤਾ ਹੋਵੇ ਕਿ ਅਗਲੇ ਦੇ ਡੱਬ ਵਿੱਚ ਪਿਸਤੌਲ ਹੈ ਤਾਂ ਅਗਲਾ ਛੇਤੀ

ਛੇਤੀ ਹਿੰਮਤ ਨਹੀਂ ਕਰਦਾ ਹੈ। ਪਰ ਇਸ ਵਿੱਚ ਦੋ ਫੈਕਟਸ ਹਨ ਕਿ ਪੁਲਿਸ ਦੀ ਗੱਲ ਕੀਤੀ ਗਈ ਹੈ, ਬੇਸ਼ੱਕ ਪੁਲਿਸ ਦੀ ਕਟੌਤੀ ਰਹੀ ਹੈ ਪਰ ਇਨ੍ਹਾਂ ਸਾਢੇ ਚਾਰ ਸਾਲਾਂ ਵਿੱਚ 14730 ਪੁਲਿਸ ਕਰਮੀਆਂ ਦੀ ਭਰਤੀ ਕੀਤੀ ਗਈ ਹੈ। ਇੱਕ ਚੀਜ਼ ਹੋਰ ਜਿਸ ਬਾਰੇ ਬੜੀ ਡਿਟੇਲ ਡਿਸਕਸ਼ਨ ਮੈਂ ਵੀ ਸੀ.ਐਮ. ਸਾਹਿਬ ਨਾਲ ਦੋ-ਤਿੰਨ ਵਾਰੀ ਕੀਤੀ ਹੈ ਤੇ ਮੈਂ ਵੀ ਰਿਕੁਐਸਟ ਕੀਤੀ ਹੈ ਕਿ ਲਾਇਸੰਸ ਦਾ ਕੰਮ ਚੰਗੇ ਕਿਰਦਾਰ ਵਾਲੇ ਲੋਕਾਂ ਨੂੰ ਖੁੱਲ੍ਹਾ ਕਰੋ। ਉਸ ਵਿੱਚ ਜੋ ਵਿਊ ਪੁਆਇੰਟ ਨਿਕਲ ਕੇ ਆਉਂਦਾ ਹੈ ਉਹ ਇਹ ਹੈ ਕਿ ਪੰਜਾਬ ਦੀ ਮਹਿਜ਼ 2% ਪਾਪੂਲੇਸ਼ਨ ਹੈ ਤੇ ਮੁਲਕ ਦਾ 10% ਵੈਪਨ ਪੰਜਾਬ ਵਿੱਚ ਹੈ। ਸੋ, ਇਸ ਕਰਕੇ ਭਾਰਤ ਸਰਕਾਰ ਵੱਲੋਂ ਸਖਤੀ ਕੀਤੀ ਹੋਈ ਹੈ। ਜਿਸ ਦੀ ਵਜ੍ਹਾ ਕਰਕੇ ਦਿੱਕਤ ਆਉਂਦੀ ਹੈ ਪਰ all said and done ਮੈਂ ਤੁਹਾਡੇ ਨਾਲ, ਰਾਣਾ ਜੀ ਨਾਲ ਅਤੇ ਸਾਰੇ ਹਾਊਸ ਨਾਲ ਸਹਿਮਤ ਹਾਂ ਕਿ ਚੰਗੇ ਤੇ ਸਾਫ ਸੁਥਰੇ ਕਿਰਦਾਰ ਵਾਲੇ ਲੋਕਾਂ ਕੋਲ ਲਾਇਸੰਸਡ ਵੈਪਨ ਹੋਣਾ ਚਾਹੀਦਾ ਹੈ। ਇਹ ਮੇਰੀ ਆਪਣੀ ਓਬਜ਼ਰਵੇਸ਼ਨ ਹੈ, ਮੇਰੇ ਕੋਲ ਇਸ ਦਾ ਕੋਈ ਰਿਕਾਰਡ ਨਹੀਂ ਹੈ ਕਿ ਜਿੰਨਾ ਕ੍ਰਾਈਮ ਹੁੰਦਾ ਹੈ ਉਹ ਬਹੁਤ ਗਿਣਤੀ ਕ੍ਰਾਈਮ ਅਣਲਾਇਸੰਸਡ ਵੈਪਨ ਨਾਲ ਹੁੰਦਾ ਹੈ, ਲਾਇਸੰਸਡ ਵੈਪਨ ਨਾਲ ਕ੍ਰਾਈਮ ਬਹੁਤ ਰੇਅਰ ਹੁੰਦਾ ਹੈ।

--------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਅਸਿ ਕਿਰਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ। ਚੁੰਨੀ ਲਾਲ ਸਚਦੇਵਾ, ਡੀ.ਏ.ਵੀ. ਸੈਂਟੇਨੇਰੀ ਪਬਲਿਕ ਸਕੂਲ, ਜੈਤੋ, ਫਰੀਦਕੋਟ ਦੇ ਪਿਆਰੇ ਬੱਚੇ ਇੱਥੇ ਆਏ ਹਨ। ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਵਾਰੀ ਫਿਰ ਉਨ੍ਹਾਂ ਦਾ ਖੈਰ ਮਕਦਮ ਕਰੀਏ। (ਥੰਪਿੰਗ)

--------

## MATTERS RAISED DURING ZERO HOUR AND STATEMENTS MADE BY THE MINSTER THEREON *(Resumption)*

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਧਾਲੀਵਾਲ ਸਾਹਿਬ, ਇਹ ਬਹੁਤ ਵੱਡਾ ਸਾਰਾ ਬੰਦਾ ਖੜ੍ਹਾ ਹੈ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਸਰ, ਐਨ.ਆਰ.ਆਈ. ਨੂੰ ਪਤਾ ਹੁੰਦਾ ਹੈ, ਇਨ੍ਹਾਂ ਦੇ ਇਲਾਕੇ ਵਿੱਚ ਵੀ ਆਉਂਦੇ ਹਨ, ਸਾਡੇ ਸਾਰੇ ਪੰਜਾਬ ਵਿੱਚ ਆਉਂਦੇ ਹਨ, ਐਨ.ਆਰ.ਆਈ. ਭਰਾ ਵੀ ਆ ਕੇ ਲਾਇਸੰਸ ਮੰਗਦੇ ਹਨ। ਸਰ, ਉਨ੍ਹਾਂ ਬਾਰੇ ਵੀ ਕੋਈ ਪਾਲਿਸੀ ਬਣਾ ਦਿਓ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ)**: ਸਰ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਤੁਸੀਂ ਜ਼ੀਰੋ ਆਵਰ ਵਿੱਚ ਬਹੁਤ ਇੰਪਾਰਟੈਂਟ ਸਮਾਂ ਦਿੱਤਾ। ਮੈਂ ਇਸ ਸਦਨ ਦਾ ਮੈਂਬਰ ਹਾਂ। ਮੇਰੇ ਆਸੇ-ਪਾਸੇ ਸਾਰਾ ਮੀਡੀਆ ਬੈਠਾ ਹੈ। ਮੈਂ ਸਦਨ ਦਾ ਧਿਆਨ ਆਪਣੇ ਰਾਈਟਸ, ਆਪਣੇ ਹੱਕਾਂ ਵਾਸਤੇ ਬੜੇ ਮਹੱਤਵਪੂਰਣ ਮੁੱਦੇ ਤੇ ਗੱਲ ਕਰਨੀ ਚਾਹੁੰਦਾ ਹਾਂ। ਸਰ, ਬਹੁਤ ਸਾਰੇ ਜਨਰਲਿਸਟ ਬਹੁਤ ਵਧੀਆ ਤਰੀਕੇ ਨਾਲ ਪੱਤਰਕਾਰਤਾ ਕਰਦੇ ਹਨ, ਅੱਛੀਆਂ ਪਾਲਿਸੀਆਂ ਨੂੰ ਲੋਕਾਂ ਵਿੱਚ ਲੈ ਕੇ ਜਾਂਦੇ ਹਨ। ਮੈਂਬਰ ਹੋਣ ਦੇ ਨਾਤੇ ਮੇਰਾ ਵਿਧਾਨ ਸਭਾ ਵਿੱਚ ਬੋਲਣ ਦਾ ਫਰਜ਼ ਹੈ ਕਿ ਪਿਛਲੇ ਦਿਨਾਂ ਵਿੱਚ ਮੇਰੇ ਆਪਣੇ ਪਿੰਡ ਵਿੱਚ ਹੀ ਇੱਕ ਛੋਟੀ ਜਿਹੀ ਘਟਨਾ ਵਾਪਰੀ, ਦੋ ਪਰਿਵਾਰਾਂ ਦੀ ਲੜਾਈ ਹੋਈ, ਮਰਡਰ ਹੋ ਗਿਆ, ਰਾਤੋ-ਰਾਤ ਪਰਚਾ ਹੋ ਗਿਆ ਤੇ ਅਗਲੇ ਦਿਨ ਪੀ.ਟੀ.ਸੀ. ਚੈਨਲ ਨੇ ਬਰੇਕਿੰਗ ਨਿਊਜ਼ ਚਲਾਈ ਕਿ ਐਮ.ਐਲ.ਏ. ਵੋਟਾਂ ਮੰਗਣ ਗਿਆ ਸੀ ਤੇ ਲੋਕ ਕਹਿੰਦੇ ਕਿ ਵੋਟਾਂ ਨਹੀਂ ਪਾਉਣੀਆਂ ਤਾਂ ਐਮ.ਐਲ.ਏ. ਨੇ 25 ਗੁੰਡੇ ਬੁਲਾ ਕੇ ਕੋਲ ਖੜ੍ਹੇ ਹੋ ਕੇ ਕਤਲ ਕਰਵਾ ਦਿੱਤਾ। ਇਹ ਪੀ.ਟੀ.ਸੀ. ਚੈਨਲ ਨੇ ਇੱਕ propoganda ਸ਼ੁਰੂ ਕੀਤਾ ਹੈ। ਤੁਸੀਂ ਦੇਖੋ ਕਿ ਮੈਂ ਐਮ.ਐਲ.ਏ. ਹਾਂ, ਵਿਧਾਨ ਸਭਾ ਦਾ ਮੈਂਬਰ ਹਾਂ, ਬਾਕੀ ਸਾਰੇ ਚੈਨਲ ਬਹੁਤ ਸੋਹਣੀ ਪੱਤਰਕਾਰਤਾ ਕਰਦੇ ਹਨ ਪਰ ਜਿਹੜੇ ਇਹੋ ਜਿਹੇ ਵਨ ਸਾਇਡਿਡ ਚੈਨਲ ਹਨ, ਉਹ ਇੱਕ ਇਹੋ ਜਿਹਾ propoganda ਚਲਾਉਂਦੇ ਹਨ ਤੇ ਦੋ ਪਰਿਵਾਰਾਂ ਦੀ ਲੜਾਈ ਨੂੰ ਇੱਕ ਐਮ.ਐਲ.ਏ. ਨਾਲ ਜੋੜਦੇ ਹਨ। ਇਹ ਸਾਰੇ ਪੰਜਾਬ ਵਿੱਚ ਗੱਲ ਫੈਲੀ, ਮੈਂ ਕਿਸ ਕਿਸ ਨੂੰ ਸਮਝਾਉਂਦਾ ਫਿਰਾਂ ਕਿ ਉਹ ਤਾਂ ਪਰਿਵਾਰ ਦੀ ਲੜਾਈ ਸੀ। ਮੇਰੀ ਤੁਹਾਡੇ ਅੱਗੇ ਹੰਬਲ ਰਿਕੁਐਸਟ ਹੈ ਕਿ ਜਿਹੜੇ ਆਪਾਂ ਇਸ ਸਦਨ ਦੇ ਮੈਂਬਰ ਹਾਂ ਤੇ ਜੇ ਕੋਈ ਆਪਣੇ ਖਿਲਾਫ ਕੋਈ ਇਹੋ ਜਿਹਾ ਡਾਇਰੈਕਟ propoganda ਚਲਾਉਂਦਾ ਹੈ ਤਾਂ ਇਸ ਦਾ ਕੋਈ ਹੱਲ ਜ਼ਰੂਰ ਹੋਣਾ ਚਾਹੀਦਾ ਹੈ ਤੇ ਜਿਹੜਾ ਪੀ.ਟੀ.ਸੀ. ਚੈਨਲ ਹੈ, ਉਹ ਹਰ ਮੁੱਦੇ ਤੇ ਸਪੈਸ਼ਲ ਬਰੇਕਿੰਗ ਨਿਊਜ਼ ਬਿਲਕੁਲ ਝੂਠੀ ਚਲਾਉਂਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਤੇ ਜ਼ਰੂਰ ਕੋਈ ਨਾ ਕੋਈ ਕਾਰਵਾਈ ਹੋਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹੁਣ ਧਿਆਨ ਦਿਵਾਊ ਨੋਟਿਸ।

(ਇਸ ਸਮੇਂ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ, ਆਮ ਆਦਮੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਹੋ ਗਿਆ ਜੀ, ਕੱਲ ਸਮਾਂ ਲੈ ਲੈਣਾ ਜੀ। ਮੰਤਰੀ ਜੀ, ਬੋਲੋ ਜੀ। (ਵਿਘਨ, ਸ਼ੋਰ)

**1125/Sukhpiar Singh**

(ਇਸ ਸਮੇਂ ਖਣਨ ਤੇ ਭੂ ਵਿਗਿਆਨ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਸ਼੍ਰੀ ਅਵਤਾਰ ਸਿੰਘ ਜੂਨੀਅਰ, ਸ਼੍ਰੀ ਹਰਦੇਵ ਸਿੰਘ ਲਾਡੀ ਅਤੇ ਸ਼੍ਰੀਮਤੀ ਅਰੁਨਾ ਚੌਧਰੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਖਣਨ ਤੇ ਭੂ ਵਿਗਿਆਨ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ):** ਬੈਠੋ ਜੀ, ਬੈਠੋ, ਤੁਹਾਨੂੰ ਕੋਈ ਕੰਮ ਦੀ ਗੱਲ ਦੱਸਦੇ ਹਾਂ। ਮਾਣਯੋਗ ਸਪੀਕਰ ਸਾਹਿਬ, ਵੈਸੇ ਜ਼ੀਰੋ ਆਵਰ ਵਿੱਚ ਜੇ ਕੋਈ ਗੱਲ ਆਈ ਤਾਂ ਉਸ ਦਾ ਜਵਾਬ ਦੇਣਾ ਜ਼ਰੂਰੀ ਨਹੀਂ ਪਰ ਕਿਉਂਕਿ ਪੰਜਾਬ ਦੇ ਹਿੱਤ ਦੀ ਗੱਲ ਹੈ, ਪੂਰੇ ਪੰਜਾਬ ਦੀ ਗੱਲ ਹੈ। ਸਾਡੇ ਮਾਣਯੋਗ ਮੈਂਬਰ ਇਆਲੀ ਸਾਹਿਬ ਅਤੇ ਅਸ਼ਵਨੀ ਜੀ, ਦੋਵੇਂ ਗੱਲ ਕਹਿ ਕੇ ਚਲੇ ਗਏ ਹਨ। ਸੋ, ਮੈਂ ਇਸ ਲਈ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਆਲੀ ਸਾਹਿਬ ਨੇ ਭਾਖੜਾ ਡੈਮ ਦੀ ਗੱਲ ਕਹੀ, ਇਹ ਗੱਲ ਕਲੀਅਰ ਕਰਨੀ ਇਸ ਲਈ ਜ਼ਰੂਰੀ ਹੈ।

**ਮਾਣਯੋਗ ਸਪੀਕਰ:** ਮਤੇ ਤੇ ਬੋਲ ਲੈਣਾ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)।

**ਖਣਨ ਤੇ ਭੂ ਵਿਗਿਆਨ ਮੰਤਰੀ**: ਇਸ ਲਈ ਜ਼ਰੂਰੀ ਹੈ ਕਿਉਂਕਿ ਪਿਛਲੇ ਸਮੇਂ ਵਿੱਚ ਇੱਕ ਚੈਨਲ ਨੇ ਗੱਲ ਚਲਾ ਦਿੱਤੀ ਸੀ। ਇੱਕ ਚੈਨਲ ਨੇ ਕਹਿ ਦਿੱਤਾ ਸੀ ਕਿ ਭਾਖੜਾ ਡੈਮ ਝੁਕ ਗਿਆ, ਪੰਜਾਬ ਦੇ ਲੋਕ ਇੰਨੇ ਚਿੰਤਿਤ ਹੋ ਗਏ ਸੀ। ਲੋਕ ਫੋਨ ਕਰਕੇ ਪੁੱਛਦੇ ਸੀ, ਅਖਬਾਰਾਂ ਵਿੱਚ ਬੜੀ ਚਰਚਾ ਹੋ ਗਈ ਸੀ, ਪੰਜਾਬ ਵਿੱਚ ਇੱਕ ਦਹਿਸ਼ਤ ਪੈਦਾ ਹੋ ਗਈ ਸੀ। ਸੋ, ਮੈਂ ਉਸ ਗੱਲ ਤੇ ਕਹਿਣਾ ਚਾਹੁੰਦਾ ਹਾਂ ਕਿ ਭਾਖੜਾ ਡੈਮ ਪੰਜਾਬ ਅਤੇ ਦੁਨੀਆਂ ਦਾ ਉਹ ਡੈਮ ਹੈ, ਇਸ ਤੋਂ ਵਧੀਆ ਕੋਈ ਡੈਮ ਨਹੀਂ ਬਣਿਆ ਹੋਇਆ ਹੈ, ਇਸ ਤੋਂ ਕੋਈ ਵਧੀਆ ਸਿਸਟਮ ਅਮਰੀਕਾ, ਕੈਨੇਡਾ ਦੀਆਂ ਟੀਮਾਂ ਨੇ ਇੱਥੇ ਵਿਜ਼ਿਟ ਕੀਤੀ ਤਾਂ ਉਨ੍ਹਾਂ ਨੇ ਮੰਨਿਆ ਕਿ ਦੁਨੀਆਂ ਵਿੱਚ ਇਸ ਤੋਂ ਬਿਹਤਰੀਨ ਡੈਮ ਕਿਤੇ ਨਹੀਂ ਹੈ। ਸੋ, ਜਿਹੜਾ ਇਹ ਕਹਿ ਕੇ ਗਏ ਸੀ ਕਿ ਇਹ 0.03 ਇੰਚ ਝੁਕ ਸਕਦਾ ਹੈ, ਉਹ ਝੁਕਿਆ ਸੀ ਅਤੇ ਸਾਲ 1995 ਤੋਂ ਲੈ ਕੇ 2025 ਤੱਕ ਇਹ ਡੈਮ 15 ਵਾਰੀ ਝੁਕਿਆ ਹੈ। ਇਸ ਡੈਮ ਦੀ ਡਰਾਇੰਗ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਇਹ ਡੈਮ ਝੁਕਦਾ ਹੈ ਅਤੇ ਜਦੋਂ ਪਾਣੀ ਦਾ ਦਬਾਅ ਘਟਦਾ ਹੈ ਤਾਂ ਆਪਣੀ ਪੁਰਾਣੀ ਸਥਿਤੀ ਤੇ ਆ ਜਾਂਦਾ ਹੈ। ਇਹ ਡੈਮ 15 ਵਾਰੀ ਝੁਕਿਆ ਹੈ ਅਤੇ ਪੁਰਾਣੀ ਸਥਿਤੀ ਉੱਪਰ ਆ ਜਾਂਦਾ ਹੈ ਅਤੇ ਹੁਣ ਸਾਲ 2025 ਵਿੱਚ ਜਦੋਂ ਡੈਮ ਝੁਕਿਆ ਹੈ, ਉਸ ਸਮੇਂ ਵੀ ਇਸ ਡੈਮ ਦੇ ਝੁਕਣ ਨਾਲ ਕਿਉਂਕਿ ਡੈਮ ਝੁਕਣ ਦੇ ਨਾਲ ਫਿਰ ਪੁਰਾਣੀ ਸਥਿਤੀ ਵਿੱਚ ਆ ਗਿਆ ਹੈ। ਸੋ, ਮੈਂ ਸਾਰੇ ਪੰਜਾਬ ਨੂੰ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਭਾਖੜਾ ਡੈਮ ਦੇ ਝੁਕਣ ਦੀ ਗੱਲ, ਇਹ ਸਾਰੀ ਗਲਤ ਗੱਲ ਹੈ। ਕਿਸੇ ਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ, ਇਹ ਇਸ ਦੀ ਡਰਾਇੰਗ ਵਿੱਚ ਹੈ ਅਤੇ ਜਿਹੜੀ ਸਿਲਟ ਦੀ ਗੱਲ ਕਰਕੇ ਗਏ ਹਨ। ਸਿਲਟ ਡੈਮ ਦੀ ਕੰਧ ਤੋਂ 12 ਕਿਲੋਮੀਟਰ ਪਿੱਛੇ ਹੈ, ਉੱਥੇ ਉਸ ਦਾ ਕੀ ਅਸਰ ਹੈ? ਬਾਕੀ ਸਿਲਟ ਲਈ ਬੀ.ਬੀ.ਐਮ.ਬੀ. ਵਿੱਚ ਸਾਡੇ ਅਧਿਕਾਰੀ ਸਾਹਿਬਾਨਾਂ ਨੇ ਇੱਕ ਵਾਰੀ ਨਹੀਂ, ਬਹੁਤ ਵਾਰੀ ਗੱਲ ਚੁੱਕੀ ਹੈ ਕਿ 26% ਸਿਲਟ ਜਮ੍ਹਾਂ ਹੋ ਗਈ ਹੈ, ਇਹ ਗੱਲ ਇਹ ਸਹੀ

ਕਹਿ ਕੇ ਗਏ ਹਨ। ਜਿਹੜੀ ਸਿਲਟ ਜਮ੍ਹਾਂ ਹੋ ਗਈ ਹੈ, ਉਸ ਨੂੰ ਹਟਾਉਣ ਦੀ ਜ਼ਿੰਮੇਵਾਰੀ ਬੀ.ਬੀ.ਐਮ.ਬੀ. ਅਤੇ ਸੈਂਟਰਲ ਗੌਰਮਿੰਟ ਦੀ ਹੈ। ਅਸੀਂ ਇੱਕ ਮਹੀਨਾਂ ਪਹਿਲਾਂ ਵੀ ਲੈਟਰ ਲਿਖ ਕੇ ਹਟੇ ਹਾਂ। ਸੋ, ਸੈਂਟਰਲ ਗੌਰਮਿੰਟ ਅਤੇ ਬੀ.ਬੀ.ਐਮ.ਬੀ. ਕੋਸ਼ਿਸ਼ ਕਰੇ, ਉਸ ਦੇ ਨਾਲ ਡੈਮ ਝੁਕਣ ਦਾ ਕੋਈ ਤਾਅਲੁੱਕ ਨਹੀਂ ਹੈ। ਉਸ ਨਾਲ ਪਾਣੀ ਦਾ ਰਿਜ਼ਰਵਾਇਰ 26% ਘੱਟ ਗਿਆ, ਜਦੋਂ ਸਿਲਟ ਜਮ੍ਹਾਂ ਹੋ ਗਈ, ਸਿਲਟ ਹਟ ਜਾਵੇਗੀ ਤਾਂ ਹੋਰ ਪਾਣੀ ਆ ਜਾਵੇਗਾ। ਇਸ ਲਈ ਮੈਂ ਸਾਫ ਗੱਲ ਕਰਨੀ ਚਾਹੁੰਦਾ ਹਾਂ ਕਿ ਡੈਮ ਨੂੰ ਕੋਈ ਖਤਰਾ ਨਹੀਂ ਹੈ, ਕੋਈ ਚਿੰਤਾ ਦੀ ਗੱਲ ਨਹੀਂ ਹੈ, ਸਿਰਫ ਤੇ ਸਿਰਫ ਇਸ ਦੀ ਡਰਾਇੰਗ ਵਿੱਚ ਹੈ ਕਿ ਡੈਮ ਪਾਣੀ ਦੇ ਵਧਣ ਨਾਲ, ਪਾਣੀ ਦੇ ਪ੍ਰੈਸ਼ਰ ਦੇ ਵਧਣ ਨਾਲ ਡੈਮ ਝੁਕ ਜਾਂਦਾ ਹੈ ਅਤੇ ਆਪਣੇ ਪੁਰਾਣੇ ਸਥਾਨ ਤੇ ਆ ਜਾਂਦਾ ਹੈ। ਦੂਜੀ ਅਸ਼ਵਨੀ ਸ਼ਰਮਾ ਜੀ ਗੱਲ ਕਹਿ ਕੇ ਗਏ ਹਨ, ਉਸ ਦੇ ਪਿੱਛੇ ਵੀ ਇੱਕ ਗੱਲ ਕਲੀਅਰ ਕਰਨੀ ਜ਼ਰੂਰੀ ਹੈ। ਇਹ ਮਾਈਨਿੰਗ ਦੀ ਗੱਲ ਕਰਕੇ ਚਲੇ ਗਏ ਹਨ। ਜਵਾਬ ਤਾਂ ਸੁਣ ਕੇ ਨਹੀਂ ਗਏ। ਇੱਕ ਤਾਂ ਪਹਿਲਾਂ 20 ਹਜ਼ਾਰ ਕਰੋੜ ਰੁਪਏ ਦੀ ਕੋਈ ਵੀ ਗੱਲ ਕਰ ਲੈਂਦਾ ਹੈ। ਇਹ ਜਾਖੜ ਸਾਹਿਬ ਨੇ ਵੀ 20 ਹਜ਼ਾਰ ਕਰੋੜ ਰੁਪਏ ਦੀ ਗੱਲ ਕਰ ਲਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ 20 ਹਜ਼ਾਰ ਕਰੋੜ ਰੁਪਏ ਨਹੀਂ ਆਇਆ ਤਾਂ ਇਸ ਦੇ ਲਈ ਇਹ ਜ਼ਿੰਮੇਵਾਰ ਹਨ, ਸੈਂਟਰਲ ਗੌਰਮਿੰਟ ਅਤੇ ਬੀ.ਜੇ.ਪੀ. ਦੀ ਸਰਕਾਰ ਜ਼ਿੰਮੇਵਾਰ ਹੈ ਜਿਸ ਦੇ ਮਾਣਯੋਗ ਮੈਂਬਰ ਇਹ ਗੱਲਾਂ ਕਰਦੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਖਣਨ ਤੇ ਭੂ ਵਿਗਿਆਨ ਮੰਤਰੀ**: ਮੈਂ ਦੱਸਦਾ ਹਾਂ ਜੀ, ਸੁਣ ਤਾਂ ਲਵੋ। ਮੈਂ ਦੱਸਦਾ ਹਾਂ ਕਿ ਕਿਵੇਂ ਜ਼ਿੰਮਵਾਰ ਹਨ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਖਣਨ ਤੇ ਭੂ ਵਿਗਿਆਨ ਮੰਤਰੀ**: ਸਰ, ਜਦੋਂ ਇਨ੍ਹਾਂ ਦੀਆਂ ਸਰਕਾਰਾਂ ਦੀ 120 ਕਰੋੜ ਰੁਪਏ ਦੀ ਇਨਕਮ ਮਾਈਨਿੰਗ ਵਿੱਚ ਸੀ ਔਰ ਜਦੋਂ ਸਾਡੀ ਸਰਕਾਰ ਬਣੀ ਤਾਂ ਹੁਣ ਸਵਾ 800 ਕਰੋੜ ਰੁਪਏ ਅਸੀਂ ਇਸ ਸਾਲ ਜਮ੍ਹਾਂ ਕੀਤਾ ਹੈ।

**1130/Manika Rani**

ਦੂਜੀ ਗੱਲ, ਇਸ ਦੇ ਲਈ ਜਿਹੜੀ ਇਨ੍ਹਾਂ ਦੀ ਸਰਕਾਰ ਹੈ, ਮੈਂ ਦੱਸਣਾ ਚਹਾਂਗਾ ਕਿ ਕੇਂਦਰ ਸਰਕਾਰ ਨੇ ਪੂਰੇ ਦੇਸ਼ ਦਾ ਸਰਵੇ ਕਰਵਾਇਆ ਸੀ, ਉਸ ਸਰਵੇ ਦੇ ਵਿੱਚ ਰਿਫਾਰਮਜ਼ ਦੇ ਆਧਾਰ ਤੇ ਜਿਹੜੀ ਸਾਡੀ ਕੈਟਾਗਿਰੀ ਹੈ, ਉਸ ਕੈਟਾਗਿਰੀ ਵਿੱਚ ਦੇਸ਼ ਵਿੱਚ ਪਹਿਲਾਂ ਸਥਾਨ ਪੰਜਾਬ ਦੀ ਮਾਈਨਿੰਗ ਨੂੰ ਮਿਲਿਆ ਹੈ ਅਤੇ ਦੋ ਸੌ ਕਰੋੜ ਰੁਪਏ ਦਾ appreciation award ਉਹ ਸਾਡੇ ਖਾਤੇ ਵਿੱਚ ਜਮ੍ਹਾਂ ਹੋ ਚੁੱਕਿਆ ਹੈ । ਸਪੀਕਰ ਸਾਹਿਬ, ਇਹ ਸਿਰਫ ਗੱਲਾਂ ਹੀ ਕਰਦੇ ਹਨ ਕਿਉਂਕਿ ਇਨ੍ਹਾਂ ਨੇ ਕਦੇ ਧਿਆਨ ਹੀ ਨਹੀਂ ਕੀਤਾ ਸੀ ਅਤੇ ਇਹ ਸਿਰਫ ਇਕੱਲੇ ਰੇਤੇ-ਬੱਜਰੀ ਤੇ ਹੀ ਗੱਲਾਂ ਕਰੀ ਗਏ। ਇਨ੍ਹਾਂ ਨੇ ਇਹ ਕਦੇ ਨਹੀਂ ਦੇਖਿਆ ਕਿ ਪੰਜਾਬ ਵਿੱਚ ਕੀ ਕੁਝ ਪਿਆ ਹੈ। ਪੰਜਾਬ ਵਿੱਚ 1979 ਵਿੱਚ ਪੋਟਾਸ਼ ਮਿਲੀ, ਇਨ੍ਹਾਂ

ਨੇ ਕੋਈ ਧਿਆਨ ਨਹੀਂ ਕੀਤਾ ਅਤੇ ਨਾ ਹੀ ਕੋਈ ਕਾਰਵਾਈ ਕੀਤੀ। ਸਾਡੀ ਸਰਕਾਰ ਬਣਨ ਤੋਂ ਬਾਅਦ ਪਿਛਲੇ ਸਾਲ ਉਡੀਸ਼ਾ ਵਿਖੇ ਮੀਟਿੰਗ ਹੋਈ ਸੀ ਅਤੇ ਮੈਂ ਉਥੇ ਆਪਣੀ ਗੱਲ ਰੱਖੀ। ਹੁਣ 9 ਜਨਵਰੀ ਨੂੰ ਗੁਜਰਾਤ ਵਿਖੇ ਮੀਟਿੰਗ ਹੋਈ ਸੀ, ਮੈਂ ਉਥੇ ਵੀ ਆਪਣੀ ਗੱਲ ਰੱਖੀ। ਮੈਂ ਕੇਂਦਰ ਦੇ ਮੰਤਰੀ ਸਾਹਿਬ ਨੂੰ ਕਿਹਾ ਕਿ ਇਹ ਕ੍ਰਿਟੀਕਲ ਮਿਨਰਲ ਹੈ, ਕਿਤੇ ਦੇਸ਼ ਵਿੱਚ ਮਿਲਦਾ ਨਹੀਂ ਹੈ ਔਰ ਇਹ ਪੰਜਾਬ ਵਿੱਚ ਮਿਲਿਆ ਹੈ ਅਤੇ ਤੁਸੀਂ ਕਾਰਵਾਈ ਕਿਉਂ ਨਹੀਂ ਕਰਦੇ ਹੋ। ਸਪੀਕਰ ਸਾਹਿਬ, ਉਨ੍ਹਾਂ ਨੇ ਉਸੇ ਸਮੇਂ ਕਾਰਵਾਈ ਕੀਤੀ ਅਤੇ 19 ਕਰੋੜ ਰੁਪਿਆ ਮਨਜ਼ੂਰ ਕੀਤਾ। ਅੱਜ 10 ਜਗ੍ਹਾ ਡਰਿੱਲ ਚੱਲ ਰਹੀ ਹੈ ਅਤੇ ਮੈਂ ਦਾਅਵੇ ਨਾਲ ਕਹਿ ਸਕਦਾ ਹੈ ਕਿ ਪੋਟਾਸ਼ ਦੀ ਪੂਰੀ drilling ਕਰਕੇ, ਪੂਰਾ ਧਿਆਨ ਇਸ ਪਾਸੇ ਲਗਾ ਕੇ, ਜਿਹੜਾ ਇਸ ਵਿਚੋਂ ਮਿਨਰਲ ਨਿਕਲੇਗਾ, ਉਸ ਨਾਲ ਪੂਰੇ ਦੇਸ਼ ਦੀ ਪੂਰਤੀ ਹੋ ਸਕਦੀ ਹੈ ਕਿਉਂਕਿ ਹੁਣ ਸਾਨੂੰ ਇੰਪੋਰਟ ਕਰਨਾ ਪੈਂਦਾ ਹੈ। ਦੂਜੀ ਇਸ ਤੋਂ ਵੱਡੀ ਗੱਲ ਦੱਸਣਾ ਚਾਹਾਂਗਾ ਕਿ ਪੋਟਾਸ਼ ਦੀ ਤਾਂ ਛੱਡੋ, ਇਨ੍ਹਾਂ ਨੇ ਤਾਂ ਕਦੇ ਸੋਨੇ ਤੱਕ ਧਿਆਨ ਨਹੀਂ ਕੀਤਾ। ਮੈਂ ਸਾਰੇ ਡਾਕੂਮੈਂਟ ਲੈ ਕੇ ਆਇਆ ਹਾਂ। ਇਹ ਰਿਪੋਰਟਾਂ ਹਨ। (ਇਸ ਸਮੇਂ ਹੱਥ ਵਿੱਚ ਫੜੇ ਡਾਕੂਮੈਂਟ ਦਿਖਾਉਂਦੇ ਹੋਏ।। ਸਪੀਕਰ ਸਾਹਿਬ, ਪੰਜਾਬ ਵਿੱਚ ਸੋਨੇ ਦੇ ਭੰਡਾਰ ਮਿਲੇ ਹਨ। ਸਾਲ 1985-86, 1986-87 ਅਤੇ 1991-92, 1993-94 ਦੀਆਂ ਰਿਪੋਰਟਾਂ ਹਨ। ਇਨ੍ਹਾਂ ਸਾਲਾਂ ਵਿੱਚ survey ਹੋਏ। ਸਰ, ਮੈਂ ਇੱਕ ਅੱਧੇ ਸਰਵੇ ਦੀ ਰਿਪੋਰਟ ਪੜ੍ਹ ਦਿੰਦਾ ਹਾਂ। The analytic results indicate the gold value ranging 0.8 gm a significant value was indicated from a sample. ਇਹ ਸਾਲ 1986-87 ਦੀ Geological Survey of India ਦੀ ਰਿਪੋਰਟ ਹੈ ਅਤੇ ਹੁਣ Higher value of gold were noticed along with 3 Km stretch of Sisvan River and 8 Km stretch along Budki River. ਸਰ, ਇਹ ਸਰਵੇ ਰਿਪੋਰਟਾਂ ਹਨ ਕਿਉਂਕਿ ਉਸ ਵੇਲੇ ਤਾਂ ਰੀ-ਕੰਨਸੈਂਸ ਸਰਵੇ ਸੀ ਅਤੇ ਹੁਣ ਜਿਹੜੇ ਸਰਵੇ ਹੋ ਰਹੇ ਹਨ, ਉਸ ਵਿੱਚ ਜਿਹੜੀਆਂ ਤਕਨੀਕਾਂ ਹਨ, ਉਨ੍ਹਾਂ ਪਿੱਛੇ analytical techniques and geo-chemical ਆ ਗਈਆਂ ਹਨ ਪਰੰਤੂ ਕਿਸੇ ਨੇ ਧਿਆਨ ਹੀ ਨਹੀਂ ਕੀਤਾ।

(ਇਸ ਸਮੇਂ ਰਾਣਾ ਗੁਰਜੀਤ ਸਿੰਘ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਖਣਨ ਤੇ ਭੂ ਵਿਗਿਆਨ ਮੰਤਰੀ**: ਸਪੀਕਰ ਸਾਹਿਬ, ਸੋਨੇ ਵੱਲ ਇਨ੍ਹਾਂ ਨੇ ਧਿਆਨ ਹੀ ਨਹੀਂ ਕੀਤਾ ਜੀ।

**ਰਾਣਾ ਗੁਰਜੀਤ ਸਿੰਘ**: ਇੱਕ ਮਿੰਟ ਜੀ। ਸਰ, ਜਿਹੜੇ ਇਹ ਅੰਕੜੇ ਦੇ ਰਹੇ ਹਨ ਕਿ ਗੋਲਡ ਮਾਈਨਿੰਗ ਵਾਈਬਲ ਹੈ ਜਾਂ ਨਹੀਂ?

**ਖਣਨ ਤੇ ਭੂ ਵਿਗਿਆਨ ਮੰਤਰੀ**: ਸਪੀਕਰ ਸਾਹਿਬ, ਮੈਨੂੰ ਗੱਲ ਕੰਪਲੀਟ ਕਰ ਲੈਣ ਦਿਉ।

**ਰਾਣਾ ਗੁਰਜੀਤ ਸਿੰਘ**: ਮਿਲ ਜਾਣਾ, ਦਿਸ ਜਾਣਾ, ਉਹ ਕਿਤੇ ਵੀ ਦਿਸ ਸਕਦਾ ਹੈ ਪਰ ਕੀ ਗੋਲਡ ਮਾਈਨਿੰਗ ਦੀ ਵਾਇਬਿਲਟੀ ਹੈ?

**ਖਣਨ ਤੇ ਭੂ ਵਿਗਿਆਨ ਮੰਤਰੀ**: ਇਹ ਕੱਢਣ ਦਾ ਅਧਿਕਾਰ ਤਾਂ ਸੈਂਟਰ ਗੌਰਮਿੰਟ ਕੋਲ ਹੈ।

**ਰਾਣਾ ਗੁਰਜੀਤ ਸਿੰਘ**: ਮੈਂ ਤਾਂ ਬੇਨਤੀ ਕਰ ਰਿਹਾ ਹਾਂ। ਇਹ ਦੱਸਣ ਵਿੱਚ ਕੋਈ ਹਰਜ਼ ਨਹੀਂ ਹੈ ਔਰ ਜੇਕਰ ਮੈਂ ਕੋਈ ਸਵਾਲ ਕਰ ਰਿਹਾ ਹਾਂ ਤਾਂ ਕੋਈ ਗਲਤ ਨਹੀਂ ਕਰ ਰਿਹਾ ਹਾਂ।

**ਖਣਨ ਤੇ ਭੂ ਵਿਗਿਆਨ ਮੰਤਰੀ**: ਕਰੋ, ਕਰੋ।

**ਰਾਣਾ ਗੁਰਜੀਤ ਸਿੰਘ**: ਤੁਸੀਂ ਪਰਸੈਂਟੇਜ਼ ਦੱਸੋ। ਵਾਇਬਿਲਟੀ ਦੱਸੋ। ਵਾਈਬਲ ਹੈ ਜਾਂ ਨਹੀਂ ਹੈ?

**ਖਣਨ ਤੇ ਭੂ ਵਿਗਿਆਨ ਮੰਤਰੀ**: ਤੁਸੀਂ ਮੈਨੂੰ ਦਿਖਾ ਦਿਉ, ਜੇ ਕਦੇ ਤੁਸੀਂ ਸਰਵੇ ਕਰਵਾਇਆ ਹੋਵੇ ਕਿ That is not viable. ਦਿਖਾ ਦਿਉ। ਮੈਨੂੰ ਕਿਤੇ ਦਿਖਾ ਦਿਉ।

(ਇਸ ਸਮੇਂ ਸ੍ਰੀ ਸੰਦੀਪ ਜਾਖੜ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਰਾਣਾ ਗੁਰਜੀਤ ਸਿੰਘ**: ਸਰ, ਮੈਨੂੰ ਜ਼ਰਾ ਉੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਆ ਲੈਣ ਦਿਉ, ਫਿਰ ਤੁਹਾਨੂੰ ਜਵਾਬ ਦੇਵਾਂਗਾ।

**ਖਣਨ ਤੇ ਭੂ ਵਿਗਿਆਨ ਮੰਤਰੀ**: ਤੁਸੀਂ ਦਿਖਾ ਕੇ ਹੀ ਬੋਲਦੇ, ਫਿਰ ਪਹਿਲਾਂ ਕਿਉਂ ਬੋਲਦੇ ਹੋ। ਤੁਸੀਂ ਦਿਖਾ ਲਉ। ਸਰ, ਮੈਂ ਤਾਂ ਇੱਕ ਗੱਲ ਕਹਿੰਦਾ ਹਾਂ ਕਿ ਜਦੋਂ ਤੁਹਾਡੇ ਵੇਲੇ ਇੱਥੇ ਮਿਲਿਆ ਸੀ ਤਾਂ ਫਿਰ ਕੋਈ ਕਾਰਵਾਈ ਕੀਤੀ ਸੀ ਜਾਂ ਨਹੀਂ ਕੀਤੀ। ਇਹ ਦਿਖਾ ਦਿਉ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ।

**ਖਣਨ ਤੇ ਭੂ ਵਿਗਿਆਨ ਮੰਤਰੀ**: ਅਸੀਂ ਗੱਲ ਤਾਂ ਕੀਤੀ ਹੈ ਕਿਉਂਕਿ ਅਸੀਂ ਕਾਰਵਾਈ ਵੀ ਕੀਤੀ ਹੈ। ਸਰ, ਅਸੀਂ ਪੋਟਾਸ਼ ਅਤੇ ਗੋਲਡ ਦੇ ਲਈ ਇੱਕ ਜਿਉਲੋਜਿਸਟ ਦੀ ਡਿਊਟੀ ਲਗਾ ਰੱਖੀ ਹੈ। ਸਾਡੇ ਕੋਲ Indian Oil ਵਾਲੇ ਆਏ ਸਨ ਅਤੇ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦਾ ਭਰੋਸਾ ਦਿੱਤਾ ਗਿਆ ਹੈ। ਮੁਕਤਸਰ, ਬਠਿੰਡਾ ਅਤੇ ਫਰੀਦਕੋਟ ਵਿਖੇ ਤੇਲ ਦੇ ਭੰਡਾਰ ਮਿਲੇ ਹਨ ਅਤੇ ਅਸੀਂ ਬਕਾਇਦਾ ਮੀਟਿੰਗ ਕਰਕੇ ਸਾਰੇ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ, ਸਾਰੇ ਡੀ.ਸੀ. ਸਾਹਿਬਾਨਾਂ ਨੂੰ ਹਦਾਇਤਾਂ ਕੀਤੀਆਂ ਹਨ ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ)**: ਕੋਈ ਨਵੀਂ ਗੱਲ ਹੈ ਤਾਂ ਦੱਸੋ।

**ਖਣਨ ਤੇ ਭੂ ਵਿਗਿਆਨ ਮੰਤਰੀ**: ਜਿਸ ਗੱਲ ਦੀ ਜ਼ਰੂਰਤ ਹੈ, ਉਹੀ ਦੱਸ ਰਹੇ ਹਾਂ । ਇਹ ਨਵੀਂ ਗੱਲ ਹੀ ਹੈ ਕਿਉਂਕਿ ਹੁਣ ਉਹ ਸਾਡੇ ਨਾਲ ਮੀਟਿੰਗ ਕਰਕੇ ਗਏ ਹਨ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ)**: ਮੰਤਰੀ ਜੀ,ਇਹ ਤੁਹਾਡੀ ਡਿਊਟੀ ਹੈ।

**ਖਣਨ ਤੇ ਭੂ ਵਿਗਿਆਨ ਮੰਤਰੀ**: ਫਿਰ ਤੁਸੀਂ ਡਿਊਟੀ ਕਿਉਂ ਨਹੀਂ ਨਿਭਾਈ ਸੀ।

**1135/Gurpreet kaur**

ਸਾਡੇ ਨੈਸ਼ਨਲ ਕਨਵੀਨਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੇ ਕਿਹਾ ਸੀ ਕਿ ਜੇਕਰ 20 ਹਜਾਰ ਕਰੋੜ ਤੋਂ ਵੱਧ ਦੀ ਇਨਕਮ ਹੁੰਦੀ ਤਾਂ ਕੇਂਦਰ ਸਰਕਾਰ ਸਹਿਯੋਗ ਕਰਦੀ। ਕੇਂਦਰ ਸਰਕਾਰ ਇਸ ਲਈ ਸਹਿਯੋਗ ਨਹੀਂ ਕਰ ਰਹੀ ਕਿਉਂਕਿ ਇਹ ਪੰਜਾਬ ਦਾ ਭਲਾ ਨਹੀਂ ਚਾਹੁੰਦੇ। ਇਹ ਸਿਰਫ ਇੱਥੇ ਬੈਠ ਕੇ ਗੱਲਾਂ ਕਰਦੇ ਹਨ। ਸਾਰੀਆਂ ਗੱਲਾਂ ਸਹੀ ਹਨ। ਪੰਜਾਬ ਵਿੱਚ ਕਿਤੇ ਵੀ ਇਲਲੀਗਲ ਮਾਈਨਿੰਗ ਨਹੀਂ ਹੈ। ਜਿੱਥੇ ਵੀ ਸ਼ਿਕਾਇਤ ਮਿਲਦੀ ਹੈ, ਉਸ ਤੇ ਕਾਰਵਾਈ ਕੀਤੀ ਜਾਂਦੀ ਹੈ। ਐਫ.ਆਈ.ਆਰਾਂ ਦੀ ਲੰਬੀ ਲਿਸਟ ਹੈ। ਕੱਲ੍ਹ ਪਰਸੋਂ ਵੀ ਗੱਲ ਚੱਲ ਰਹੀ ਸੀ ਕਿ ਜੇਕਰ ਕਿਤੇ ਕੋਈ ਇਲਲੀਗਲ ਮਾਈਨਿੰਗ ਕਰਕੇ ਚਲਾ ਜਾਂਦਾ ਹੈ ਤਾਂ ਬਾਅਦ ਵਿੱਚ ਵੀ ਉਸ ਤੇ ਐਫ.ਆਈ.ਆਰ. ਦਰਜ ਕੀਤੀ ਜਾਂਦੀ ਹੈ। ਮੋਹਾਲੀ ਵਿੱਚ ਵੀ ਸਰਵੇ ਕਰਵਾ ਕੇ 06 ਐਫ.ਆਈ.ਆਰਾਂ ਕੀਤੀਆਂ ਗਈਆਂ ਹਨ ਕਿਉਂਕਿ ਉੱਥੇ ਇਲਲੀਗਲ ਮਾਈਨਿੰਗ ਮਿਲੀ ਹੈ। ਅਸੀਂ ਹਰ ਤਰ੍ਹਾਂ ਨਾਲ ਇਲਲੀਗਲ ਮਾਈਨਿੰਗ ਤੇ ਪੂਰਾ ਕੰਟਰੋਲ ਕੀਤਾ ਹੋਇਆ ਹੈ। ਸੈਂਟਰ ਦੀ ਗੌਰਮਿੰਟ ਨੇ ਸਾਨੂੰ ਆਪ ਐਪਰੀਸੀਏਸ਼ਨ ਐਵਾਰਡ ਵੀ ਦਿੱਤਾ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਅਸ਼ਵਨੀ ਜੀ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ) ਪਹਿਲਾਂ ਅਸ਼ਵਨੀ ਜੀ ਨੂੰ ਬੋਲ ਲੈਣ ਦਿਓ। ਮੰਤਰੀ ਜੀ ਨੇ ਉਨ੍ਹਾਂ ਦਾ ਨਾਮ ਲਿਆ ਸੀ। ਉਨ੍ਹਾਂ ਨੂੰ ਕਲੈਰੀਫਾਈ ਕਰ ਲੈਣ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਅਤੇ ਸਰਦਾਰ ਹਰਦੇਵ ਸਿੰਘ ਲਾਡੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)**: ਮੰਤਰੀ ਜੀ ਯਾਦ ਕਰ ਰਹੇ ਸਨ। ਮੈਂ ਹਾਜਰ ਹੋ ਗਿਆ। ਜਾਂ ਤਾਂ ਤੁਸੀਂ ਇਹ ਸੁਣਿਆ ਨਹੀਂ ਕਿ ਮੈਂ ਜ਼ੀਰੋ ਆਵਰ ਵਿੱਚ ਕਿਸ ਗੱਲ ਤੇ ਧਿਆਨ ਦਿਵਾਇਆ ਹੈ। ਮੈਂ ਤਾਂ ਇਸ ਗੱਲ ਤੇ ਧਿਆਨ ਦਿਵਾਇਆ ਹੈ ਕਿ ਅਗਰ ਕੋਈ ਬੰਦਾ ਇਲਲੀਗਲ ਮਾਈਨਿੰਗ ਦੇ ਖਿਲਾਫ ਆਵਾਜ਼ ਉਠਾਉਂਦਾ ਹੈ ਤਾਂ ਉਸ ਦੀ ਆਵਾਜ਼ ਬੰਦ ਕਰਨ ਲਈ ਆਮ ਆਦਮੀ ਪਾਰਟੀ ਦੇ ਵੱਡੇ ਨੇਤਾ ਧਮਕੀਆਂ ਦਿੰਦੇ ਹਨ। ਇਲਲੀਗਲ ਮਾਈਨਿੰਗ ਦਾ ਕੀ ਹਾਲ ਹੈ। ਜਿਸ ਦਾ ਖੇਤ ਉਸ ਦੀ ਰੇਤ ਵਿੱਚ ਕੀ ਹੋਇਆ। ਕਦੇ ਜ਼ਮੀਨੀ ਧਰਾਤਲ ਤੇ ਜਾ ਕੇ ਉਸ ਨੂੰ ਮਹਿਸੂਸ ਕਰੋ। ਤੁਹਾਨੂੰ ਫਿਰ ਅਸਲੀਅਤ ਪਤਾ ਚੱਲੇਗੀ। ਤੁਹਾਡੀ ਹਾਲਤ ਇਹ ਹੋ ਚੁੱਕੀ ਹੈ, ਮੈਂ ਮਾਫੀ ਨਾਲ ਕਹਾਂਗਾ ਕਿ ਜੇਕਰ ਕਿਸੇ ਦੇ ਘਰ ਕੁੜੀ ਹੋ

ਗਈ ਤਾਂ ਕੇਂਦਰ ਸਰਕਾਰ ਦਾ ਕਸੂਰ ਹੈ ਅਤੇ ਜੇਕਰ ਕਿਸੇ ਦੇ ਘਰ ਮੁੰਡਾ ਜੰਮ ਗਿਆ ਤਾਂ ਕਹਿਣਾ ਸਾਡੀ ਮਿਹਨਤ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਦੋਂ ਤੁਸੀਂ 20 ਹਜਾਰ ਕਰੋੜ ਰੁਪਏ ਦਾ ਵਾਅਦਾ ਕੀਤਾ ਸੀ। ਤੁਸੀਂ ਸ਼ੇਮ ਸ਼ੇਮ ਕਰ ਲਵੋ। ਤੁਸੀਂ ਇਸ ਨੂੰ ਰਾਜਨੀਤਿਕ ਭਾਸ਼ਣਾਂ ਦਾ ਮੰਚ ਬਣਾਇਆ ਹੋਇਆ ਹੈ। (ਵਿਘਨ) ਤੁਸੀਂ ਹਰੇਕ ਗੱਲ ਤੇ ਕੇਂਦਰ ਦੀ ਨਿੰਦਾ ਕਿਉਂ ਕਰਦੇ ਹੋ। ਤੁਸੀਂ ਹਰ ਗੱਲ ਤੇ ਹੀ ਕੇਂਦਰ ਸਰਕਾਰ ਦੀ ਨਿੰਦਾ ਕਰਦੇ ਹੋ। (ਵਿਘਨ)

**ਮਾਣਯੋਗ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਅਸ਼ਵਨੀ ਜੀ ਨੇ ਸੈਂਟਰ ਤੇ ਸਟੇਟ ਦੇ ਰਿਲੇਸ਼ਨਸ਼ਿਪ ਦੀ ਗੱਲ ਕੀਤੀ ਹੈ। ਦੇਸ਼ ਫੈਡਰਲ ਸਟਰੱਕਚਰ ਵਿੱਚ ਬੰਨ੍ਹਿਆ ਹੋਇਆ ਹੈ। ਨੇਸ਼ਨ ਦੇ ਅੰਦਰ ਸਟੇਟ ਕੰਟਰੀਬਿਊਟ ਕਰਦਾ ਹੈ। ਡਾਇਰੈਕਟ ਟੈਕਸ ਦੇ ਅੰਦਰ ਅਤੇ ਇਨ ਡਾਇਰੈਕਟ ਟੈਕਸ ਦੇ ਅੰਦਰ ਸਾਡਾ ਬਣਦਾ ਸ਼ੇਅਰ ਕਿਉਂ ਰੋਕਿਆ ਹੋਇਆ ਹੈ। (ਵਿਘਨ)

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਵਿੱਤ ਮੰਤਰੀ:** ਪਹਿਲਾਂ ਹੁਣ ਮੇਰੀ ਗੱਲ ਸੁਣ ਲਵੋ। ਤੁਸੀਂ ਇਹ ਜਵਾਬ ਦਿਓ ਕਿ ਤੁਸੀਂ ਆਰ.ਡੀ.ਐਫ. ਦਾ ਪੈਸਾ ਕਿਉਂ ਰੋਕਿਆ ਹੋਇਆ ਹੈ? ਤੁਸੀਂ ਪਿਛਲੇ 12 ਸਾਲਾਂ ਤੋਂ ਆਗਨਵਾੜੀ ਵਰਕਰਾਂ ਦਾ ਮਿਹਨਤਨਾਮਾ ਕਿਉਂ ਨਹੀਂ ਵਧਾਇਆ?

**ਮਾਣਯੋਗ ਸਪੀਕਰ:** ਚੀਮਾ ਜੀ, ਚੇਅਰ ਨੂੰ ਐਡਰੈਸ ਕਰੋ।

**ਵਿੱਤ ਮੰਤਰੀ:** ਤੁਸੀਂ ਜਵਾਬ ਦਿਓ ਕਿ ਪੰਜਾਬ ਦੇ ਅੰਦਰ ਜਿਹੜੀਆਂ ਮਿਡ ਡੇਅ ਮੀਲ ਵਰਕਰਜ਼ ਦਾ ਪਿਛਲੇ 15 ਸਾਲਾਂ ਤੋਂ ਮਿਹਨਤਨਾਮਾ ਕਿਉਂ ਨਹੀਂ ਵਧਾਇਆ? ਆਸ਼ਾ ਵਰਕਰਾਂ ਦਾ ਮਿਹਨਤਨਾਮਾ ਕਿਉਂ ਨਹੀਂ ਵਧਾਇਆ? ਪ੍ਰਧਾਨ ਮੰਤਰੀ ਸੜਕ ਯੋਜਨਾ ਦਾ ਪੈਸਾ ਕਿਉਂ ਰਿਲੀਜ਼ ਨਹੀਂ ਕੀਤਾ ਜਾ ਰਿਹਾ? ਤੁਸੀਂ ਹਰ ਜਗ੍ਹਾ ਤੇ ਹਰ ਸਕੀਮ ਨੂੰ ਗੌਰਮਿੰਟ ਆਫ ਇੰਡੀਆ ਵੱਲੋਂ 100% ਫੰਡਿੰਗ ਜਾਰੀ ਕਰਦੀ ਹੈ। After that 60:40 ਵਿੱਚ ਆਉਂਦੀ ਹੈ। 60:40 ਤੋਂ ਬਾਅਦ ਮੁਕਰ ਜਾਂਦੀ ਹੈ। ਮੇਰੇ ਸਾਥੀ ਵੀ ਮੇਰੇ ਨਾਲ ਸਹਿਮਤ ਹੋਣਗੇ ਕਿਉਂਕਿ ਇਹ ਕੈਬਨਿਟ ਵਿੱਚ ਰਹਿ ਕੇ ਗਏ ਹਨ। ਸੈਂਟਰ ਸਰਕਾਰ ਜਿੰਨੀਆਂ ਵੀ ਸਕੀਮਾਂ ਜਾਰੀ ਕਰਦੀ ਹੈ, ਉਹ ਪਹਿਲਾਂ 100 ਦੀ ਫਰੇਮ ਵਿੱਚ ਆਉਂਦੀਆਂ ਹਨ ਕਿ 100% funding by the Government of India, after that ਇਹ ਰੇਸ਼ੋ 60:40 ਹੋ ਜਾਂਦੀ ਹੈ, ਫਿਰ 60:40 ਤੋਂ ਬਾਅਦ ਮੁਕਰ ਜਾਂਦੇ ਹਨ। ਸਰ, ਜਿਹੜੇ number of employee ਹਨ, ਜਿਹੜੇ ਹਿਊਮਨ ਰਿਸੋਰਸਿਜ਼ ਹਨ ਉਹ ਸਟੇਟਾਂ ਨੂੰ bear ਕਰਨੇ ਪੈਂਦੇ ਹਨ। ਸੈਂਟਰ ਸਰਕਾਰ ਵਾਹ ਵਾਹ ਖੱਟਣ ਲਈ ਸਕੀਮਾ ਲੈ ਕੇ ਆਉਂਦੀ ਹੈ ਅਤੇ ਬਾਅਦ ਵਿੱਚ ਮੁਕਰ ਜਾਂਦੀ ਹੈ। ਇਨ੍ਹਾਂ ਮੈਂਬਰ ਸਾਹਿਬਾਨ ਨੂੰ ਇਸ ਤਰ੍ਹਾਂ ਕਰੋ ਇਹ ਤਿੰਨ ਹਨ। ਦੋ ਡਾਇਰੈਕਟ ਹਨ ਅਤੇ ਇੱਕ ਇਨਡਾਇਰੈਕਟ ਹੈ। ਜਾਖੜ

ਸਾਹਿਬ ਇਨ੍ਹਾਂ ਦੇ de facto ਮੈਂਬਰ ਹਨ। ਇਨ੍ਹਾਂ ਤਿੰਨਾਂ ਮੈਂਬਰ ਸਾਹਿਬਾਨ ਦੀ ਡਿਊਟੀ ਲਗਾਓ। ਇਹ ਗੌਰਮਿੰਟ ਆਫ ਇੰਡੀਆ ਦੇ ਫਾਇਨਾਂਸ ਮਨਿਸਟਰ ਸਾਹਿਬ ਕੋਲ ਜਾਣਗੇ। ਇਹ ਪਿਊਸ਼ ਗੋਇਲ ਜੀ ਕੋਲ ਜਾਣਗੇ। (ਵਿਘਨ)ਮੈਂ ਵੀ ਇਨ੍ਹਾਂ ਦੇ ਨਾਲ ਚੱਲਦਾ ਹਾਂ ਕਿ ਸਾਡਾ ਆਰ.ਡੀ.ਐਫ. ਦਾ ਪੈਸਾ ਦਿਵਾ ਦਿਓ।(ਵਿਘਨ)

**1140/Kuldeep kaur**

ਤੁਸੀਂ ਰੋਕਿਆ ਹੈ, number of times ਅਸੀਂ ਗਏ ਹਾਂ ਲੇਕਿਨ ਇਹ ਲੋਕ ਭੱਜ ਜਾਂਦੇ ਹਨ। ਇਹ ਝੂਠ ਬੋਲਣ ਦੇ ਆਦੀ ਹਨ। ਸਰ, ਸਾਰੀਆਂ ਸਕੀਮਾਂ ਵਿੱਚ ਸੈਂਟਰ ਸਰਕਾਰ ਪੰਜਾਬ ਨਾਲ ਧੱਕਾ ਕਰਦੀ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਪੰਜਾਬ ਦੇਸ਼ ਦਾ ਸੂਬਾ ਹੈ, ਜਿਹੜਾ ਦੇਸ਼ ਦੇ ਲੋਕਾਂ ਦਾ ਪੇਟ ਭਰਦਾ ਹੈ। Wheat/ Rice ਦੀ ਸਭ ਤੋਂ ਵੱਧ ਪ੍ਰੋਡਕਸ਼ਨ ਪੰਜਾਬ ਵਿੱਚ ਹੈ ਪਰ ਫਿਰ ਵੀ ਇਹ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੇ ਹਨ। (ਸ਼ੋਰ)

**ਮਾਣਯੋਗ ਸਪੀਕਰ:** ਠੀਕ ਹੈ ਜੀ। ਆਪਾਂ ਅੱਗੇ ਚੱਲੀਏ। ਜਾਖੜ ਜੀ ਨੇ ਪੁਆਇੰਟ ਆਫ ਆਰਡਰ ਮੰਗਿਆ ਹੈ।

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ, ਗੋਇਲ ਸਾਹਿਬ ਤੋਂ ਇੰਨੀ ਗੱਲ ਪੁੱਛਣਾ ਚਾਹੁੰਦਾ ਹਾਂ, ਜਿਵੇਂ ਰਾਣਾ ਜੀ ਨੇ ਵੀ ਗੱਲ ਕੀਤੀ ਹੈ ਕਿ ਪੋਟਾਸ਼ ਦੇ ਉੱਤੇ ਜਿਹੜੀ ਖੋਜ ਕੀਤੀ ਹੈ, ਉਸ ਦੀ ਵਾਇਬਿਲਟੀ ਰਿਪੋਰਟ ਨੂੰ ਹਾਊਸ ਵਿੱਚ ਸਾਂਝਾ ਕਰ ਦੇਵੋ। ਬਹੁਤ ਚੰਗੀ ਗੱਲ ਹੈ ਕਿ ਆਪਾਂ ਨੂੰ ਪੋਟਾਸ਼ ਮਿਲਿਆ ਹੈ। ਇਸ ਵਿੱਚ ਪੰਜਾਬ ਦਾ ਹੀ ਫਾਇਦਾ ਹੋਵੇਗਾ, ਆਪਣੇ ਸੂਬੇ ਦਾ ਫਾਇਦਾ ਹੋਵੇਗਾ।

**ਮਾਣਯੋਗ ਸਪੀਕਰ:** ਠੀਕ ਹੈ ਜੀ।

(ਇਸ ਸਮੇਂ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

ਇੱਕ ਮਿੰਟ ਬੀਬਾ ਜੀ। ਇੱਕ ਮਿੰਟ ਜੀ, ਅਮਨ ਜੀ ਰਾਣਾ ਜੀ ਕੁਝ ਕਹਿਣਾ ਚਾਹੁੰਦੇ ਹਨ।

(ਇਸ ਸਮੇਂ ਜਲ ਸਰੋਤ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਰਾਣਾ ਗੁਰਜੀਤ ਸਿੰਘ (ਕਪੂਰਥਲਾ):** ਮੰਤਰੀ ਜੀ, ਮਾਈਕ ਮੇਰਾ ਆਨ ਹੈ, ਹੁਣ ਬੈਠ ਜਾਵੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

ਮੇਰੇ ਵੀਰ, ਕੋਟਲੀ ਸਾਹਿਬ, ਇੱਕ ਮਿੰਟ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੰਤਰੀ ਜੀ ਨੇ ਕੁਝ ਗੱਲਾਂ ਬੜੀਆਂ ਚੰਗੀਆਂ ਕੀਤੀਆਂ ਹਨ। ਭਾਖੜਾ ਨੰਗਲ ਬਾਰੇ ਕਲੈਰਿਟੀ ਦਿੱਤੀ, ਉਹ ਇਨ੍ਹਾਂ ਦਾ ਸਬਜੈਕਟ ਹੈ। ਮਾਈਨਿੰਗ ਵੀ ਇਨ੍ਹਾਂ ਦਾ ਸਬਜੈਕਟ ਹੈ। ਮੈਂ ਮਾਈਨਿੰਗ ਤੇ ਨਹੀਂ ਬੋਲਣਾ ਚਾਹੁੰਦਾ। ਇਨ੍ਹਾਂ ਨੇ ਜ਼ਮੀਨ ਦੇ ਥੱਲੇ ਜੋ ਜੋ ਮਿਲਿਆ ਹੈ, ਉਸ ਬਾਰੇ ਦੱਸਿਆ ਹੈ। ਉਸ ਦੀ ਮਾਤਰਾ ਕਿੰਨੀ ਹੈ, ਕੀ ਗੋਲਡ ਦੀ ਮਾਇਨਿੰਗ ਵਾਇਬਲ ਹੋਵੇਗੀ ਜਾਂ ਨਹੀਂ ਇਸ ਬਾਰੇ ਨਹੀਂ ਦੱਸਿਆ। ਬੜੀ ਅੱਛੀ ਬਾਤ ਹੈ ਕਿ ਪੋਟਾਸ਼ ਨਿਕਲਿਆ ਹੈ, ਮਾਈਨ ਹੋਵੇ, ਇਹ ਅੱਛੀ ਬਾਤ ਹੈ। ਤੁਸੀਂ ਤੇਲ ਦੀ ਗੱਲ ਵੀ ਕੀਤੀ ਹੈ ਲੇਕਿਨ ਮੈਂ ਇਨ੍ਹਾਂ ਨੂੰ ਧਰਤੀ ਦੇ ਥੱਲਿਓਂ ਥੋੜ੍ਹਾ ਜਿਹਾ ਉੱਪਰ ਲਿਆਉਣਾ ਚਾਹੁੰਦਾ ਹਾਂ। ਜਿਹੜੀ ਚੀਜ਼ ਸਾਨੂੰ ਦਿਸਦੀ ਹੈ, ਮੈਂ ਉਸ ਵੱਲ ਇਨ੍ਹਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਕਿਸੇ ਦਰਿਆ ਵਿੱਚ ਚੱਲ ਜਾਈਏ, ਕਿਸੇ ਡਰੇਨ ਵਿੱਚ ਚੱਲ ਜਾਈਏ, ਇੰਨੀ ਵੱਡੀ water hyacinth ਬੂਟੀ ਉੱਗੀ ਹੋਈ ਹੈ। ਤੁਸੀਂ ਸਰਕਾਰ ਦੀ ਬੱਲੇ ਬੱਲੇ ਕਰਵਾਉਣ ਲਈ ਮਾਈਨਿੰਗ ਵਿੱਚ ਧਰਤੀ ਦੇ ਥੱਲੇ ਚਲੇ ਗਏ, ਕੀ ਤੁਹਾਨੂੰ ਉਹ ਬੂਟੀ ਨਹੀਂ ਦਿਸਦੀ?

**ਮਾਣਯੋਗ ਸਪੀਕਰ:** ਇੰਦਰਜੀਤ ਕੌਰ ਜੀ। ਇੱਕ ਮਿੰਟ ਜੀ, ਹਾਂ ਜੀ, ਗੋਇਲ ਸਾਹਿਬ।

**ਖਣਨ ਤੇ ਭੂ ਵਿਗਿਆਨ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਰਾਣਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਸਰਵੇ ਹੋਵੇਗਾ, Geological Survey of India ਪੰਜਾਬ ਵਿੱਚ ਸਰਵੇ ਕਰਨ ਆਈ। ਉਨ੍ਹਾਂ ਨੇ ਸਰਵੇ ਕੀਤੇ ਅਤੇ ਪੰਜਾਬ ਵਿੱਚ 9 ਡਰਿੱਲਾਂ ਕੀਤੀਆਂ ਗਈਆਂ। ਮੈਂ ਇਨ੍ਹਾਂ ਨੂੰ ਇਸ ਦੀ ਰਿਪੋਰਟ ਭੇਜ ਦੇਵਾਂਗਾ। (ਰਾਣਾ ਗੁਰਜੀਤ ਸਿੰਘ ਵੱਲੋਂ ਵਿਘਨ) ਮੇਰੀ ਗੱਲ ਤਾਂ ਸੁਣ ਲਵੋ। ਤੁਸੀਂ ਮੈਨੂੰ ਕਹਿੰਦੇ ਸੀ ਕਿ ਮੇਰਾ ਸਪੀਕਰ ਆਨ ਹੈ ਅਤੇ ਤੁਸੀਂ ਬੈਠ ਜਾਵੋ। ਹੁਣ ਮੇਰਾ ਸਪੀਕਰ ਆਨ ਹੈ, ਹੁਣ ਤੁਸੀਂ ਸੁਣ ਲਵੋ। ਪੰਜਾਬ ਵਿੱਚ ਪੋਟਾਸ਼ ਦੇ ਉੱਤੇ ਸਿਰਫ 9 ਡਰਿੱਲਾਂ ਹੋਈਆਂ ਹਨ। ਰਾਜਸਥਾਨ ਵਿੱਚ ਪੋਟਾਸ਼ ਤੇ 150 ਡਰਿੱਲ ਹੋਈ ਸੀ। ਉੱਥੇ ਵੀ ਪੋਟਾਸ਼ ਮਿਲੀ ਅਤੇ ਪੰਜਾਬ ਵਿੱਚ ਵੀ ਪੋਟਾਸ਼ ਮਿਲੀ ਹੈ। ਮੈਂ ਇਨ੍ਹਾਂ ਨੂੰ ਰਿਪੋਰਟ ਭੇਜ ਦੇਵਾਂਗਾ। Geological Survey of India ਨੇ ਰਿਪੋਰਟ ਵਿੱਚ ਲਿਖਿਆ ਹੈ। ਮੈਂ ਕੇਂਦਰ ਦੇ ਮੰਤਰੀ ਸਾਹਿਬ ਦਾ ਇਸ ਮੀਟਿੰਗ ਲਈ ਧੰਨਵਾਦ ਕਰਦਾ ਹਾਂ। ਜਦੋਂ ਮੈਂ ਮੀਟਿੰਗ ਵਿੱਚ ਗੱਲ ਰੱਖੀ ਸੀ ਕਿ ਇਨ੍ਹਾਂ ਮੀਟਿੰਗਾਂ ਦਾ ਕੀ ਫਾਇਦਾ ਹੈ? ਮੀਟਿੰਗ ਆ ਜਾਂਦੀ ਹੈ ਅਤੇ ਅਸੀਂ ਮੀਟਿੰਗ ਵਿੱਚ ਦੋ ਦਿਨ ਘੁੰਮ ਫਿਰ ਜਾਂਦੇ ਹਾਂ ਪਰ ਇਸ ਦਾ ਰਿਜ਼ਲਟ ਕੋਈ ਨਹੀਂ ਨਿਕਲਦਾ ਹੈ? ਉਨ੍ਹਾਂ ਨੇ ਤੁਰੰਤ ਕਾਰਵਾਈ ਕਰਕੇ ਇੱਥੇ 19 ਕਰੋੜ ਰੁਪਿਆ ਵੀ ਮਨਜ਼ੂਰ ਕੀਤਾ ਹੈ ਅਤੇ ਮੇਰੇ ਕੋਲ ਸਾਰੇ ਅਫਸਰ ਭੇਜੇ ਸਨ। ਮੈਂ ਉਨ੍ਹਾਂ ਅਫਸਰਾਂ ਨੂੰ ਬੜਾ ਕਲੀਅਰ ਪੁੱਛਿਆ ਕਿ ਜਿਹੜੀ ਪੋਟਾਸ਼ ਤੁਹਾਨੂੰ ਮਿਲੀ ਹੈ, ਉਸ ਦਾ ਕੀ ਮਾਮਲਾ ਹੈ? ਉਹ ਮੈਨੂੰ ਬਕਾਇਦਾ ਇਸ ਦੇ ਸੈਂਪਲ ਦੇ ਕੇ ਗਏ ਸਨ, ਮੈਂ ਉਸ ਸਮੇਂ ਵੀ ਸਦਨ ਵਿੱਚ ਇਹ ਸੈਂਪਲ ਨਹੀਂ ਲਿਆ ਸਕਿਆ ਸੀ ਕਿਉਂਕਿ ਇਹ ਸਦਨ ਦੀ ਮਰਿਆਦਾ ਵਿੱਚ ਨਹੀਂ ਹੈ। ਉਨ੍ਹਾਂ ਨੇ ਦੱਸਿਆ ਕਿ ਜਿਹੜੀ ਪੋਟਾਸ਼ ਮਿਲੀ ਹੈ ਇਹ satisfactory ਹੈ। ਜੇਕਰ ਇਹ satisfactory ਸੀ ਤਾਂ 19 ਕਰੋੜ ਰੁਪਿਆ ਦੇ ਕੇ 10 ਡਰਿੱਲਾਂ ਹੋਰ ਹੋ ਰਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਕਿਸੇ ਨੇ ਕੋਈ ਕੰਮ ਨਹੀਂ ਕੀਤਾ ਹੈ। ਇਹ ਜਿਹੜੀ ਹੁਣ ਗੋਲਡ ਦੀ ਗੱਲ ਕਰਦੇ ਹਨ ਉਸ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਸਰਵੇ ਹੋਵੇਗਾ ਤਾਂ

ਹੀ ਪਤਾ ਲੱਗੇਗਾ। (ਵਿਘਨ) (ਸ਼ੋਰ) ਹੁਣ ਪਹਿਲਾਂ ਹੀ ਕਿੱਥੋਂ ਪਤਾ ਲੱਗ ਜਾਵੇਗਾ ਕਿ ਕਿੰਨਾ ਗ੍ਰਾਮ ਹੈ। ਆਹ ਰਿਪੋਰਟਾਂ ਮੇਰੇ ਕੋਲ ਪਈਆਂ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਅਮਨ ਅਰੋੜਾ ਜੀ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਹਰਦੇਵ ਸਿੰਘ ਲਾਡੀ ਅਤੇ ਖਣਨ ਤੇ ਭੂ ਵਿਗਿਆਨ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ**: ਲਾਡੀ ਜੀ, ਪਲੀਜ਼ ਬੈਠੋ। (ਵਿਘਨ) ਅਮਨ ਜੀ, ਤੁਸੀਂ ਬੋਲੋ। (ਵਿਘਨ) ਬੈਠੋ ਜੀ, ਬੈਠੋ। ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕੋਈ ਵੀ ਗੱਲ ਰਿਕਾਰਡ ਨਾ ਕੀਤੀ ਜਾਵੇ। Aman ji, You want to continue? ਕੰਟੀਨਿਊ ਕਰੋ ਜੀ। (ਵਿਘਨ) ਬੈਠੋ ਜੀ, ਮੈਂ ਅਲਾਓ ਕਰਾਂਗਾ।

(ਇਸ ਸਮੇਂ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਹਰਦੇਵ ਸਿੰਘ ਲਾਡੀ ਆਪਸ ਵਿੱਚ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਅਮਨ ਜੀ, ਚੇਅਰ ਨੂੰ ਐਡਰੈੱਸ ਕਰੋ ਜੀ।

**1145/Pawan sharma**

**ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਇੱਕ ਬੜਾ ਇੰਪਾਰਟੈਂਟ ਇਸ਼ੂ ਮਾਈਨਿੰਗ ਦਾ ਉੱਠਿਆ ਹੈ। ਠੀਕ ਹੈ। ਮੇਰੇ ਸਤਿਕਾਰਯੋਗ ਹਨ ਅਸ਼ਵਨੀ ਜੀ, ਇਨ੍ਹਾਂ ਨੇ ਬੜੇ ਵਧੀਆ ਤਰੀਕੇ ਨਾਲ ਇਸ਼ੂ ਰੇਜ਼ ਕੀਤਾ ਕੀਤਾ ਹੈ। ਐਲੀਗੇਸ਼ਨ, ਕਰਾਸ-ਐਲੀਗੇਸ਼ਨ ਲੱਗਦੇ ਰਹੇ ਹਨ ਅਤੇ ਲੱਗਦੇ ਰਹਿਣਗੇ। ਅਸੀਂ ਕਹਾਂਗੇ ਕਿ ਸੈਂਟਰ ਸਾਡੇ ਨਾਲ ਧੱਕਾ ਕਰਦਾ ਹੈ, ਇਹ ਕਹਿਣਗੇ ਕਿ ਤੁਸੀਂ ਕੁਝ ਨਹੀਂ ਕਰਦੇ। ਮੈਂ ਉਨ੍ਹਾਂ ਗੱਲਾਂ ਵਿੱਚ ਨਹੀਂ ਜਾਂਦਾ ਪਰ ਮੈਨੂੰ ਅਸ਼ਵਨੀ ਜੀ, ਮੇਰੇ ਸਤਿਕਾਰਯੋਗ ਹਨ। ਇਨ੍ਹਾਂ ਨੇ ਇੱਕ ਲਫਜ਼ ਕਿਹਾ ਹੈ, ਮੈਨੂੰ ਉਸ ਤੇ ਸਖਤ ਇਤਰਾਜ਼ ਹੈ। ਉਹ ਇਹ ਹੈ, ਇਨ੍ਹਾਂ ਨੇ ਕਿਹਾ ਕਿ ਜੇ ਕੁੜੀ ਹੋ ਜਾਵੇ ਤਾਂ ਸੈਂਟਰ ਵਾਲਿਆਂ ਤੇ ਐਲੀਗੇਸ਼ਨ ਅਤੇ ਜੇ ਮੁੰਡਾ ਹੋ ਜਾਵੇ ਤਾਂ ਸਾਡੀ ਪ੍ਰਾਪਤੀ। ਅਸ਼ਵਨੀ ਜੀ, ਤੁਸੀਂ ਮੁੰਡੇ ਅਤੇ ਕੁੜੀ ਵਿੱਚ ਫਰਕ ਸਮਝਦੇ ਹੋ?

**ਰਾਣਾ ਗੁਰਜੀਤ ਸਿੰਘ(ਬੈਠੇ, ਬੈਠੇ)**: ਇਹ ਮੁਹਾਵਰੇ ਹਨ, ਯਾਰ।

**ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ**: ਨਹੀਂ, ਨਹੀਂ, ਇਹ ਮੁਹਾਵਰੇ ਕਾਹਦੇ ਹਨ। ਰਾਣਾ ਜੀ ਮੁਹਾਵਰੇ ਬਦਲ ਚੁੱਕੇ ਹਨ। ਰਾਣਾ ਜੀ, ਮੁਹਾਵਰੇ ਬਦਲ ਚੁੱਕੇ ਹਨ ਜੀ। ਸੁਣ ਲਵੋ, ਮੇਰੀ ਗੱਲ ਸੁਣ ਲਵੋ। ਅੱਜ ਪੰਜਾਬ ਵਿੱਚ

ਜਿਹੜਾ ਮਰਜ਼ੀ ਸੈਕਟਰ ਦੇਖ ਲਵੋ। ਇਨ੍ਹਾਂ ਦਾ ਕੁੜੀਆਂ ਅਤੇ ਮੁੰਡਿਆਂ ਪ੍ਰਤੀ ਇੰਨਾ discriminatory mind set ਹੈ । ਕੀ ਫਰਕ ਹੈ ਜੀ। ਸਾਡੇ ਬੱਚੇ ਤਾਂ ਸਾਰੇ ਦਿਲ ਦਾ ਟੁਕੜਾ ਹੁੰਦੇ ਹਨ, ਉਹ ਚਾਹੇ ਕੁੜੀ ਹੋਵੇ ਜਾਂ ਮੁੰਡਾ। ਹੁਣ ਅਗਲੀ ਗੱਲ, ਅੱਜ ਤੁਸੀਂ ਜਿਹੜੇ ਮਰਜ਼ੀ ਫੀਲਡ ਵਿੱਚ ਦੇਖ ਲਵੋ, ਐਜੂਕੇਸ਼ਨ ਵਿੱਚ ਦੇਖ ਲਵੋ, ਮੈਡੀਕਲ ਦੇ ਵਿੱਚ ਦੇਖ ਲਵੋ, ਤੁਸੀਂ ਸਰਵਿਸਿਜ਼ ਵਿੱਚ ਦੇਖ ਲਵੋ, ਹਰ ਪਾਸੇ ਕੁੜੀਆਂ ਜਿਹੜੀਆਂ ਹਨ, ਉਹ ਮੁੰਡਿਆਂ ਨਾਲੋਂ ਵਧੀਆ perform ਕਰ ਰਹੀਆਂ ਹਨ(ਥੰਪਿੰਗ)। ਤੁਹਾਡੇ ਪ੍ਰਧਾਨ ਮੰਤਰੀ ਸਾਹਿਬ ਕਹਿੰਦੇ ਹਨ ਕਿ ਬੇਟੀ ਪੜ੍ਹਾਓ, ਬੇਟੀ ਬਚਾਓ। ਠੀਕ ਹੈ ਨਾ ਅਤੇ ਮੁੜ ਕੇ 15-15 ਸਾਲ ਦੀਆਂ ਕੁੜੀਆਂ ਨੂੰ ਤੁਹਾਡੇ ਉੱਥੇ ਟਰੋਲ ਏਜੰਸੀਆਂ ਉਨ੍ਹਾਂ ਨੂੰ ਟਰੋਲ ਕਰੀਆਂ ਜਾਂਦੀਆਂ ਹਨ। ਸਰ, ਆਹ ਮਾਈਂਡ ਸੈੱਟ ਹੈ, ਇਸ ਬਾਰੇ ਮੇਰਾ ਸਖਤ ਇਤਰਾਜ਼ ਹੈ। ਅਸ਼ਵਨੀ ਜੀ ਨੂੰ ਪੂਰੇ ਪੰਜਾਬ ਦੀਆਂ ਸਵਾ ਕਰੋੜ ਸਾਡੀਆਂ ਮਾਵਾਂ ਭੈਣਾਂ, ਬੇਟੀਆਂ ਤੋਂ ਕੰਨ ਫੜ ਕੇ ਮੁਆਫੀ ਮੰਗਣੀ ਚਾਹੀਦੀ ਹੈ, ਕੰਨ ਫੜ ਕੇ ਮੁਆਫੀ ਮੰਗਣੀ ਚਾਹੀਦੀ ਹੈ। ਯਾਰ, ਇਹ ਕੋਈ ਤਰੀਕਾ ਹੈ। ਤੁਸੀਂ ਸਾਡੇ ਤੇ ਐਲੀਗੇਸ਼ਨ ਲਗਾਉਣ ਹਨ ਤਾਂ ਲਗਾਓ, ਕੋਈ ਵੀ ਲਗਾਓ, ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਮੁੰਡਾ ਸਾਡਾ ਅਤੇ ਕੁੜੀ ਤੁਹਾਡੀ ਇਹ ** ** ਹੈ। ਇਸ ਤਰ੍ਹਾਂ ਚੱਲੇਗਾ ਪੰਜਾਬ।

**ਮਾਣਯੋਗ ਸਪੀਕਰ**: ** ** ਸ਼ਬਦ ਕੱਟ ਦਿੱਤਾ ਜਾਵੇ। ਥੈਂਕ ਯੂ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਅਤੇ ਆਮ ਆਦਮੀ ਪਾਰਟੀ ਦੀ ਮੈਂਬਰ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਇੱਕ ਮਿੰਟ ਜੀ, ਬੀਬੀ ਜੀ ਨੂੰ ਬੋਲ ਲੈਣ ਦੇਈਏ। ਮੈਂ ਤੁਹਾਨੂੰ ਮੌਕਾ ਦਿਆਂਗਾ। ਤੁਹਾਡਾ ਨਾਂਅ ਲਿਆ ਹੈ। ਹਾਂ ਜੀ, ਬੀਬੀ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)**: ਸਰ, ਬੀ.ਜੇ.ਪੀ. ਦਾ ਚਿਹਰਾ ਪੂਰੇ ਦੇਸ਼ ਵਿੱਚ, ਪਹਿਲਾਂ ਹੀ ਔਰਤਾਂ ਲਈ ਇਨ੍ਹਾਂ ਦੀ ਮਾਨਸਿਕਤਾ ਕੀ ਹੈ, ਮੁੱਦਾ ਚੱਲ ਰਿਹਾ ਹੈ। ਇਹ ਕਦੇ ਔਰਤਾਂ ਨੂੰ ਕਿਸੇ ਤਰੀਕੇ ਸੰਬੋਧਨ ਕਰਦੇ ਹਨ। ਇਨ੍ਹਾਂ ਦੇ ਮੰਤਰੀ ਰੇਪ ਪੀੜਤ ਔਰਤਾਂ ਵਾਸਤੇ ਕਿਹੋ ਜਿਹੇ ਸ਼ਬਦ ਯੂਜ਼ ਕਰਦੇ ਹਨ। ਪੂਰੀ ਦੁਨੀਆ ਜਾਣਦੀ ਹੈ ਕਿ ਔਰਤਾਂ ਵਾਸਤੇ ਇਨ੍ਹਾਂ ਦੀ ਮਾਨਸਿਕਤਾ ਕਿਹੋ ਜਿਹੀ ਹੈ ਲੇਕਿਨ ਇਹ ਪੰਜਾਬ ਹੈ, ਇੱਥੇ ਪੰਜਾਬ ਵਿੱਚ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਧਰਤੀ ਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਤੋਂ ਅਸੀਂ ਤੁਹਾਨੂੰ ਮੁੱਕਰਨ ਨਹੀਂ ਦੇਣਾ। ਤੁਸੀਂ ਆਪਣੇ ਇਹ ਵਿਚਾਰ ਸੈਂਟਰ ਵਿੱਚ ਰੱਖੋ, ਜਿੱਥੇ ਤੁਹਾਡੇ ਚੱਲਦੇ ਹਨ, ਉੱਥੇ ਰੱਖੋ। ਪੰਜਾਬ ਵਿੱਚ ਇਹੋ ਜਿਹੀ ਮਾਨਸਿਕਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਸ੍ਰੀਮਤੀ ਇੰਦਰਜੀਤ ਕੌਰ ਮਾਨ**: ਪੰਜਾਬ ਦੀਆਂ ਸਾਰੀਆਂ ਔਰਤਾਂ ਕੋਲੋਂ ਮੁਆਫੀ ਮੰਗੇ ਕਿ ਤੁਸੀਂ ਜੰਮਣ ਤੋਂ ਪਹਿਲਾਂ ਹੀ ਕੁੜੀ ਅਤੇ ਮੁੰਡੇ ਵਿੱਚ ਫਰਕ ਰੱਖਦੇ ਹੋ, ਬੇਸ਼ਰਮੀ ਦੀ ਹੱਦ ਹੈ। ਇਹ ਬਰਦਾਸ਼ਤ ਨਹੀਂ ਹੋਣਾ, ਪੰਜਾਬ ਦੀਆਂ ਪੂਰੀਆਂ ਔਰਤਾਂ ਤੋਂ ਮੁਆਫੀ ਮੰਗਣ।

**ਮਾਣਯੋਗ ਸਪੀਕਰ**: **ਧੰ**ਨਵਾਦ, ਧੰਨਵਾਦ। ਅਸ਼ਵਨੀ ਜੀ, ਤੁਸੀਂ ਮੁਆਫੀ ਮੰਗਦੇ ਹੋ?

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਤੁਸੀਂ ਮਾਈਕ ਖੋਲ੍ਹੋ। ਖੋਲ੍ਹੋ, ਖੋਲ੍ਹੋ।

**ਮਾਣਯੋਗ ਸਪੀਕਰ**: ਖੋਲ੍ਹਦਾ ਹਾਂ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਨਹੀਂ ਜੀ ਨਹੀਂ। ਐਸਾ ਹੈ, ਇਹ ਇੱਕ Phrase ਹੈ।

**ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ (ਬਿਨਾਂ ਮਾਈਕ ਤੋਂ)**: ਕੋਈ Phrase ਨਹੀਂ ਹੈ?

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਹੁਣ ਪਹਿਲਾਂ ਸੁਣ ਲਵੋ। ਤੁਸੀਂ ਬੋਲ ਰਹੇ ਸੀ ਤਾਂ ਮੈਂ ਸੁਣ ਰਿਹਾ ਸੀ।

**ਮਾਣਯੋਗ ਸਪੀਕਰ**: ਕਿਹੜਾ phrase ਹੈ?

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)**: ਲੇਕਿਨ ਇਸ ਦੇ ਬਾਵਜੂਦ ਜੇਕਰ ਇਹ ਅਸੰਸਦੀਯ ਹੈ ਤਾਂ ਕਟਵਾ ਦਿਓ ਲੇਕਿਨ ਤੁਸੀਂ ਧੀਆਂ ਭੈਣਾਂ ਨਾਲ ਕੀ ਕਰ ਰਹੇ ਹੋ? ਤੁਸੀਂ ਬਠਿੰਡਾ ਦੇ ਅੰਦਰ ਨਰਸਾਂ ਕੁੜੀਆਂ ਨੂੰ ਕੁੱਟਿਆ। ਜਿਸ ਤਰ੍ਹਾਂ ਧਰਨੇ ਲੱਗੇ ਹਨ, ਲੜਕੀਆਂ, ਬੱਚੀਆਂ ਦੇ ਨਾਲ ਜਿਸ ਤਰ੍ਹਾਂ ਦਾ ਦੁਰ-ਵਿਹਾਰ ਇਸ ਸਰਕਾਰ ਨੇ ਕੀਤਾ ਹੈ, ਉਹ ਧੀਆਂ ਦੀ ਗੱਲ ਕਰਦੇ ਹਨ। ਕਿਹਾ ਜਾਂਦਾ ਹੈ ਕਿ "यत्र नार्यस्तु पूज्यन्ते रमन्ते तत्र देवताः " ਅਗਰ ਇਸ ਦੇ ਬਾਵਜੂਦ ਵੀ ਅਸੰਸਦੀਯ ਲੱਗਦਾ ਹੈ ਤਾਂ ਇਸ ਨੂੰ ਬਾਹਰ ਕੱਢ ਦੇਵੋ।

**ਮਾਣਯੋਗ ਸਪੀਕਰ**: ਅਸ਼ਵਨੀ ਜੀ, ਮੈਂ ਕਹਿਣਾ ਤਾਂ ਨਹੀਂ ਚਾਹੁੰਦਾ, ਪਰ ਤੁਸੀਂ ਪ੍ਰਧਾਨ ਮੰਤਰੀ ਜੀ ਨੂੰ ਕਹੋ ਕਿ ਉਨ੍ਹਾਂ ਨੂੰ, ਮਾਤਾ ਜੀ ਨੂੰ ਵੀ ਲੈ ਆਉਣ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਮੇਰੀ ਗੱਲ ਸੁਣੋ।

**ਮਾਣਯੋਗ ਸਪੀਕਰ**: ਮਿਹਰਬਾਨੀ ਜੀ। ਹਾਂ ਜੀ ਅਮਨ ਜੀ।

**ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ**: ਆਹ ਜਿਹੜਾ, ਜਿਸ ਨੂੰ ਤੁਸੀਂ phrase ਕਹਿੰਦੇ ਹੋ, ਇਹ phrase ਖ਼ਾਕੀ ਨਿੱਕਰਾਂ ਵਾਲਿਆਂ ਤੇ ਚੱਲਦੇ ਹੋਣੇ, ਸਾਡੇ ਪੰਜਾਬ ਵਿੱਚ ਨਹੀਂ ਚੱਲਦੇ ਹਨ। ਆਹ ਕੁੜੀਆਂ ਸਾਡੀਆਂ ਮਾਣ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਪੁਆਇੰਟ ਆਫ ਆਰਡਰ।

**ਮਾਣਯੋਗ ਸਪੀਕਰ**: Granted. ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਡੇ ਗੋਇਲ ਸਾਹਿਬ ਨੇ ਇੱਥੇ ਇਸ august House ਨੂੰ comprehensive statement ਦਿੱਤੀ ਹੈ ਕਿ ਪੰਜਾਬ ਵਿੱਚ ਕੋਈ illegal mining ਨਹੀਂ ਹੋ ਰਹੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੀ ਮੈਂਬਰ ਸ੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਕ ਮਿੰਟ ਜੀ।

**ਮਾਣਯੋਗ ਸਪੀਕਰ**: ਮੈਡਮ interrupt ਨਹੀਂ ਕਰਨਾ। ਆਪਾਂ interrupt ਨਹੀਂ ਕਰਨਾ।

**ਸ੍ਰੀਮਤੀ ਇੰਦਰਜੀਤ ਕੌਰ ਮਾਨ**: ਸਰ, ਇਹ ਅਸ਼ਵਨੀ ਜੀ ਦੀ ਗੱਲ ਤੇ ਆਪਣਾ ਸਟੈਂਡ ਪ੍ਰਗਟ ਕਰ ਦੇਣ।

**ਮਾਣਯੋਗ ਸਪੀਕਰ**: ਅਸ਼ਵਨੀ ਜੀ ਦੀ ਗੱਲ ਤੇ ਆਪਣਾ ਸਟੈਂਡ ਪ੍ਰਗਟ ਕਰ ਦਿਉ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਕ ਮਿੰਟ ਜੀ, ਅਸ਼ਵਨੀ ਜੀ ਜਵਾਬ ਦੇਣਾ ਚਾਹੁੰਦੇ ਹਨ ਤਾਂ ਜਵਾਬ ਲੈ ਲਵੋ। ਅਸੀਂ ਤੁਹਾਨੂੰ ਇੰਨਾ ਕਹੀਦਾ ਹੈ ਤੁਸੀਂ ਤਾਂ ਖੁਸਕਦੇ ਹੀ ਨਹੀਂ ਤੇ ਅਸੀਂ ਧੱਕੇ ਨਾਲ ਜਵਾਬ ਨਹੀਂ ਲੈ ਸਕਦੇ (ਮਾਣਯੋਗ ਸਪੀਕਰ ਸਾਹਿਬ ਨੂੰ ਸੰਬੋਧਨ ਕਰਦੇ ਹੋਏ)।

**ਮਾਣਯੋਗ ਸਪੀਕਰ**: ਅਸੀਂ ਤੁਹਾਡੇ ਕੋਲੋਂ ਪੁੱਛੀ ਜਾਂਦੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਗੱਲ ਤੇ ਆ ਜਾਵੋ। ਸਰ, ਮੇਰੀ ਬੇਨਤੀ ਹੈ ਤੁਹਾਨੂੰ as leader of opposition, ਇਹ ਬਹੁਤ touchy affair ਹੈ, ਪੰਜਾਬ ਦੇ interest ਨਾਲ ਤੁਅੱਲਕ ਰੱਖਦਾ ਹੈ।

**1150/Beant kaur**

ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ। ਜਿਸ ਦਿਨ ਸੈਸ਼ਨ ਖਤਮ ਹੁੰਦਾ ਹੈ, ਅਸੀਂ ਇਰੀਗੇਸ਼ਨ ਮਨਿਸਟਰ ਨੂੰ ਨਾਲ ਲੈ ਕੇ ਪੰਜਾਬ ਦੇ ਤਿੰਨਾਂ ਦਰਿਆਵਾਂ ਤੇ, ਜਿੱਥੇ ਜਿੱਥੇ ਇਲਲੀਗਲ ਮਾਈਨਿੰਗ ਹੋ ਰਹੀ ਹੈ, ਉਥੇ ਚਲਦੇ ਹਾਂ। Will he come with us? Will he accompany us? ਇਹ ਕਮੇਟੀ ਤੁਸੀਂ ਹੁਣੇ ਬਣਾ ਦਿਓ। ਜਿੱਥੇ ਜਿੱਥੇ ਇਲਲੀਗਲ ਮਾਈਨਿੰਗ ਹੋ ਰਹੀ ਹੈ, ਅਸੀਂ ਲੈ ਕੇ ਜਾਂਦੇ ਹਾਂ। Let us not get into this.

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ। ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਇਹ ਤੁਹਾਡੀ ਜ਼ਿੰਮੇਵਾਰੀ ਹੈ।

**ਮਾਣਯੋਗ ਸਪੀਕਰ** : ਬੈਠੋ ਜੀ, ਬੈਠੋ। ਆਪਾਂ ਹੁਣ ਅੱਗੇ ਚੱਲਣ ਦੇਈਏ।

**ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ (ਸ਼੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਮੈਂ ਬਾਜਵਾ ਸਾਹਿਬ ਨਾਲ ਬਿਲਕੁਲ ਸਹਿਮਤ ਹਾਂ। ਇਸ ਕਮੇਟੀ ਦੇ ਪਰਵਿਊ ਵਿੱਚ ਉਹ ਰਿਪੋਰਟ ਵੀ ਲੈ ਲੈਣਾ, ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ ਅਤੇ ਉਨ੍ਹਾਂ ਨੇ ਸੋਨੀਆ ਗਾਂਧੀ ਜੀ ਨੂੰ ਲੈਟਰ ਲਿਖੀ ਸੀ ਕਿ ਕਾਂਗਰਸ ਦੇ 21 ਲੀਡਰ ਇਲਲੀਗਲ ਮਾਈਨਿੰਗ ਵਿੱਚ ਇਨਵਾਲਵਡ ਹਨ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਠੀਕ ਹੈ ਜੀ। ਹੁਣ ਆਪਾਂ ਅੱਗੇ ਚੱਲੀਏ। (ਵਿਘਨ, ਸ਼ੋਰ) ਹੋ ਗਿਆ ਜੀ। ਨੈਕਸਟ, ਧਿਆਨ ਦਿਵਾਊ ਨੋਟਿਸ। (ਵਿਘਨ, ਸ਼ੋਰ) ਬਾਜਵਾ ਸਾਹਿਬ, ਹੁਣ ਨਹੀਂ ਜੀ। No, no.

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

-----------

**CALLING ATTENTION NOTICES UNDER RULE 66**

**(ਕ੍ਰਮ ਨੰ: 25)**

**ਮਾਣਯੋਗ ਸਪੀਕਰ** : ਅਨਮੋਲ ਗਗਨ ਮਾਨ ਜੀ, ਆਪਣੀ ਕਾਲ ਅਟੈਂਸ਼ਨ ਪੜ੍ਹੋ। (ਵਿਘਨ, ਸ਼ੋਰ) ਸਾਰੇ ਬੈਠੋ ਜੀ, ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਸਮੇਤ ਲੀਡਰ ਆਫ ਦਿ ਆਪੋਜੀਸ਼ਨ ਟਰੇਜ਼ਰੀ ਬੈਂਚਿਜ਼ ਤੋਂ ਵਿਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਨਵ ਤੇ ਨਵਿਆਉਣਯੋਗ ਮੰਤਰੀ ਸ਼੍ਰੀ ਅਮਨ ਅਰੋੜਾ ਨਾਲ ਬਹਿਸ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀਮਤੀ ਅਨਮੋਲ ਗਗਨ ਮਾਨ** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਕਿ ਮੈਨੂੰ ਆਪਣੇ ਹਲਕੇ ਦੇ ਮਹੱਤਵਪੂਰਨ ਮੁੱਦੇ ਤੇ ਬੋਲਣ ਦਾ ਮੌਕਾ ਮਿਲਿਆ ਹੈ। ਮੈਂ ਬੇਨਤੀ ਕਰਾਂਗੀ ਕਿ ਮੈਨੂੰ ਅੱਜ ਹਲਕੇ ਬਾਰੇ ਬੋਲਣ ਦਾ ਮੌਕਾ ਮਿਲਿਆ ਹੈ, ਮੈਨੂੰ ਦੋ ਮਿੰਟ ਦਾ ਸਮਾਂ ਦਿਓ। ਇਹ ਫੇਰ ਆਪਣੀ ਗੱਲ ਸ਼ੁਰੂ ਕਰ ਲੈਣ।

**ਮਾਣਯੋਗ ਸਪੀਕਰ** : ਬੀਬਾ ਜੀ, ਤੁਹਾਨੂੰ ਕੋਈ ਨਹੀਂ ਰੋਕ ਰਿਹਾ।(ਵਿਘਨ, ਸ਼ੋਰ) ਬਾਜਵਾ ਜੀ, ਆਪਾਂ ਮਹਿਲਾਵਾਂ ਨੂੰ ਸਨਮਾਨ ਦੇਣਾ ਹੈ ਕਿ ਨਹੀਂ? ਉਹ ਆਪਣਾ ਧਿਆਨ ਦਿਵਾਊ ਨੋਟਿਸ ਬੋਲਣਾ ਚਾਹ ਰਹੇ ਹਨ ਪਰ ਤੁਸੀਂ ਹਰੇਕ ਗੱਲ ਨੂੰ ਰਿਪੀਟ ਕਰ ਰਹੇ ਹੋ। ਸੋ, ਇਸ ਦਾ ਕੋਈ ਫਾਇਦਾ ਨਹੀਂ ਹੈ। ਅਨਮੋਲ ਜੀ, ਕੰਟੀਨਿਊ ਕਰੋ।

**ਸ਼੍ਰੀਮਤੀ ਅਨਮੋਲ ਗਗਨ ਮਾਨ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਆਪਣੇ ਹਲਕੇ ਖਰੜ ਅਧੀਨ ਪੈਂਦੇ ਕੁਰਾਲੀ ਸ਼ਹਿਰ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੀ ਗੰਭੀਰ ਸਮੱਸਿਆ ਵੱਲ ਦਿਵਾਉਣਾ ਚਾਹੁੰਦੀ ਹਾਂ।ਕੁਰਾਲੀ ਸ਼ਹਿਰ ਦੀ ਅਬਾਦੀ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਕਾਫੀ ਵਾਧਾ ਹੋਇਆ ਹੈ ਪਰ ਸੀਵਰੇਜ ਪ੍ਰਣਾਲੀ ਨੂੰ ਉਸ ਅਨੁਸਾਰ ਅਪਗ੍ਰੇਡ ਨਹੀਂ ਕੀਤਾ ਗਿਆ। ਮੌਜੂਦਾ ਸੀਵਰੇਜ ਲਾਈਨਾਂ ਸਮਰੱਥਾ ਤੋਂ ਵੱਧ ਭਾਰ ਝੱਲ ਰਹੀਆਂ ਹਨ, ਜਿਸ ਕਾਰਨ ਕੁਝ ਏਰੀਏ ਵਿੱਚ ਗੰਦਾ ਪਾਣੀ ਸੜਕਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਖੜ੍ਹਾ ਰਹਿੰਦਾ ਹੈ। ਇਸ ਨਾਲ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਅਤੇ ਬਿਮਾਰੀਆਂ ਫੈਲਣ ਦਾ ਵੀ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਮੈਂ ਮਾਣਯੋਗ ਸਰਕਾਰ ਨੂੰ ਬੇਨਤੀ ਕਰਦੀ ਹਾਂ ਕਿ ਕੁਰਾਲੀ ਸ਼ਹਿਰ ਵਿੱਚ ਨਵੀਆਂ ਸੀਵਰੇਜ ਪਾਈਪਾਂ ਵਿਛਾਉਣ ਅਤੇ ਪੂਰੇ ਸੀਵਰੇਜ ਸਿਸਟਮ ਨੂੰ ਮਜ਼ਬੂਤ ਅਤੇ ਆਧੁਨਿਕ ਬਣਾਉਣ ਲਈ ਲੋੜੀਂਦੇ ਫੰਡ ਜਲਦ ਤੋਂ ਜਲਦ ਜਾਰੀ ਕੀਤੇ ਜਾਣ ਤਾਂ ਜੋ ਸ਼ਹਿਰ ਦੇ ਵਸਨੀਕਾਂ ਨੂੰ ਇਸ ਗੰਭੀਰ ਸਮੱਸਿਆ ਤੋਂ ਰਾਹਤ ਮਿਲ ਸਕੇ।(ਵਿਘਨ, ਸ਼ੋਰ)

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਅਤੇ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਉੱਚੀ ਉੱਚੀ ਬੋਲ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਹਾਂ ਜੀ, ਹਰਜੋਤ ਸਿੰਘ ਬੈਂਸ, ਮੰਤਰੀ ਜੀ ਜਵਾਬ ਦੇਣਗੇ।

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਅਤੇ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ ਇਲਲੀਗਲ

ਮਾਈਨਿੰਗ ਦੇ ਮੁੱਦੇ ਤੇ ਹਾਊਸ ਦੀ ਕਮੇਟੀ ਬਣਾਉਣ ਦੀ ਮੰਗ ਕਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਸਥਾਨਕ ਸਰਕਾਰਾਂ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ੍ਰੀਮਾਨ ਜੀ, ਨਗਰ ਕੌਂਸਲ, ਕੁਰਾਲੀ ਦੀ ਲਗਭਗ 35,000 ਅਬਾਦੀ ਨੂੰ ਸੀਵਰੇਜ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਕੁਰਾਲੀ ਸ਼ਹਿਰ ਵਿੱਚ ਸੀਵਰੇਜ ਪ੍ਰਣਾਲੀ ਸਾਲ 2010-11 ਦੌਰਾਨ ਗਮਾਡਾ ਵੱਲੋਂ ਵਿਛਾਈ ਗਈ ਸੀ ਅਤੇ ਇਸ ਸਮੇਂ ਇਸ ਦੀ ਸੰਭਾਲ ਅਤੇ ਰੱਖ-ਰਖਾਅ ਨਗਰ ਕੌਂਸਲ, ਕੁਰਾਲੀ ਵੱਲੋਂ ਕੀਤਾ ਜਾ ਰਿਹਾ ਹੈ। ਸਥਾਪਿਤ ਟ੍ਰੀਟਮੈਂਟ ਪਲਾਂਟ (ਐਸਟੀਪੀ) ਦੀ ਸਮਰੱਥਾ 5 ਐਮਐਲਡੀ ਹੈ। ਜਿਸ ਦੇ ਮੁਕਾਬਲੇ ਵਿੱਚ ਇਸ ਵੇਲੇ 4.50 ਤੋਂ ਲੈ ਕੇ 4.75 ਐਮਐਲਡੀ ਤੱਕ ਸੀਵਰੇਜ ਦਾ ਪ੍ਰਵਾਹ ਪ੍ਰਾਪਤ ਹੋ ਰਿਹਾ ਹੈ। ਵਰਤਮਾਨ ਵਿੱਚ ਸੀਵਰੇਜ ਪ੍ਰਣਾਲੀ ਅਤੇ ਐਸਟੀਪੀ ਦੋਵੇਂ ਸੁਚਾਰੂ ਢੰਗ ਨਾਲ ਕੰਮ ਕਰ ਰਹੇ ਹਨ। ਸੀਵਰੇਜ ਲਾਈਨਾਂ ਵਿੱਚ ਕਿਸੇ ਵੀ ਕਿਸਮ ਦੀ ਰੁਕਾਵਟ ਨੂੰ ਨਗਰ ਕੌਂਸਲ ਵੱਲੋਂ ਉਪਲਬਧ ਸਕਸ਼ਨ ਕਮ ਜੈਟਿੰਗ ਮਸ਼ੀਨਾਂ ਦੀ ਸਹਾਇਤਾ ਨਾਲ ਤੁਰੰਤ ਦੂਰ ਕੀਤਾ ਜਾਂਦਾ ਹੈ। ਅਬਾਦੀ ਵਿੱਚ ਹੋ ਰਹੇ ਵਾਧੇ ਅਤੇ ਭਵਿੱਖ ਵਿੱਚ ਸੀਵਰੇਜ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਕੌਂਸਲ ਵੱਲੋਂ ਮੌਜੂਦਾ ਐਸਟੀਪੀ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਨਵੇਂ ਵਿਕਸਿਤ ਖੇਤਰਾਂ ਵਿੱਚ, ਜਿੱਥੇ ਹਾਲੇ ਤੱਕ ਸੀਵਰੇਜ ਪ੍ਰਣਾਲੀ ਉਪਲਬਧ ਨਹੀਂ ਹੈ, ਸੀਵਰੇਜ ਲਾਈਨਾਂ ਵਿਛਾਉਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਪੱਤਰ ਨੰ: 1650 ਮਿਤੀ 27.7.2026 ਰਾਹੀਂ ਬੇਨਤੀ ਕੀਤੀ ਜਾ ਚੁੱਕੀ ਹੈ। ਪ੍ਰਸਤਾਵਿਤ ਕੰਮਾਂ ਨੂੰ ਕਰਵਾਉਣ ਲਈ ਨਗਰ ਕੌਂਸਲ ਕੋਲ ਫੰਡ ਉਪਲਬਧ ਹਨ।(ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਹਾਂ ਜੀ, ਕੋਈ ਸਪਲੀਮੈਂਟਰੀ ਹੈ।

**ਸ੍ਰੀਮਤੀ ਅਨਮੋਲ ਗਗਨ ਮਾਨ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਮਾਣਯੋਗ ਸਰਦਾਰ ਹਰਜੋਤ ਸਿੰਘ ਬੈਂਸ ਜੀ ਨੂੰ ਬੇਨਤੀ ਕਰਾਂਗੀ ਕਿ ਸੀਵਰੇਜ ਦਾ ਜੋ ਆਲਰੇਡੀ ਐਗਜ਼ਿਸਟਿੰਗ ਸਟ੍ਰਕਚਰ ਹੈ, ਉਹ ਕੁਰਾਲੀ ਸ਼ਹਿਰ ਵਾਸਤੇ ਸਫੀਸ਼ੀਐਂਟ ਨਹੀਂ ਹੈ।

**1155/Karamjit kaur**

(ਇਸ ਸਮੇਂ ਸ੍ਰੀ ਸੰਦੀਪ ਜਾਖੜ ਅਤੇ ਸ੍ਰੀ ਸੁਖਵਿੰਦਰ ਸਿੰਘ ਕੋਟਲੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀਮਤੀ ਅਨਮੋਲ ਗਗਨ ਮਾਨ**: ਸੀਵਰੇਜ ਦਾ ਸਟ੍ਰਕਚਰ ਕੁਰਾਲੀ ਸ਼ਹਿਰ ਵਾਸਤੇ ਸੁਫੀਸ਼ੈਂਟ ਨਹੀਂ ਹੈ। ਸੋ, ਇਸ ਤੇ ਬਿਨਾਂ ਕਿਸੇ ਡਿਲੇਅ ਤੋਂ ਗੌਰ ਕਰਕੇ ਕੰਮ ਕਰਵਾਇਆ ਜਾਵੇ। ਉੱਥੇ ਪਾਈਪਾਂ ਦਾ ਸਾਈਜ਼ ਸਹੀ ਨਹੀਂ, ਪਾਈਪਾਂ ਦਾ ਸਿਸਟਮ ਬਹੁਤ ਪੁਰਾਣਾ ਪਾਇਆ ਹੋਇਆ ਹੈ। ਜਗ੍ਹਾ ਜਗ੍ਹਾ ਤੋਂ ਪਾਈਪਾਂ ਟੁੱਟੀਆਂ ਹੋਈਆਂ ਹਨ। ਬਰਸਾਤਾਂ ਦੌਰਾਨ ਪੂਰੇ ਦਾ ਪੂਰਾ ਇਕੱਲਾ ਸ਼ਹਿਰ ਹੀ ਨਹੀਂ ਸਗੋਂ ਲੋਕਾਂ ਦੇ ਘਰ ਵੀ ਗੰਦੇ ਪਾਣੀ ਨਾਲ ਭਰ ਜਾਂਦੇ ਹਨ। ਸੋ, ਸਰਕਾਰ ਅਤੇ ਸਬੰਧਤ ਮਹਿਕਮਾ ਆਪਣੀ ਜ਼ਿੰਮੇਵਾਰੀ ਨੂੰ ਸਮਝਦਾ ਹੋਇਆ ਇਸ ਜ਼ਰੂਰੀ ਮੁੱਦੇ ਤੇ ਗੌਰ ਕਰੇ ਅਤੇ ਕੁਰਾਲੀ ਸ਼ਹਿਰ ਨੂੰ ਇੱਕ ਅਪਗ੍ਰੇਡਿਡ ਸੀਵਰੇਜ ਸਿਸਟਮ ਦਿੱਤਾ ਜਾਵੇ। (ਵਿਘਨ)(ਸ਼ੋਰ)

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਬਿਲਕੁਲ ਜੀ, ਖਰੜ ਦੇ ਉੱਤੇ ਸਾਡਾ ਸਪੈਸ਼ਲ ਫੋਕਸ ਹੈ। ਜਿਵੇਂ ਮੈਂ ਦੱਸਿਆ ਹੈ ਕਿ ਕੁਰਾਲੀ ਦੇ ਏਰੀਏ ਵਿੱਚ ਨਵੇਂ ਸੀਵਰੇਜ ਦੇ ਲਈ ਮੌਜੂਦਾ ਐਸ.ਟੀ.ਪੀ.ਡੀ. ਨੂੰ ਵੀ ਅਪਗ੍ਰੇਡ ਕਰਨ ਲਈ ਪਲੱਸ ਨਵੇਂ ਸੀਵਰੇਜਾਂ ਲਈ ਵੀ ਕੰਮ ਚੱਲ ਰਿਹਾ ਹੈ। ਪਲੱਸ ਖਰੜ ਦੇ ਵਿੱਚ ਹੋਰ ਵੀ ਬਹੁਤ ਸਾਰੇ ਕੰਮ ਹਨ, ਮਾਣਯੋਗ ਵਿਧਾਇਕ ਸਾਹਿਬ ਨੂੰ ਵੀ ਦੱਸਾਂਗੇ, ਆਉਣ ਵਾਲੇ ਦਿਨਾਂ ਵਿੱਚ ਜਿਵੇਂ ਖਰੜ-ਲਾਂਡਰਾਂ ਰੋਡ ਦੀ ਬਹੁਤ ਖਸਤਾ ਹਾਲਤ ਸੀ, ਅਸੀਂ ਖਰੜ ਦੀਆਂ ਹੋਰ ਬਹੁਤ ਸਾਰੀਆਂ ਸੜਕਾਂ ਨੂੰ ਬਿਊਟੀਫਾਈ ਵੀ ਕਰ ਰਹੇ ਹਾਂ। ਸਾਡੇ ਵੱਲੋਂ ਬਹੁਤ ਮਿਹਨਤ ਦੇ ਨਾਲ ਹਰ ਹਫ਼ਤੇ ਰੀਵਿਊ ਵੀ ਹੋ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸਦਾ ਪੌਜੇਟਿਵ ਵਰਸ਼ਨ ਦਿਖੇਗਾ।

--------

(ਇਸ ਸਮੇਂ ਵੀ ਸ਼੍ਰੀ ਸੰਦੀਪ ਜਾਖੜ ਅਤੇ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: ਥੈਂਕ ਯੂ। ਅਗਲੀ ਕਾਲ ਅਟੈਨਸ਼ਨ ਜੀ। ਸ਼੍ਰੀਮਤੀ ਅਨਮੋਲ ਗਗਨ ਮਾਨ ਜੀ। ਬੋਲੋ ਜੀ।

**ਸ਼੍ਰੀਮਤੀ ਅਨਮੋਲ ਗਗਨ ਮਾਨ**: ਸਪੀਕਰ ਸਾਹਿਬ, ਇਹ ਡਾਈਵਰਟ ਕਰ ਰਹੇ ਹਨ। ਆਪੋਜੀਸ਼ਨ ਦੀਆਂ ਅਵਾਜ਼ਾਂ ਹੀ ਇੰਨੀਆਂ ਉੱਚੀਆਂ ਹਨ ਕਿ ਬੋਲਣ ਦਾ ਫਾਇਦਾ ਨਹੀਂ, ਮੁਸ਼ਕਿਲ ਆ ਰਹੀ ਹੈ।

**ਮਾਣਯੋਗ ਸਪੀਕਰ**: ਤੁਸੀਂ ਬੋਲੋ ਜੀ। You are going on record. ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀਮਤੀ ਅਨਮੋਲ ਗਗਨ ਮਾਨ**: ਸਪੀਕਰ ਸਾਹਿਬ, ਮੇਰਾ ਅਗਲਾ ਮੁੱਦਾ ਜੋ ਹੈ, ਇਹ ਬੜਾ ਮਹੱਤਵਪੂਰਨ ਹੈ। ਜਿਸ ਤਰੀਕੇ ਸ਼੍ਰੀ ਬੁੱਧ ਰਾਮ ਜੀ ਨੇ ਇੱਕ ਮੁੱਦਾ ਰੱਖਿਆ ਸੀ ਕਿ ਸਰਕਾਰ ਸਾਨੂੰ ਬਹੁਤ ਸਾਰਾ ਪੈਸਾ ਪਾਸ ਕਰ ਦਿੰਦੀ ਹੈ ਪਰ ਜਿਹੜਾ ਪੈਸਾ ਹੈ....

**ਮਾਣਯੋਗ ਸਪੀਕਰ:** ਬੀਬੀ ਜੀ,ਤੁਹਾਡੇ ਕੋਲ ਜੋ ਰਿਟਨ ਧਿਆਨ ਦਿਵਾਊ ਨੋਟਿਸ ਹੈ, ਤੁਸੀਂ ਉਹੀ ਪੜ੍ਹਨਾ ਹੈ।

**ਸ਼੍ਰੀਮਤੀ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਪਲੀਜ਼, ਮੈਨੂੰ ਦੋ ਮਿੰਟ ਦੇ ਦਿਉ।

**ਮਾਣਯੋਗ ਸਪੀਕਰ:** ਨਹੀਂ ਜੀ। ਤੁਸੀਂ ਉਹ ਪੜ੍ਹੋਗੇ ਹੀ, ਨਿਯਮ ਹਨ।

**ਸ਼੍ਰੀਮਤੀ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਹਲਕਾ ਖਰੜ ਦੀ ਸਭ ਤੋਂ ਵੱਡੀ ਤੇ ਅਹਿਮ ਮੰਗ ਨਹਿਰੀ ਪਾਣੀ ਦੀ ਮੰਗ ਹੈ ਜੀ। ਕਜੌਲੀ ਵਾਟਰ ਵਰਕਸ ਜਿਹੜਾ ਪ੍ਰੋਜੈਕਟ ਹੈ, ਸਮੇਂ ਸਮੇਂ ਤੇ ਸਰਕਾਰਾਂ ਨੇ ਵਾਅਦੇ ਕੀਤੇ ਪਰ 117 ਕਰੋੜ ਰੁਪਏ ਦਾ ਪ੍ਰੋਜੈਕਟ ਸਾਡੀ ਸਰਕਾਰ ਨੇ ਪਾਸ ਕੀਤਾ। 35.53 mg ਦਾ ਮਨਜ਼ੂਰ ਹੋਇਆ ਹੈ, ਇਸ ਦਾ ਸਾਰਾ ਪੈਸਾ ਸਰਕਾਰ ਦੇ ਚੁੱਕੀ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਸਿਰਫ 27 ਕਰੋੜ ਰੁਪਏ ਦਾ 5 mg ਦਾ ਜਿਹੜਾ ਕੰਮ ਸ਼ੁਰੂ ਹੋਇਆ ਹੈ, ਹਾਲੇ ਤੱਕ ਇਹ ਕੰਮ ਮੁਕੰਮਲ ਨਹੀਂ ਹੋਇਆ। ਅਗਲੇ ਮਹੀਨੇ 117 ਕਰੋੜ ਰੁਪਏ ਦਾ ਜਿਹੜਾ ਕੰਮ ਹੈ, 35 mg ਦਾ ਅਗਲੇ ਮਹੀਨੇ ਪੂਰਾ ਹੋਣ ਦਾ ਸਮਾਂ ਹੈ ਪਰ ਅਜੇ ਤੱਕ ਸਿਰਫ 27 ਕਰੋੜ ਰੁਪਏ ਦਾ ਕੰਮ ਹੀ ਮੁਕੰਮਲ ਹੋਇਆ ਹੈ। ਮੌਜੂਦਾ ਸਮੇਂ ਟਿਊਬਵੈੱਲਾਂ ਤੋਂ ਸ਼ਹਿਰ ਨੂੰ ਪਾਣੀ ਦਿੱਤਾ ਜਾ ਰਿਹਾ ਹੈ। ਬਹੁਤ ਸਾਰਾ ਏਰੀਆ ਜਿਹੜਾ ਹੈ, ਉਹ ਪੀਣ ਵਾਲੇ ਪਾਣੀ ਤੋਂ ਤੰਗ ਹੈ। ਖਰੜ ਸ਼ਹਿਰ ਦੀ ਅਬਾਦੀ ਬਹੁਤ ਹੈ। ਸਾਰੀ ਦੁਨੀਆਂ ਖਰੜ ਵਿੱਚ ਆ ਕੇ ਰਹਿਣਾ ਚਾਹੁੰਦੀ ਹੈ। ਖਰੜ ਸ਼ਹਿਰ ਦੀ ਅਬਾਦੀ ਦਿਨੋਂ-ਦਿਨ ਵੱਧ ਰਹੀ ਹੈ ਅਤੇ ਸਾਡੀ ਸਰਕਾਰ ਬਣੀ, ਪੀਣ ਵਾਲੇ ਪਾਣੀ ਦੀ ਸਮੱਸਿਆ ਦੇ ਮੱਦੇਨਜ਼ਰ ਅਸੀਂ ਸਰਕਾਰ ਤੋਂ ਉਸੇ ਵੇਲੇ 117 ਕਰੋੜ ਰੁਪਏ ਦਾ ਪ੍ਰੋਜੈਕਟ ਪਾਸ ਕਰਵਾਇਆ ਸੀ। ਸੋ, ਸਪੀਕਰ ਸਾਹਿਬ, ਜੇ ਤੁਹਾਡੀ ਮਨਜ਼ੂਰੀ ਹੋਵੇ ਤਾਂ ਮੈਂ ਇੱਕ ਗੱਲ ਰੱਖਣੀ ਚਾਹਵਾਂਗੀ ਜੀ। ਇਹ ਬਹੁਤ ਜ਼ਰੂਰੀ ਹੈ ਜੀ। ਕਿਉਂਕਿ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਬੀਬੀ ਜੀ, ਜਿਹੜਾ ਧਿਆਨ ਦਿਵਾਊ ਨੋਟਿਸ ਹੁੰਦਾ ਹੈ, ਜੋ ਤੁਸੀਂ ਦਿੱਤਾ ਹੈ, ਤੁਸੀਂ ਉਹੀ ਪੜ੍ਹਨਾ ਹੈ।

**ਸ਼੍ਰੀਮਤੀ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਮੈਂ ਇਸ ਦੇ ਵਿੱਚ ਹੀ ਸਰਕਾਰ ਦੇ ਧਿਆਨ ਵਿੱਚ ਥੋੜ੍ਹਾ ਅੱਛੇ ਤਰੀਕੇ ਨਾਲ ਮਾਮਲਾ ਲਿਆ ਦਿੰਦੀ ਹਾਂ ਜੀ।

**ਮਾਣਯੋਗ ਸਪੀਕਰ:** ਨਹੀਂ ਜੀ। ਤੁਸੀਂ ਅਲੱਗ ਐਡ ਨਹੀਂ ਕੁੱਝ ਕਰਨਾ। ਜੋ ਨੋਟਿਸ ਵਿੱਚ ਲਿਖਿਆ ਹੈ, ਉਹੀ ਪੜ੍ਹਨਾ ਹੈ। (ਵਿਘਨ)(ਸ਼ੋਰ)

--------

## WALK OUT

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇਲਲੀਗਲ ਮਾਈਨਿੰਗ ਦੇ ਮੁੱਦੇ ਤੇ ਹਾਊਸ ਦੀ ਕਮੇਟੀ ਨਾ ਬਣਾਉਣ ਦੇ ਵਿਰੋਧ ਵਿੱਚ ** ਨਾਅਰੇ ਲਗਾਉਂਦੇ ਹੋਏ ਵਾਕ-ਆਊਟ ਕਰ ਗਏ। ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

-----------

**CALLING ATTENTION NOTICES UNDER RULE 66 *(Resumption)***

**(ਕ੍ਰਮ ਨੰ. 26)**

**ਸ੍ਰੀਮਤੀ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਠੀਕ ਹੈ ਜੀ। ਸੋ, ਕਜੌਲੀ ਵਾਟਰ ਵਰਕਸ ਨੂੰ ਪਹਿਲ ਦੇ ਅਧਾਰ ਤੇ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇ। ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਤਾਂ ਜੋ ਖਰੜ ਹਲਕੇ ਦੇ ਲੋਕਾਂ ਨੂੰ ਨਹਿਰੀ ਪਾਣੀ ਦੀ ਸੁਵਿਧਾ ਮਿਲ ਸਕੇ ਤੇ ਪਾਣੀ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਦਾ ਪੱਕਾ ਹੱਲ ਹੋ ਸਕੇ ਜੀ।

ਸ੍ਰੀਮਾਨ ਜੀ, ਖਰੜ ਹਲਕੇ ਦੀ ਸਭ ਤੋਂ ਵੱਡੀ ਅਤੇ ਅਹਿਮ ਮੰਗ ਨਹਿਰੀ ਪਾਣੀ ਦੀ ਹੈ। ਕਜੌਲੀ ਵਾਟਰ ਵਰਕਸ ਪ੍ਰੋਜੈਕਟ ਸਾਲ 2023 ਵਿੱਚ 117.04 ਕਰੋੜ 35.53MGD ਦਾ ਮਨਜ਼ੂਰ ਹੋ ਗਿਆ ਸੀ, ਅਤੇ ਇਸ ਦਾ ਸਾਰਾ ਪੈਸਾ ਸਰਕਾਰ ਵੱਲੋਂ ਪਾਸ ਹੋ ਚੁੱਕਿਆ ਹੈ। ਪਰ ਅਫ਼ਸੋਸ ਹੈ ਕਿ ਇੰਨੇ ਸਾਲਾਂ ਬਾਅਦ ਵੀ ਇਹ ਪ੍ਰੋਜੈਕਟ ਸਿਰਫ 27 ਕਰੋੜ ਦਾ 5 MGD ਤੱਕ ਸ਼ੁਰੂ ਹੋਇਆ ਸੀ ਪਰ ਹਾਲੇ ਤੱਕ ਇਹ ਵੀ ਮੁਕੰਮਲ ਨਹੀਂ ਹੋਇਆ ਹੈ।

ਮੌਜੂਦਾ ਸਮੇਂ ਟਿਊਬਵੈੱਲਾਂ ਤੋਂ ਮਿਲ ਰਿਹਾ ਪਾਣੀ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਦੀ ਵਧਦੀ ਆਬਾਦੀ ਦੀ ਲੋੜ ਨੂੰ ਪੂਰਾ ਨਹੀਂ ਕਰ ਸਕਦਾ। ਇਸ ਕਾਰਨ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਾਫ਼ੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਲਈ ਬੇਨਤੀ ਹੈ ਕਿ ਕਜੌਲੀ ਵਾਟਰ ਵਰਕਸ ਪ੍ਰੋਜੈਕਟ ਨੂੰ ਪਹਿਲ ਦੇ ਆਧਾਰ ‘ਤੇ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਵੇ, ਤਾਂ ਜੋ ਖਰੜ ਹਲਕੇ ਦੇ ਲੋਕਾਂ ਨੂੰ ਨਹਿਰੀ ਪਾਣੀ ਦੀ ਸੁਵਿਧਾ ਮਿਲ ਸਕੇ ਅਤੇ ਪਾਣੀ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਦਾ ਪੱਕਾ ਹੱਲ ਹੋ ਸਕੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਤੁਸੀਂ ਇਨ੍ਹਾਂ ਦੀ ਦੂਜੀ ਕਾਲ ਅਟੈਂਨਸ਼ਨ ਦਾ ਜਵਾਬ ਦਿਓ ਜੀ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸਪੀਕਰ ਸਾਹਿਬ, ਖਰੜ ਸ਼ਹਿਰ ਲਈ ਸਾਲ 2022 ਵਿੱਚ ਅਮਰੁਤ 2.0 ਸਕੀਮ ਅਧੀਨ 117.04 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਹੋਈ ਸੀ। ਪ੍ਰਵਾਨਿਤ ਕੰਮਾਂ ਵਿੱਚ 133.60 ਐਮ.ਐਲ.ਡੀ. ਸਮਰੱਥਾ ਵਾਲੇ ਵਾਟਰ ਟਰੀਟਮੈਂਟ ਪਲਾਂਟ ਦੀ ਉਸਾਰੀ ਅਤੇ 35 ਕਿਲੋਮੀਟਰ ਵਾਟਰ ਸਪਲਾਈ ਪਾਈਪ ਲਾਈਨ ਵਿਛਾਉਣ ਦਾ ਕੰਮ ਸ਼ਾਮਲ ਸੀ। ਇਸ ਉਪਰੰਤ ਗਮਾਡਾ ਵੱਲੋਂ ਆਪਣੇ ਮੌਜੂਦਾ ਵਾਟਰ ਟਰੀਟਮੈਂਟ ਪਲਾਂਟ ਤੋਂ ਖਰੜ ਸ਼ਹਿਰ ਨੂੰ 5 ਐਮ.ਜੀ. ਦੀ ਟਰੀਟਿਡ ਪਾਣੀ ਸਪਲਾਈ ਕਰਨ ਦੀ ਪ੍ਰਵਾਨਗੀ ਮਿਲਣ ਦੇ ਅਧਾਰ ਤੇ 117.04 ਕਰੋੜ ਰੁਪਏ ਵਿੱਚੋਂ 27 ਕਰੋੜ ਰੁਪਏ ਦੀ ਤਜਵੀਜ਼ ਤਿਆਰ ਕੀਤੀ ਗਈ। ਇਸ ਕੰਮ ਵਿੱਚ 8 ਕਿਲੋਮੀਟਰ ਵਾਟਰ ਪਾਈਪ ਲਾਈਨ ਵਿਛਾਉਣ ਅਤੇ 3 ਰਿਜ਼ਰਵਾਇਰ ਦੀ ਉਸਾਰੀ ਸ਼ਾਮਲ ਹੈ। ਇਹ ਕੰਮ ਵਰਤਮਾਨ ਵਿੱਚ ਚੱਲ ਰਿਹਾ ਹੈ ਅਤੇ ਲਗਭੱਗ 85 ਪ੍ਰਤੀਸ਼ਤ ਕੰਮ ਮੁਕੰਮਲ ਹੋ ਚੁੱਕਿਆ ਹੈ। ਇਸ ਦੇ 31 ਦਸੰਬਰ, 2026 ਤੱਕ ਮੁਕੰਮਲ ਹੋਣ ਦੀ ਯੋਜਨਾ ਹੈ। ਜਿਸ ਉਪਰੰਤ ਸ਼ਹਿਰ ਵਾਸੀਆਂ ਨੂੰ ਵਸਨਕਾ ਨੂੰ 5 ਐਮ.ਜੀ. ਦੀ ਟਰੀਟਡ ਪਾਣੀ ਦੀ ਸਪਲਾਈ ਮਿਲਣੀ ਸ਼ੁਰੂ ਹੋ ਜਾਵੇਗੀ।

**1200/harpreet singh**

**ਸ੍ਰੀਮਤੀ ਅਨਮੋਲ ਗਗਨ ਮਾਨ** : ਸਪੀਕਰ ਸਾਹਿਬ, ਇਹ ਕੁੱਲ 117 ਕਰੋੜ ਦਾ ਕੰਮ ਹੈ, ਜਿਸ ਵਿਚੋਂ ਇਨ੍ਹਾਂ ਨੇ ਹਾਲੇ 27 ਕਰੋੜ ਦਾ ਕੰਮ ਵੀ ਨਹੀਂ ਮੁਕੰਮਲ ਕੀਤਾ ਹੈ। ਇਸ ਨਾਲ ਕੁੱਨ 5 ਐਮ.ਜੀ.ਡੀ. ਪਾਣੀ ਆਉਣਾ ਹੈ। ਸਰਕਾਰ ਨੇ ਆਪਣੇ ਸ਼ੁਰੂਆਤ ਵਿਚ ਹੀ ਇਹ ਕੰਮ ਪਾਸ ਕਰ ਦਿੱਤਾ ਸੀ ਅਤੇ ਇਹ ਲੋਕਾਂ ਦੇ ਪੀਣ ਵਾਲੇ ਪਾਣੀ ਦਾ ਮਸਲਾ ਹੈ। ਇਹ ਮੁੱਢਲੀ ਲੋੜ ਹੈ। ਸਰਕਾਰ ਨੇ ਹਲਕਾ ਖਰੜ ਨੂੰ ਕਦੇ ਵੀ ਪੈਸਾ ਦੇਣ ਦੀ ਕਮੀ ਨਹੀਂ ਛੱਡੀ ਚਾਹੇ ਕਜੌਲੀ ਵਾਟਰ ਵਰਕਸ ਪ੍ਰਾਜੈਕਟ ਹੋਵੇ ਜਾਂ ਸੀਵਰੇਜ ਹੋਵੇ। ਕੀ ਕੈਬੀਨਿਟ ਵਿਚ ਕੋਈ ਅਜਿਹੀ ਪਾਲਿਸੀ ਲਿਆਂਦੀ ਜਾ ਸਕਦੀ ਹੈ ਜਿਸ ਨਾਲ ਅਫ਼ਸਰਾਂ ਅਤੇ ਠੇਕੇਦਾਰਾਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ ਕਿ ਉਹ ਸਖਤੀ ਨਾਲ ਟਾਈਮ ਬਾਊਂਡ ਤਰੀਕੇ ਨਾਲ ਕੰਮ ਮੁਕੰਮਲ ਕਰ ਸਕਣ। ਇਨ੍ਹਾਂ ਦੀ ਜੁਗਲਬੰਦੀ ਤੇ ਧਿਆਨ ਦਿੱਤਾ ਜਾਵੇ। ਸਰਕਾਰ ਦੀ ਮਨਸ਼ਾ ਸਾਫ਼ ਹੈ, ਐਮ.ਐਲ.ਏ. ਦੀ ਇਨ੍ਹਾਂ ਨਾਲ ਕਿਸੇ ਤਰੀਕੇ ਦੀ ਜੁਗਲਬੰਦੀ ਨਹੀਂ ਹੈ। ਮੇਰੀ ਬੇਨਤੀ ਹੈ ਕਿ ਕੋਈ ਕਾਨੂੰਨ ਬਣਾ ਕੇ ਇਨ੍ਹਾਂ ਤੋਂ ਕੰਮ ਲਿਆ ਜਾਵੇ। 117 ਕਰੋੜ ਵਿਚੋਂ ਸਿਰਫ਼ 27 ਕਰੋੜ ਦਾ ਵੀ ਕੰਮ ਹਾਲੇ ਤੱਕ ਨਹੀਂ ਹੋਇਆ। ਪੀਣ ਵਾਲੇ ਪਾਣੀ ਦਾ ਮਸਲਾ ਹੈ। ਮੈਂ ਪਿਛਲੇ ਦਿਨੀ ਇਨ੍ਹਾਂ (ਅਫ਼ਸਰਾਂ ਅਤੇ ਠੇਕੇਦਾਰਾਂ) ਨੂੰ ਬੁਲਾਇਆ ਸੀ ਤੇ ਕਿਹਾ ਸੀ ਕਿ ਤੁਹਾਨੂੰ ਪਿਛਲੀਆਂ ਸਰਕਾਰਾਂ ਵਾਲੀਆਂ ਆਦਤਾਂ ਪਈਆਂ ਹੋਈਆਂ ਹਨ। ਤੁਸੀਂ ਸਮੇਂਸਿਰ ਕੰਮ ਕਿਉਂ ਮੁਕੰਮਲ ਨਹੀਂ ਕਰਦੇ ਤਾਂ ਉਹ ਕਹਿੰਦੇ ਕਿ ਗਮਾਡਾ ਨੇ ਪਾਸ ਨਹੀਂ ਕੀਤਾ, ਬਿਜਲੀ ਦਾ ਕੁਨੈਕਸ਼ਨ ਨਹੀਂ ਮਿਲਿਆ, ਕਦੇ ਆ ਸਮੱਸਿਆ ਆ ਗਈ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਸਾਰੀਆਂ ਚੀਜ਼ਾਂ ਨੂੰ ਘੁਮਾਉਣ ਵਿਚ ਮਾਹਰ ਹੋ। ਸੋ, ਇਹ ਬਹੁਤ ਜ਼ਰੂਰੀ ਹੈ ਕਿ ਸਰਕਾਰ ਜਿਸ ਕੰਮ ਲਈ ਪੈਸੇ ਦੇ ਰਹੀ ਹੈ ਅਤੇ ਐਮ.ਐਲ.ਏ. ਜਿਸ ਕੰਮ ਲਈ ਇਨ੍ਹਾਂ ਨੂੰ ਵਾਰ ਵਾਰ ਬੁਲਾ ਰਹੇ ਹਨ, ਉਹ ਕੰਮ ਪੂਰਾ ਹੋਣਾ ਚਾਹੀਦਾ ਹੈ। ਕੋਈ ਅਜਿਹੀ ਸਖਤ ਪਾਲਿਸੀ ਬਣਾਈ ਜਾਵੇ ਕਿ ਲੋਕਾਂ ਦੇ ਕੰਮ ਤੁਰੰਤ ਕੀਤੇ ਜਾਣ। ਸਪੀਕਰ ਸਾਹਿਬ, ਖਰੜ ਵਿਚ ਖੂਨੀਮਾਜਰੇ ਵਿਚ ਸੀਵਰੇਜ ਪੈ ਰਿਹਾ ਹੈ। ਉਸ ਨੂੰ ਪੱਟ ਕੇ ਬੈਠੇ ਹਨ ਅਤੇ ਲੋਕ ਪ੍ਰੇਸ਼ਾਨ ਹੋ ਰਹੇ ਹਨ। ਲੋਕਾਂ ਨੇ ਤਾਂ ਸਰਕਾਰ ਨੂੰ ਗਾਲਾਂ

ਕੱਢਣੀਆਂ ਹਨ ਪਰ ਮੈਂ ਲੋਕਾਂ ਨੂੰ ਬੇਨਤੀ ਕਰਦੀ ਹਾਂ ਕਿ ਸਰਕਾਰ ਦਾ ਕੰਮ ਹੁੰਦਾ ਪੈਸਾ ਦੇਣਾ, ਐਮ.ਐਲ.ਏ. ਦਾ ਕੰਮ ਹੁੰਦਾ ਅਫ਼ਸਰਾਂ ਨੂੰ ਕਹਿਣਾ ਪਰ ਮੁੜ ਕੇ ਅਫਸਰਾਂ ਦੀ ਵੀ ਕੋਈ ਜਵਾਬਦੇਹੀ ਬਣਦੀ ਹੈ। ਸੋ, ਅਫ਼ਸਰਸ਼ਾਹੀ ਨੂੰ ਸਖਤੀ ਨਾਲ ਕੰਮ ਕਰਵਾਉਣ ਲਈ ਸਾਨੂੰ ਕੋਈ ਨਾ ਕੋਈ ਕਾਨੂੰਨ ਲਿਆਉਣਾ ਪੈਣਾ ਹੈ। ਹਲਕਾ ਖਰੜ ਦੀਆਂ ਸੜਕਾਂ ਪਾਸ ਹੋ ਗਈਆਂ ਹਨ ਪਰ ਕਿਤੇ ਸੜਕ ਨੂੰ ਲੁਕ ਪਾ ਕੇ ਛੱਡ ਦਿੱਤਾ ਜਾਂਦਾ ਹੈ। ਇੱਥੇ ਅਫ਼ਸਰਸ਼ਾਹੀ ਵੀ ਬੈਠੀ ਹੈ, ਮੇਰੀ ਤੁਹਾਨੂੰ ਹੱਥ ਬੰਨ ਕੇ ਬੇਨਤੀ ਹੈ ਕਿ ਸਰਕਾਰ ਨਵੀਂ ਹੈ, ਸਾਨੂੰ ਸਿਸਟਮ ਬਦਲਣਾ ਪੈਣਾ ਹੈ। ਸਿਰਫ਼ ਇਹ ਨਾ ਹੋਵੇ ਕਿ ਸਾਨੂੰ ਵੋਟਾਂ ਪੈਣੀਆਂ ਹਨ, ਕੇਵਲ ਅਸੀਂ ਹੀ ਕਲਪੀਏ। ਤੁਹਾਨੂੰ ਵੀ ਮਹੀਨੇ ਦੀ ਤਨਖਾਹ ਮਿਲਦੀ ਹੈ।

**ਮਾਣਯੋਗ ਸਪੀਕਰ:** ਬੀਬਾ ਜੀ, ਅੱਜ ਮੈਂ ਇਸ ਮਸਲੇ ਤੇ ਤੁਹਾਨੂੰ ਕਾਫ਼ੀ ਕੁੱਝ ਬੋਲਣ ਦਿੱਤਾ ਹੈ ਕਿਉਂਕਿ ਤੁਸੀਂ ਪਹਿਲਾਂ ਆਏ ਨਹੀਂ ਸੀ ਲੇਕਿਨ ਇਸ ਤੇ ਕੇਵਲ ਸਪਲੀਮੈਂਟਰੀ ਪ੍ਰਸ਼ਨ ਹੀ ਹੁੰਦਾ ਹੈ। ਸੋ, ਜੇਕਰ ਮੰਤਰੀ ਜੀ ਨੂੰ ਕੁੱਝ ਪੁੱਛਣਾ ਹੈ ਤਾਂ ਪੁੱਛ ਲਓ, ਫਿਰ ਆਪਾਂ ਅੱਗੇ ਚੱਲੀਏ।

**ਸ਼੍ਰੀਮਤੀ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਐਨਾ ਬੋਲਣ ਦਾ ਮੌਕਾ ਦਿੱਤਾ ਹੈ। ਇਹ ਬੜਾ ਵੱਡਾ ਮੁੱਦਾ ਹੈ, ਸਾਰੇ ਪੰਜਾਬ ਦਾ ਮੁੱਦਾ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਸੀਂ ਸਵਾਲ ਪੁੱਛੋ?

**ਸ਼੍ਰੀਮਤੀ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਸਵਾਲ ਮੇਰਾ ਇਹੀ ਹੈ ਕਿ ਮੰਤਰੀ ਜੀ, ਤੁਸੀਂ ਮੈਨੂੰ ਵਿਸ਼ਵਾਸ ਦਿਵਾਓ ਕਿ ਕਿਸੇ ਨਾ ਕਿਸੇ ਤਰੀਕੇ ਕੰਮ ਸਪੀਡ ਅੱਪ ਕਰਵਾਓ ਕਿਉਂਕਿ ਸਾਡੀ ਸਰਕਾਰ ਦੀ ਟਰਮ ਵਿਚ ਤਾਂ ਇਨ੍ਹਾਂ ਨੇ ਕੰਮ ਕਰਨਾ ਨਹੀਂ। ਜਿੰਨੇ ਵੀ ਲੋਕਲ ਬਾਡੀਜ਼ ਦੇ ਕੰਮ ਹਨ, ਚਾਹੇ ਉਹ ਸੜਕਾਂ ਹਨ, ਚਾਹੇ ਹੋਰ ਕੰਮ ਹਨ, ਇਨ੍ਹਾਂ ਦੀ ਸਪੀਡ ਵਧਾਈ ਜਾਵੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਜਿਹੜੇ ਅਫ਼ਸਰ ਜਾਂ ਠੇਕੇਦਾਰ ਕੰਮ ਡਿਲੇਅ ਕਰਦੇ ਹਨ ਉਨ੍ਹਾਂ ਦੀ ਜਵਾਬਦੇਹੀ ਤੈਅ ਕਰਕੇ ਕੋਈ ਜੁਰਮਾਨਾ ਲਗਾਓਂਗੇ?

**ਸਥਾਨਕ ਸਰਕਾਰਾਂ ਮੰਤਰੀ:** ਸਪੀਕਰ ਸਾਹਿਬ, ਦੋ ਵੱਖਰੇ ਮੁੱਦੇ ਹਨ। ਜਿਹੜਾ ਖਰੜ ਨੂੰ ਨਹਿਰੀ ਪਾਣੀ ਦੇਣ ਦਾ ਮਸਲਾ ਹੈ। ਉਸ ਵਿਚ ਨਗਰ ਕੌਂਸਲ ਕੋਲ ਵਾਟਰ ਟਰੀਟਮੈਂਟ ਪਲਾਂਟ ਲਈ ਆਪਣੀ ਜ਼ਮੀਨ ਹੈ ਪਰ ਰਾਅ ਵਾਟਰ ਪੰਪਿੰਗ ਸਟੇਸ਼ਨ ਅਤੇ ਖਰੜ ਸ਼ਹਿਰ ਵੱਲੋਂ ਰਾਅ ਵਾਟਰ ਮੇਨ ਲਾਈਨ ਜਿਹੜੀ ਆਉਣੀ ਹੈ, ਉਸ ਲਈ ਸਹੀ ਰਸਤਾ ਨਹੀਂ ਮਿਲ ਰਿਹਾ, ਜਿਸ ਕਾਰਨ ਡੀ.ਪੀ.ਆਰ. ਡਿਲੇਅ ਹੋਈ ਹੈ। ਇਸ ਰਸਤੇ ਵਿਚ ਗਮਾਡਾ, ਐਨ.ਐਚ.ਆਈ., ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ, ਜਿਵੇਂ ਮੈਨੂੰ ਦੱਸਿਆ ਗਿਆ ਹੈ। ਮੈਂ ਇਸ ਨੂੰ ਖੁਦ ਆਪਣੀ ਪ੍ਰਾਇਰਟੀ ਲਿਸਟ ਤੇ ਲੈ ਲੈਂਦਾ ਹਾਂ। ਜਿਸ ਤਰ੍ਹਾਂ ਅਸੀਂ ਖੇਤਾਂ ਨੂੰ ਨਹਿਰੀ ਪਾਣੀ ਦੇ ਰਹੇ ਹਾਂ, ਉਸੇ ਤਰ੍ਹਾਂ ਸ਼ਹਿਰਾਂ ਨੂੰ ਵੀ

ਨਹਿਰੀ ਪਾਣੀ ਮਿਲਣਾ ਚਾਹੀਦਾ ਹੈ। ਸਾਡੀ ਸਰਕਾਰ ਵੱਲੋਂ ਖੇਤਾਂ ਦੇ ਨਾਲ ਨਾਲ ਅੰਮ੍ਰਿਤਸਰ ਸਾਹਿਬ, ਲੁਧਿਆਣਾ, ਜਲੰਧਰ, ਬਠਿੰਡਾ, ਖਰੜ ਅਤੇ ਨੰਗਲ ਨੂੰ 100 ਫੀਸਦੀ ਨਹਿਰੀ ਪਾਣੀ ਦੇਣ ਦਾ ਕੰਮ ਚੱਲ ਰਿਹਾ ਹੈ। ਦੂਜੇ ਮੁੱਦੇ ਬਾਰੇ ਮੇਰਾ ਮੰਨਣਾ ਇਹ ਹੈ ਜੋ ਮੇਰਾ ਸਾਢੇ ਚਾਰ ਸਾਲ ਦਾ ਵਿਭਾਗ ਚਲਾਉਣ ਦਾ ਤਜਰਬਾ ਹੈ, ਚਾਹੇ ਆਪਣੇ ਹਲਕੇ ਵਿਚ ਕੰਮ ਕਰਨ। ਕੋਈ ਵੀ ਕੰਮ ਬਿਨਾ ਰਿਵਿਊ ਤੋਂ ਨਹੀਂ ਹੁੰਦਾ। ਮੈਂ ਹਰ ਸ਼ੁੱਕਰਵਾਰ ਆਪਣੇ ਹਲਕੇ ਦੇ ਕੰਮਾਂ ਲਈ ਰਿਵਿਊ ਮੀਟਿੰਗਾਂ ਕਰਦਾ ਹਾਂ। ਇਸ ਨਾਲ ਅਫ਼ਸਰਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਮੈਨੂੰ ਛੱਡੇਗਾ ਨਹੀਂ, ਹਰ ਹਫ਼ਤੇ ਪੁੱਛੇਗਾ ਕਿ ਪੁਲਾਂ ਦਾ ਕਿੰਨਾ ਕੰਮ ਹੋ ਗਿਆ, ਸੜਕਾਂ ਦਾ ਕਿੰਨਾ ਕੰਮ ਹੋ ਗਿਆ, ਕੀ ਪ੍ਰੋਗਰੈਸ ਰਿਪੋਰਟ ਹੈ। ਸੋ, ਇਸੇ ਤਰ੍ਹਾਂ ਹੀ ਇੱਥੇ ਹੈ। ਜਿੱਥੇ ਕੋਈ ਗੈਪ ਹੈ, ਤੁਸੀਂ ਮੈਨੂੰ ਦੱਸ ਸਕਦੇ ਹੋ।

**1205/amandeep kaur**

ਜਿਵੇਂ ਖਰੜ ਤੋਂ ਲਾਂਡਰਾਂ ਜਾਂਦੀ ਸੜਕ ਦੀ ਇੱਕੋ ਸੜਕ ਦਾ ਬੁਰਾ ਹਾਲ ਹੋਣ ਕਾਰਨ ਲੱਖਾਂ ਹੀ ਲੋਕ ਪਰੇਸ਼ਾਨ ਹਨ, ਉਸ ਨੂੰ ਅਸੀਂ ਹਰ ਹਫਤੇ ਰਿਵਿਊ ਕਰਦੇ ਹਾਂ। ਅਸੀਂ ਅਗਲੇ 15 ਦਿਨਾਂ ਵਿੱਚ ਉਸ ਨੂੰ ਫਿਕਸ ਕਰਕੇ ਦਿਖਾਵਾਂਗੇ। ਜੇਕਰ ਕੋਈ ਹੋਰ ਵੀ ਇਸ ਤਰ੍ਹਾਂ ਦਾ issue ਹੈ ਉਸ ਨੂੰ ਤੁਸੀਂ ਮੇਰੇ ਧਿਆਨ ਵਿੱਚ ਲੈ ਕੇ ਆਉ। I have got this Ministry two months back. ਅਸੀਂ ਇਸ ਦੇ ਉੱਤੇ ਲਗਾਤਾਰ ਕੰਮ ਕਰ ਰਹੇ ਹਾਂ ਸਪੈਸ਼ਲੀ ਖਰੜ, ਡੇਰਾਬੱਸੀ, ਜ਼ੀਰਕਪੁਰ ਤੇ ਲਾਲੜੂ ਕਿਉਂਕਿ urbanization ਬਹੁਤ ਵੱਡੇ ਪੱਧਰ ਤੇ ਹੋ ਰਹੀ ਹੈ। ਇਨ੍ਹਾਂ ਤੋਂ ਅਲੱਗ ਰਿਵਿਊ ਲਿਆ ਜਾਂਦਾ ਹੈ। ਇਸ issue ਤੇ joint meeting ਰੱਖ ਲੈਂਦੇ ਹਾਂ। Definitely, ਤੁਸੀਂ ਬਿਲਕੁਲ ਸਹੀ ਕਿਹਾ ਹੈ ਕਿ responsibility has to be fixed, accountability has to be fixed. ਜੇਕਰ ਕੋਈ ਠੇਕੇਦਾਰ ਹੈ ਜਾਂ ਐਕਸੀਅਨ ਹੈ ਜਾਂ ਫਿਰ whoever is responsible will be taught a lesson.

-----

**(ਕ੍ਰਮ ਨੰ. 29)**

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਮਾਣਯੋਗ ਸਪੀਕਰ ਸਾਹਿਬ ਬਹੁਤ ਬਹੁਤ ਧੰਨਵਾਦ। ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹਤੱਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਲੋਕਾਂ ਦੀ ਸੁਵਿਧਾ ਨਾਲ ਸੰਬੰਧਿਤ ਇੱਕ ਬੇਹਦ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਕਸਬਾ ਮਮਦੋਟ ਅਤੇ ਮੁੱਦਕੀ ਵਿਖੇ 2024 ਵਿੱਚ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਹੋਇਆ ਸੀ, ਪਾਈਪ ਲਾਈਨ ਦਾ ਕੰਮ ਮੁਕੰਮਲ ਹੋਣ ਉਪਰੰਤ ਸੜਕਾਂ ਦਾ ਕੰਮ ਸ਼ੁਰੂ ਹੋਇਆ ਸੀ। ਕਰੀਬ 2 ਸਾਲ ਦਾ ਸਮਾਂ ਹੋ ਗਿਆ ਪਰ ਸੜਕਾਂ ਦਾ ਕੰਮ ਬਹੁਤੇ ਹਿੱਸਿਆਂ ਵਿੱਚ ਅਧੂਰਾ ਪਿਆ ਹੈ ਲੋਕਾਂ ਨੂੰ ਆਵਾਜਾਈ ਸੰਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਲੋਕ ਨਿਰਮਾਣ ਮੰਤਰੀ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਮੁੱਦਕੀ ਅਤੇ ਮਮਦੋਟ ਕਸਬੇ ਦੀਆਂ ਸੜਕਾਂ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

ਮਾਮਲੇ ਦੀ ਅਤਿਅੰਤ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ ਦੀ ਖੇਚਲ ਕਰਨ ਜੀ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ):** ਮਾਣਯੋਗ ਸਪੀਕਰ ਸਾਹਿਬ, ਫਿਰੋਜ਼ਪੁਰ ਦਿਹਾਤੀ ਹਲਕੇ ਦੇ ਮੁਦੱਕੀ ਕਸਬੇ ਅਧੀਨ ਪੈਂਦੀਆਂ ਲਿੰਕ ਸੜਕਾਂ ਦੀ ਉਸਾਰੀ ਅਤੇ ਰੱਖ-ਰਖਾਅ ਦਾ ਕੰਮ ਮਹਿਕਮਾ ਪੰਜਾਬ ਮੰਡੀ ਬੋਰਡ, ਫਿਰੋਜ਼ਪੁਰ ਵੱਲੋਂ ਕੀਤਾ ਜਾਂਦਾ ਹੈ ਅਤੇ ਮਮਦੋਟ ਕਸਬੇ ਅਧੀਨ ਪੈਂਦੀਆਂ ਲਿੰਕ ਸੜ੍ਹਕਾਂ ਦੀ ਉਸਾਰੀ ਅਤੇ ਰੱਖ-ਰਖਾਵ ਦਾ ਕੰਮ ਮਹਿਕਮਾ ਲੋਕ ਨਿਰਮਾਣ ਵਿਭਾਗ ਵੱਲੋਂ ਕੀਤਾ ਜਾਂਦਾ ਹੈ।

ਮਮਦੋਟ ਕਸਬੇ ਵਿੱਚ ਸੀਵਰੇਜ ਵਿਭਾਗ ਵੱਲੋਂ ਕੁੱਲ 05 ਸੜ੍ਹਕਾਂ ਉੱਪਰ ਸੀਵਰੇਜ ਪਾਇਆ ਗਿਆ ਸੀ, ਇਨਾਂ ਸੜ੍ਹਕਾਂ ਵਿੱਚੋਂ 3 ਸੜ੍ਹਕਾਂ ਵੱਖ ਵੱਖ ਸਕੀਮਾਂ (Onida project, Special Repair 2022-23, 2023-24, 2024-25, Special Assistance Project, Phase-1 Scheme and Special Assistance Project 5054 Scheme)ਤਹਿਤ ਪ੍ਰਵਾਨ ਹੋਈਆਂ ਹਨ ਜਿਨ੍ਹਾਂ ਦੇ ਕੰਮ ਸਬੰਧਤ ਠੇਕੇਦਾਰ/ਏਜੰਸੀਆਂ ਨੂੰ ਬਾਬਤ ਰਕਮ 8 ਕਰੋੜ 10 ਲੱਖ, 92 ਹਜ਼ਾਰ ਰੁਪਏ ਦੇ ਅਲਾਟ ਕੀਤੇ ਗਏ ਸਨ ਅਤੇ ਇਨ੍ਹਾਂ ਵਿੱਚੋਂ ਇੱਕ ਸੜਕ ਮਮਦੋਟ ਤੋਂ ਅਲਫੂ ਕੇ ਲਿੰਕ ਸੜਕ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਦੋ ਸੜਕਾਂ ਤੇ ਮੌਕੇ ਤੇ ਕੰਮ ਪ੍ਰਗਤੀ ਅਧੀਨ ਹਨ। ਇਹ ਕੰਮ 31.10.2026 ਤੱਕ ਮੁਕੰਮਲ ਕਰ ਲਏ ਜਾਣਗੇ।

ਬਾਕੀ ਰਹਿੰਦੀਆਂ 2 ਸੜ੍ਹਕਾਂ (ਫਿਰਨੀ ਪਿੰਡ ਮਮਦੋਟ ਜਿਸਦੀ ਰਿਪੇਅਰ ਦੀ ਲਾਗਤ 7.34 ਲੱਖ ਰੁਪਏ ਹੈ ਅਤੇ ਮਮਦੋਟ ਤੋਂ ਦੋਨਾ ਰਹਿਮਤ ਵਾਲਾ, ਜਿਸਦੀ ਰਿਪੇਅਰ ਦੀ ਲਾਗਤ 7.26 ਲੱਖ ਰੁਪਏ ਹੈ ਦੇ ਟੈਂਡਰ ਕਾਲ ਕਰ ਦਿੱਤੇ ਗਏ ਹਨ ਜੋ ਕਿ 14.8.2026 ਨੂੰ ਖੋਲੇ ਜਾਣੇ ਹਨ ਅਤੇ ਜਲਦੀ ਹੀ ਟੈਂਡਰ ਅਲਾਟ ਕਰਕੇ ਕੰਮ ਨੂੰ ਨੇਪਰੇ ਚਾੜ ਦਿੱਤਾ ਜਾਵੇਗਾ।

ਪੰਜਾਬ ਮੰਡੀ ਬੋਰਡ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਹਨਾਂ ਦੇ ਅਧਿਕਾਰ ਖੇਤਰ ਅਧੀਨ ਪੈਂਦੀ ਨਗਰ ਪੰਚਾਇਤ ਮੁੱਦਕੀ ਦੀਆਂ 3 ਲਿੰਕ ਸੜਕਾਂ ਦੇ ਕੁੱਝ ਹਿੱਸਿਆਂ (ਲੰਬਾਈ 2.197 ਕਿ.ਮੀ) ਉਪਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਵੱਲੋਂ ਸੀਵਰੇਜ ਪਾਉਣ ਦਾ ਕੰਮ ਕੀਤਾ ਗਿਆ ਹੈ। ਸੜਕਾਂ ਦੇ ਇਨ੍ਹਾਂ ਹਿੱਸਿਆ ਦੀ ਮੁਰੰਮਤ/ਦੁਬਾਰਾ ਮੁੜ ਉਸਾਰੀ ਕਰਨ ਸਬੰਧੀ ਬੀ.ਟੀ ਬਿੱਲ ਸਬੰਧਤ ਵਿਭਾਗ ਨੂੰ ਭੇਜਿਆ ਗਿਆ ਸੀ। ਇਸ ਰਾਸ਼ੀ ਵਿਰੁੱਧ ਰੁਪਏ 40 ਲੱਖ 72 ਹਜ਼ਾਰ ਰੁਪਏ ਪੰਜਾਬ ਮੰਡੀ ਬੋਰਡ ਪਾਸ ਜਮ੍ਹਾਂ ਕਰਵਾਏ ਗਏ। ਜ਼ਿਲ੍ਹਾ ਪ੍ਰਸ਼ਾਸਨ/ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਲਿੰਕ ਸੜਕ ਮੁੱਖ ਤੇ ਕੱਬਰਵੱਛਾ ਲੰਬਾਈ 0.80 ਕਿ.ਮੀ ਅਤੇ ਚੌੜਾਈ 3.75 ਮੀਟਰ ਦੀ ਮੁਰੰਮਤ/ਮੁੜ ਉਸਾਰੀ ਦਾ ਕੰਮ ਮੁਕੰਮਲ ਕਰਵਾਇਆ ਜਾ ਚੁੱਕਾ ਹੈ। ਬਾਕੀ ਰਹਿੰਦੀਆਂ 2 ਸੜਕਾਂ ਮੁੱਦਕੀ ਤੋਂ ਗਿੱਲ ਅਤੇ ਮੁੱਦਕੀ-ਮਿਸਰੀਵਾਲਾ ਰੋਡ ਤੋਂ ਮੁੱਦਕੀ-ਕੱਬਰਵੱਛਾ (ਨਜ਼ਦੀਕ ਸੇਮ ਨਾਲਾ) ਬਾਕੀ ਰਹਿੰਦੀ ਲੰਬਾਈ 1397 ਕਿ.ਮੀ ਦੀ ਮੁਰੰਮਤ/ਮੁੱੜ ਉਸਾਰੀ ਲਈ ਮੰਡੀ ਬੋਰਡ ਵਲੋਂ ਵਿਭਾਗ ਨੂੰ ਯਾਦ ਪੱਤਰ ਲਿਖਣ ਦੇ ਬਾਵਜੂਦ ਵੀ ਬਕਾਇਆ ਫੰਡਜ਼ (ਰੂ. 64.13 ਲੱਖ) ਜਮ੍ਹਾਂ ਨਾ ਕਰਵਾਉਣ

ਕਰਕਕੇ ਬਾਕੀ ਸੜਕਾਂ ਦਾ ਕੰਮ ਨਹੀਂ ਕਰਵਾਇਆ ਜਾ ਸਕਿਆ। ਸਬੰਧਤ ਵਿਭਾਗ ਵੱਲੋਂ ਲੋੜੀਦੇ ਫੰਡਜ਼ ਜਮ੍ਹਾਂ ਕਰਵਾਉਣ ਉਪਰੰਤ ਇਹ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਸਬੰਧਤ ਵਿਭਾਗ ਤੋਂ ਜਲਦੀ ਫੰਡਜ਼ ਰਿਲੀਜ਼ ਕਰਵਾਏ ਜਾਣਗੇ।

**1210/Tarlochan Singh**

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਜਿਹੜੀ ਇਨਫਰਮੇਸ਼ਨ ਮਾਣਯੋਗ ਮੰਤਰੀ ਸਾਹਿਬ ਨੇ ਹਾਊਸ ਵਿੱਚ ਪੇਸ਼ ਕੀਤੀ ਹੈ, ਉਸ ਮੁਤਾਬਕ ਮੈਂ ਲਿਸਟ ਦੇ ਦਿੰਦਾ ਹਾਂ ਕਿ ਹਾਲੇ ਕਿਹੜੇ ਕਿਹੜੇ ਕੰਮ ਪੈਂਡਿੰਗ ਹਨ ਅਤੇ ਕਿਹੜੇ ਕਿਹੜੇ ਜਿਹੜੇ ਇਨ੍ਹਾਂ ਨੇ ਦੱਸਿਆ ਕਿ ਕੰਪਲੀਟ ਹੋਏ, ਉਨ੍ਹਾਂ ਵਿੱਚੋਂ ਵੀ ਕਿਹੜੇ ਕਿਹੜੇ ਪੈਂਡਿੰਗ ਹਨ। ਸਰ, ਮਮਦੋਟ ਦੀ ਫਿਰਨੀ ਦੀ ਗੱਲ ਮੰਤਰੀ ਸਾਹਿਬ ਨੇ ਕੀਤੀ ਹੈ ਕਿ 14 ਅਗਸਤ ਨੂੰ ਉਸ ਦਾ ਟੈਂਡਰ ਹੋਣਾ ਹੈ। ਸਰ, ਮਮਦੋਟ ਫਿਰਨੀ ਘੋੜਾ ਚੱਕ ਚੌਂਕ ਤੱਕ, ਮਾਈ ਭੋਲੀ ਚੌਂਕ ਤੋਂ ਲੈ ਕੇ ਬੀ.ਡੀ.ਪੀ.ਓ. ਦਫ਼ਤਰ ਦੀ ਫਿਰਨੀ, ਤਹਿਸੀਲ ਰੋਡ ਤੋਂ ਲੈ ਕੇ ਸੇਠਾਂ ਵਾਲਾ ਪਿੰਡ ਤੱਕ, ਦੋਨਾ ਰਹਿਮਤ ਵਾਲਾ ਤੱਕ ਹਾਲੇ ਵੀ ਕੰਮ ਸ਼ੁਰੂ ਹੋਣਾ ਬਾਕੀ ਹੈ। ਮਮਦੋਟ ਸ਼ਹਿਰ ਦੇ ਅੰਦਰੂਨੀ ਹਿੱਸੇ ਦਾ ਕੰਮ ਵੀ ਹਾਲੇ ਸ਼ੁਰੂ ਹੋਣਾ ਹੈ।

**ਮਾਣਯੋਗ ਸਪੀਕਰ** : ਦਹੀਯਾ ਜੀ, ਸਵਾਲ ਪੁੱਛੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਸਵਾਲ ਹੀ ਪੁੱਛ ਰਿਹਾ ਹਾਂ ਜੀ। ਮੈਂ ਸਵਾਲ ਤੇ ਹੀ ਆ ਰਿਹਾ ਹਾਂ।

**Mr. Speaker** : This is not a question. ਪ੍ਰਸ਼ਨ ਪੁੱਛੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਜਿਹੜੀ ਮੰਤਰੀ ਸਾਹਿਬ ਨੇ ਇਨਫਰਮੇਸ਼ਨ ਦਿੱਤੀ ਹੈ, ਉਸ ਨਾਲ ਹੀ ਰਿਲੇਟਿਡ ਹੈ।

**ਮਾਣਯੋਗ ਸਪੀਕਰ** : ਨਹੀਂ ਜੀ, ਸਵਾਲ ਪੁੱਛੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਇਸ ਵਿੱਚ ਜਿਹੜੀ ਮੁੱਦਕੀ ਦੀ ਗੱਲ ਕੀਤੀ ਹੈ।

**ਮਾਣਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ਕਿ ਕੀ ਕਰਵਾਉਣਾ ਹੈ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਮੈਂ ਸਵਾਲ ਹੀ ਪੁੱਛਾਂਗਾ ਜੀ।

**ਮਾਣਯੋਗ ਸਪੀਕਰ** : ਨਹੀਂ ਜੀ ਸਵਾਲ ਪੁੱਛੋ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਮੈਂ ਜਿਹੜੀ ਫਿਰਨੀ/ਸੜਕਾਂ ਦੀ ਰਿਪੋਰਟ ਮੰਤਰੀ ਸਾਹਿਬ ਨੂੰ ਦਿੱਤੀ ਹੈ, ਇਹ ਕਦੋਂ ਤੱਕ ਕੰਪਲੀਟ ਹੋ ਜਾਣਗੀਆਂ? ਇਨ੍ਹਾਂ ਦਾ ਕੰਮ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ ਜੀ। ਧੰਨਵਾਦ।

**ਮੰਤਰੀ** : ਸਰ, ਮੈਂ ਆਪਣੇ ਜਵਾਬ ਵਿੱਚ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ 31.10.2026 ਤੱਕ ਦੋ ਸੜਕਾਂ ਦੇ ਕੰਮ ਕੰਪਲੀਟ ਕਰ ਦਿੱਤੇ ਜਾਣਗੇ। ਬਾਕੀ ਟੈਂਡਰ 14.08.2026 ਨੂੰ ਖੁੱਲ੍ਹ ਰਹੇ ਹਨ, ਉਹ 14 ਲੱਖ 60 ਹਜ਼ਾਰ ਦਾ ਕੰਮ ਹੈ। ਲਗਭਗ ਤਿੰਨ ਮਹੀਨੇ ਵਿੱਚ ਉਹ ਕੰਮ ਕੰਪਲੀਟ ਕਰ ਦਿੱਤੇ ਜਾਣਗੇ। ਬਾਕੀ ਪੰਜਾਬ ਮੰਡੀ ਬੋਰਡ ਤੋਂ ਜੋ ਸੂਚਨਾ ਆਈ ਹੈ ਅਤੇ ਉਨ੍ਹਾਂ ਨਾਲ ਸਬੰਧਤ ਵਿਭਾਗ ਤੋਂ ਬਹੁਤ ਜਲਦੀ ਫੰਡਜ਼ ਰਿਲੀਜ਼ ਕਰਵਾਏ ਜਾਣਗੇ। ਮੰਤਰੀ ਸਾਹਿਬ ਬੈਠੇ ਹਨ। ਅਸੀਂ ਬਹੁਤ ਜਲਦੀ ਵਿਭਾਗ ਤੋਂ ਫੰਡਜ਼ ਰਿਲੀਜ਼ ਕਰਵਾ ਕੇ ਇਨ੍ਹਾਂ ਦੇ ਕੰਮ ਖਤਮ ਕਰਵਾ ਦਿਆਂਗੇ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਹੋ ਗਿਆ ਹੈ। ਧੰਨਵਾਦ।

--------

## PRESENTATION OF REPORT OF THE COMMITTEE

**ਮਾਣਯੋਗ ਸਪੀਕਰ** : ਸਰਦਾਰ ਜਗਰੂਪ ਸਿੰਘ ਗਿੱਲ, ਚੇਅਰਮੈਨ, ਸਰਕਾਰੀ ਕਾਰੋਬਾਰ ਕਮੇਟੀ, ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਜਗਰੂਪ ਸਿੰਘ ਗਿੱਲ)** : ਧੰਨਵਾਦ, ਸਪੀਕਰ ਸਾਹਿਬ। ਸ਼੍ਰੀਮਾਨ ਜੀ, ਮੈਂ ਸਰਕਾਰੀ ਕਾਰੋਬਾਰ ਕਮੇਟੀ ਦਾ ਸਭਾਪਤੀ ਹੋਣ ਦੇ ਨਾਤੇ ਸਾਲ 2026-27 ਦੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਆਮ ਕੰਮ ਕਾਰ ਸਬੰਧੀ ਸਰਕਾਰੀ ਕਾਰੋਬਾਰ ਕਮੇਟੀ ਦੀ 129ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਇੱਕ ਤਾਂ ਮੈਂ ਸਦਨ ਦੇ ਸਾਰੇ ਹੀ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਮੇਟੀ ਦੀਆਂ ਮੀਟਿੰਗਾਂ ਹੁੰਦੀਆਂ ਹਨ ਅਤੇ ਬਹੁਤ ਵਾਰ ਮੀਟਿੰਗਾਂ quorum short ਹੋਣ ਕਾਰਨ ਮੁਲਤਵੀ ਕਰਨੀਆਂ ਪੈ ਜਾਂਦੀਆਂ ਹਨ। ਬੇਨਤੀ ਹੈ ਕਿ ਮੀਟਿੰਗਾਂ ਵਿੱਚ ਹਾਜ਼ਰੀ ਜ਼ਰੂਰ ਰੱਖੀ ਜਾਵੇ। ਮੀਟਿੰਗਾਂ ਵਿੱਚ ਬਹੁਤ ਗੰਭੀਰ ਸਵਾਲਾਂ ਤੇ ਚਰਚਾ ਹੁੰਦੀ ਹੈ। ਇਸ ਤੋਂ ਪਹਿਲਾਂ ਰਿਪੋਰਟਾਂ ਹਮੇਸ਼ਾ ਬਜਟ ਸੈਸ਼ਨ ਵੇਲੇ ਪੇਸ਼ ਕੀਤੀਆਂ ਜਾਂਦੀਆਂ ਸਨ। ਮੈਂ, ਸ੍ਰੀ ਰਾਮ ਲੋਕ ਖਟਾਣਾ ਜੀ ਦਾ, ਸਰਦਾਰ ਜਸਵਿੰਦਰ ਸਿੰਘ ਹੋਰਾਂ ਦਾ, ਸ੍ਰੀ ਸਰਬਜੀਤ ਸਿੰਘ, ਸੁਪਰਡੰਟ ਅਤੇ ਸਾਰੇ ਸਟਾਫ, ਮੇਰੇ ਸਾਥੀ ਐਮ.ਐਲ.ਏ. ਸਾਹਿਬਾਨ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਰਿਪੋਰਟ ਨੂੰ ਸਿਰੇ ਚੜ੍ਹਾਉਣ ਵਿੱਚ ਪੂਰਾ ਸਹਿਯੋਗ ਦਿੱਤਾ ਹੈ। ਜੇਕਰ ਸਾਰੀ ਰਿਪੋਰਟ ਨੂੰ ਡਿਸਕਸ ਕੀਤਾ ਜਾਵੇ ਤਾਂ ਇਹ ਬਹੁਤ ਲੰਬੀ ਚੌੜੀ ਰਿਪੋਰਟ ਹੈ ਪਰ ਸਮਾਂ ਘੱਟ ਹੋਣ ਕਾਰਨ ਇਸ ਤੇ ਜ਼ਿਆਦਾ ਬੋਲਿਆ ਨਹੀਂ ਜਾ ਸਕਦਾ। ਅਸੀਂ ਕੁਝ ਗੱਲਾਂ ਸਮੀਖਿਆ ਦੌਰਾਨ ਪਾਈਆਂ ਕਿ ਪੰਜਾਬ ਸਰਕਾਰ ਦਾ ਖਾਸ ਤੌਰ

ਤੇ ਨਸ਼ਿਆਂ ਤੇ ਬਹੁਤ ਵੱਡਾ ਪ੍ਰਹਾਰ ਜਾਂ ਬਹੁਤ ਵੱਡੀ ਜੱਦੋ-ਜਹਿਦ ਚੱਲ ਰਹੀ ਹੈ। ਨਸ਼ਾ ਛੱਡਣ ਲਈ ਜਿਹੜੇ OOAT ਸੈਂਟਰ ਹਨ ਜਾਂ ਹਸਪਤਾਲ ਹਨ, ਉਥੇ ਬਹੁਤ ਚੰਗਾ ਕੰਮ ਕੀਤਾ ਗਿਆ ਹੈ, ਉਥੇ ਮਰੀਜ਼ ਦਾਖਲ ਹੋਏ ਹਨ ਪਰ ਸਾਨੂੰ ਇਹ ਦੇਖ ਕੇ ਹੈਰਾਨੀ ਵੀ ਹੋਈ ਹੈ ਕਿ ਸਾਡੀ ਨਸ਼ਿਆਂ ਦੀ ਪਰਚੇਜ਼ ਜਾਂ ਨਸ਼ਿਆਂ ਦੀਆਂ ਗੋਲੀਆਂ ਬਰੁਫਿਨ ਦੀ ਖਾਸ ਤੌਰ ਤੇ ਜੇਲ੍ਹ ਵਿੱਚ ਸਪਲਾਈ ਤੇ ਨਜ਼ਰ ਮਾਰੀਏ ਤਾਂ 2022 ਵਿੱਚ 1,17,94,071 ਗੋਲੀਆਂ ਦੀ ਸਪਲਾਈ ਦਿੱਤੀ ਜਾਂਦੀ ਸੀ। 2026 ਵਿੱਚ ਇਹ 8,87,09,627 ਹੋ ਗਈ ਹੈ।

**1215/mehak**

ਇਸ ਦਾ ਮਤਲਬ ਇਹ ਹੈ ਕਿ ਜੇਲ੍ਹ ਵਿੱਚ ਇਸ ਗੋਲੀ ਦੀ ਵਰਤੋਂ ਘੱਟੋ-ਘੱਟ 8 ਗੁਣਾ ਵੱਧ ਚੁੱਕੀ ਹੈ। ਇਸ ਤੇ ਧਿਆਨ ਦੇਣ ਦੀ ਲੋੜ ਹੈ ਕਿ ਇੰਨੀ ਗੋਲੀ ਦੀ ਸਪਲਾਈ ਕਿਉਂ ਵਧੀ, ਜੇਲ੍ਹ ਵਿੱਚ ਤਾਂ ਉੰਨੇ ਹੀ ਕੈਦੀ ਹੁੰਦੇ ਹਨ। ਕੈਦੀ ਵੱਧ ਘੱਟ ਨਹੀਂ ਸਕਦੇ ਹਨ। ਕਿਤੇ ਇਹ ਨਾ ਹੋਵੇ ਕਿ ਅਸੀਂ ਜਿੱਥੇ ਨਸ਼ੇ ਹੋਰ ਪਾਸਿਓਂ ਛੁਡਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਜਿਸ ਨੂੰ ਜੀਭ ਤੇ ਰੱਖਣ ਵਾਲੀ ਗੋਲੀ ਕਹਿੰਦੇ ਹਨ, ਸਾਡਾ ਨੌਜਵਾਨ ਇਸ ਦਾ ਜੇਲ੍ਹ ਵਿੱਚ ਜਾਂ ਬਾਹਰ ਸਮਾਜ ਵਿੱਚ ਉਸ ਦਾ ਆਦੀ ਤਾਂ ਨਹੀਂ ਹੋ ਰਿਹਾ ਔਰ ਕਿਤੇ ਅਸੀਂ ਲੰਮੇ ਸਮੇਂ ਤੱਕ ਇਸ ਦੇ ਚੱਕਰ ਵਿੱਚ ਪੈ ਜਾਈਏ। ਜੇ ਅਸੀਂ ਪੰਜਾਬ ਸਰਕਾਰ ਦੀ ਪਰਚੇਜ਼ ਦੇਖੀਏ ਤਾਂ ਜਿਹੜੀ ਪੀ.ਐਚ.ਐਸ.ਸੀ. ਰਾਹੀਂ ਖਰੀਦ ਕੀਤੀ ਜਾਂਦੀ ਹੈ ਸਾਲ 2022 ਵਿੱਚ 7 ਕਰੋੜ ਗੋਲੀ ਪਰਚੇਜ਼ ਕੀਤੀ ਗਈ ਸੀ, 2023 ਵਿੱਚ 9 ਕਰੋੜ 44 ਲੱਖ, 2024 ਵਿੱਚ 10 ਕਰੋੜ, 2025 ਵਿੱਚ 11 ਕਰੋੜ, 2026 ਵਿੱਚ ਜੂਨ ਤੱਕ 6 ਕਰੋੜ ਗੋਲੀ ਖਰੀਦੀ ਜਾ ਚੁੱਕੀ ਹੈ। ਇਸ ਕਰਕੇ ਵੈਸੇ ਸਾਡੇ ਸਿਹਤ ਮੰਤਰੀ ਸਾਹਿਬ ਬਹੁਤ conscious ਹਨ, ਬਹੁਤ ਜ਼ੋਰ ਦੇ ਕੇ ਕੰਮ ਕਰ ਰਹੇ ਹਨ। ਇਹ ਜਦੋਂ ਥਾਂ ਥਾਂ ਤੇ ਜਾਂਦੇ ਹਨ ਤਾਂ ਉੱਥੇ ਕੋਸ਼ਿਸ਼ ਕਰਦੇ ਹਨ ਤੇ ਉੱਥੇ ਆਪਣੀਆਂ ਗੱਲ ਦੱਸ ਕੇ ਪ੍ਰਭਾਵਿਤ ਵੀ ਕਰਦੇ ਹਨ ਕਿਉਂਕਿ ਇਹ ਡਾਕਟਰ ਹਨ ਪਰ ਅਸੀਂ ਕਿਉਂਕਿ ਟੈਕਨੀਕਲ ਬੰਦੇ ਨਹੀਂ ਹਾਂ ਪਰ ਸਾਨੂੰ ਇਹ ਮਹਿਸੂਸ ਹੋਇਆ ਕਿ ਇੰਨੇ ਵੱਡੇ ਪੱਧਰ ਤੇ ਗੋਲੀਆਂ ਦੀ ਪਰਚੇਜ਼ ਖਾਸ ਤੌਰ ਤੇ ਜੇਲ੍ਹਾਂ ਵਿੱਚ ਇੰਨੀ ਜ਼ਿਆਦਾ enhancement ਹੋ ਜਾਣੀ, ਕਿਤੇ ਸਾਨੂੰ ਹੋਰ ਕੋਈ ਸੰਕੇਤ ਤਾਂ ਨਹੀਂ ਦੇ ਰਹੀ। ਮੈਂ ਇਸ ਦੇ ਨਾਲ ਹੀ ਆਪਣੀ ਗੱਲ ਖਤਮ ਕਰਦਾ ਹਾਂ ਕਿਉਂਕਿ ਇੰਨਾ ਸਮਾਂ ਨਹੀਂ ਲਗਾਇਆ ਜਾ ਸਕਦਾ ਕਿ ਸਾਰੀ ਰਿਪੋਰਟ ਨੂੰ ਅਸੀਂ ਡਿਸਕਸ ਕਰੀਏ। ਮੈਂ ਇੱਕ ਵਾਰੀ ਫਿਰ ਆਪਣੇ ਸਾਥੀ ਮੈਂਬਰ ਸਾਹਿਬਾਨ ਦਾ ਅਤੇ ਸਟਾਫ ਦਾ ਧੰਨਵਾਦ ਕਰਦਾ ਹਾਂ ਤੇ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇੱਥੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਸਪੀਕਰ ਸਾਹਿਬ, ਮੈਂ ਇੱਕ ਜ਼ਰੂਰੀ ਗੱਲ ਕਹਿਣੀ ਹੈ ਤਾਂ ਕਿ ਪੰਜਾਬ ਵਿੱਚ ਕੋਈ ਗਲਤ ਮੈਸੇਜ ਨਾ ਚਲਾ ਜਾਵੇ। ਸਰ, ਮੈਂ ਪਹਿਲੀ ਗੱਲ ਜੇਲ੍ਹਾਂ ਦੀ ਕਰਦਾ ਹਾਂ ਕਿ ਆਪਾਂ ਅਕਸਰ ਸੁਣਦੇ ਹੁੰਦੇ ਸੀ ਕਿ ਜੇਲ੍ਹਾਂ ਵਿੱਚ ਗੋਲੀਆਂ ਸਮੱਗਲ ਕੀਤੀਆਂ ਜਾ ਰਹੀਆਂ ਹਨ। ਜਦੋਂ ਆਪਾਂ ਡਰੱਗ ਐਡਿਕਟ ਨੂੰ ਉੱਥੇ ਭੇਜਦੇ ਸੀ ਤਾਂ ਉੱਥੇ ਜਾ ਕੇ ਉਸ ਦੀ ਆਟੋਮੈਟਿਕ ਤਾਂ ਡਰੱਗ ਡੀ-ਐਡਿਕਸ਼ਨ ਨਹੀਂ ਹੋ ਸਕਦੀ ਸੀ। ਇਸ ਲਈ ਅਸੀਂ ਉੱਥੇ ਵਾਰਡ ਵੀ ਬਣਾਏ ਹਨ ਤੇ ਅਸੀਂ ਕਿਹਾ ਕਿ ਸਮੱਗਲਿੰਗ ਬੰਦ ਕਰਨ ਵਾਸਤੇ ਉੱਥੇ ਇਹ ਸੁਵਿਧਾ ਦਿੱਤੀ ਹੈ

ਕਿ ਅਸੀਂ ਉੱਥੇ OOAT ਕਲੀਨਿਕ ਖੋਲ੍ਹ ਦਿੱਤੇ ਹਨ। ਇਸ ਲਈ ਕੋਈ ਗਲਤਫਹਿਮੀ ਨਹੀਂ ਹੋਣੀ ਚਾਹੀਦੀ ਹੈ। ਉੱਥੇ ਹੁਣ ਅਸੀਂ ਸਾਇਕੈਟਰਿਸਟ, ਕੌਂਸਲਰ ਵੀ ਦਿੱਤੇ ਹਨ ਤੇ ਸਪੈਸ਼ਲਿਸਟ ਜੇਲ੍ਹ ਦੇ ਅੰਦਰ ਰੱਖ ਕੇ ਸਾਰੀ ਸੁਵਿਧਾ ਦਿੱਤੀ ਹੈ ਤਾਂ ਜੋ ਜਦੋਂ ਉਹ ਕੈਦੀ ਬਾਹਰ ਜਾਵੇ ਤਾਂ ਅਸੀਂ ਉਸ ਦੀ ਡੀ-ਐਡਿਕਸ਼ਨ ਕਰਕੇ ਭੇਜੀਏ। ਇਹ ਉਸ ਦਾ ਕਾਰਨ ਹੈ। ਜਿਹੜੀ ਬਾਹਰ ਵਾਲੀ ਗੱਲ ਹੈ ਕਿ ਗੋਲੀਆਂ ਦੀ ਗਿਣਤੀ ਵੱਧ ਗਈ ਹੈ, ਜਿਹੜੇ ਬੰਦੇ ਇੰਜੈਕਸ਼ਨ ਲਾਉਂਦੇ ਸੀ ਅਸੀਂ ਉਨ੍ਹਾਂ ਨੂੰ ਗੋਲੀਆਂ ਤੇ ਲੈ ਕੇ ਆ ਰਹੇ ਹਾਂ, ਇਸ ਕਰਕੇ ਗੋਲੀਆਂ ਦੀ ਗਿਣਤੀ ਵੱਧ ਰਹੀ ਹੈ। ਤੁਸੀਂ ਦੇਖਦੇ ਸੀ ਕਿ ਬਹੁਤ ਸਾਰੇ ਬੰਦਿਆਂ ਦੀ ਟੀਕੇ ਲਗਾ ਕੇ ਓਵਰਡੋਜ਼ ਨਾਲ ਡੈਥ ਹੁੰਦੀ ਸੀ ਜਾਂ ਜਿਹੜੀਆਂ ਦਵਾਈਆਂ ਹਨ ਜਿਵੇਂ ਘੋੜਿਆਂ ਵਾਲਾ ਕੈਪਸੂਲ ਹੈ, ਉਹ ਇੱਕ ਨਿਊਰੋਪੈਥੀ ਵਾਸਤੇ ਯੂਜ਼ ਹੋਣ ਵਾਲੀ ਮੈਡੀਸਿਨ ਹੈ, ਉਨ੍ਹਾਂ ਦਵਾਈਆਂ ਦਾ ਮਿਸਯੂਜ਼ ਹੁੰਦਾ ਸੀ। ਜਦੋਂ ਅਸੀਂ ਉਹ ਮਿਸਯੂਜ਼ ਬੰਦ ਕੀਤਾ ਅਤੇ ਲੋਕਾਂ ਨੂੰ ਕਿਹਾ ਕਿ ਤੁਸੀਂ ਇਹ ਵਾਲੀ ਗੋਲੀ ਲਓ, ਜਿਸ ਨਾਲ ਬੰਦਾ ਇੱਕ ਵਾਰ ਸਾਡੇ ਸੰਪਰਕ ਵਿੱਚ ਆ ਗਿਆ ਤਾਂ ਜਿਹੜੇ 10 ਹਜ਼ਾਰ ਤੋਂ ਵੱਧ ਬੰਦੇ ਹਨ ਜਿਨ੍ਹਾਂ ਨੇ ਜੇਲ੍ਹ ਵਿੱਚ ਜਾਣਾ ਸੀ, ਅਸੀਂ ਉਨ੍ਹਾਂ ਲਈ ਡੀ-ਐਡਿਕਸ਼ਨ ਸੈਂਟਰ ਦੀ ਕੈਪੇਸਿਟੀ ਵਧਾਈ ਹੈ ਤੇ ਇਹ ਸਾਰੇ measures ਕਰਕੇ ਉਨ੍ਹਾਂ ਸਾਰਿਆਂ ਨੂੰ ਆਪਣੇ ਨੈੱਟਵਰਕ ਵਿੱਚ ਲਿਆਂਦਾ ਹੈ। ਗੋਲੀਆਂ ਵਧਣ ਦਾ ਇਹ ਕਾਰਨ ਹੈ ਅਤੇ ਅਸੀਂ ਗੋਲੀਆਂ ਪ੍ਰੋਵਾਈਡ ਕਰ ਰਹੇ ਹਾਂ। ਅਸੀਂ ਡੀ-ਐਡਿਕਸ਼ਨ ਕਰ ਰਹੇ ਹਾਂ, ਸਪੋਰਟਸ ਦਾ ਇਨਫਰਸਟਰੱਕਚਰ ਦੇ ਰਹੇ ਹਾਂ, ਸਕਿੱਲ ਡਿਵੈਲਪਮੈਂਟ ਕਰ ਰਹੇ ਹਾਂ, comprehensive strategy ਹੈ ਤੇ ਉਹ ਅਸੀਂ ਜੇਲ੍ਹਾਂ ਵਿੱਚ ਵੀ ਦੇ ਰਹੇ ਹਾਂ, ਇਸ ਕਰਕੇ ਗੋਲੀਆਂ ਦੀ ਪਰਚੇਜ਼ ਵੱਧ ਰਹੀ ਹੈ।

---------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ**: ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰ: 4 ਅਧੀਨ ਦਰਸਾਏ ਗਈ ਲੜੀ ਨੰ: 1 ਤੋਂ 6 ਤੱਕ ਦੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:

1. ਸਾਲ 2023-24 ਲਈ ਬਠਿੰਡਾ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।
2. ਸਾਲ 2021-22 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

3. ਸਾਲ 2019-20 ਲਈ ਪੰਜਾਬ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲਾਨਿੰਗ ਅਥਾਰਟੀ (ਪੰਜਾਬ ਕੈਂਪਾ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਐਕਟ, 2016 ਦੀ ਧਾਰਾ 29 ਅਧੀਨ ਲੋੜੀਂਦਾ ਹੈ।
4. ਸਾਲ 2020-21 ਲਈ ਪੰਜਾਬ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲਾਨਿੰਗ ਅਥਾਰਟੀ (ਪੰਜਾਬ ਕੈਂਪਾ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਐਕਟ, 2016 ਦੀ ਧਾਰਾ 29 ਅਧੀਨ ਲੋੜੀਂਦਾ ਹੈ।
5. ਸਾਲ 2021-22 ਲਈ ਪੰਜਾਬ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲਾਨਿੰਗ ਅਥਾਰਟੀ (ਪੰਜਾਬ ਕੈਂਪਾ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਐਕਟ, 2016 ਦੀ ਧਾਰਾ 29 ਅਧੀਨ ਲੋੜੀਂਦਾ ਹੈ।
6. ਸਾਲ 2022-23 ਲਈ ਪੰਜਾਬ ਕੰਪਨਸੇਟਰੀ ਐਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲਾਨਿੰਗ ਅਥਾਰਟੀ (ਪੰਜਾਬ ਕੈਂਪਾ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨਸੇਟੀ ਐਫੋਰੈਸਟੇਸ਼ਨ ਫੰਡ ਐਕਟ, 2016 ਦੀ ਧਾਰਾ 29 ਅਧੀਨ ਲੋੜੀਂਦਾ ਹੈ।

-------

**1) NON OFFICIAL RESOLUTION REGARDING INTRODUCTION OF A COMPREHENSIVE CURRICULUM FOR FOR HOLISTIC STUDENT DEVELOPMENT, STUDENT WELFARE AND FUTURE READINESS**

**ਮਾਣਯੋਗ ਸਪੀਕਰ:** ਅਗਲੀ ਆਈਟਮ। ਮਤੇ। ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਜਵਾਨੀ ਦੀ ਰੱਖਿਆ, ਨਸ਼ਿਆਂ ਤੋਂ ਦੂਰ ਰਹਿਣ, ਆਪਣੇ ਰੁਜ਼ਗਾਰ ਪੈਦਾ ਕਰਨ ਅਤੇ ਜੀਵਨ-ਜਾਚ ਸਿਖਾਉਣ ਲਈ ਵਿਸ਼ੇਸ਼ ਸਿਲੈਬਸ ਤਿਆਰ ਕੀਤਾ ਜਾਵੇ ਅਤੇ ਇਸ ਦੇ ਨਾਲ ਨਾਲ ਵਿਦਵਾਨਾਂ, ਸਮਾਜ ਸੇਵਕਾਂ ਅਤੇ ਸਨਅਤਕਾਰਾਂ ਦੇ ਲੈਕਚਰਾਂ ਤੋਂ ਵਿਸ਼ੇਸ਼ ਗਿਆਨ ਦਾ ਲਾਭ ਲੈਂਦੇ ਹੋਏ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ।"

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਜਵਾਨੀ ਦੀ ਰੱਖਿਆ, ਨਸ਼ਿਆਂ ਤੋਂ ਦੂਰ ਰਹਿਣ, ਆਪਣੇ ਰੁਜ਼ਗਾਰ ਪੈਦਾ ਕਰਨ ਅਤੇ ਜੀਵਨ-ਜਾਚ ਸਿਖਾਉਣ ਲਈ ਵਿਸ਼ੇਸ਼ ਸਿਲੈਬਸ ਤਿਆਰ ਕੀਤਾ ਜਾਵੇ ਅਤੇ ਇਸ ਦੇ ਨਾਲ ਨਾਲ ਵਿਦਵਾਨਾਂ, ਸਮਾਜ ਸੇਵਕਾਂ ਅਤੇ ਸਨਅਤਕਾਰਾਂ ਦੇ ਲੈਕਚਰਾਂ ਤੋਂ ਵਿਸ਼ੇਸ਼ ਗਿਆਨ ਦਾ ਲਾਭ ਲੈਂਦੇ ਹੋਏ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ।"

(ਬਹਿਸ)

**1220/Sukhpiar Singh**

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ):** ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਜੀ ਅਤੇ ਸਿੱਖਿਆ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੇ ਯਤਨਾਂ ਸਦਕਾ ਸਾਡਾ ਪੰਜਾਬ ਦਾ ਪੂਰੇ ਭਾਰਤ ਵਿੱਚ ਨਾਮ ਉੱਚਾ ਹੋਇਆ ਹੈ, ਅਸੀਂ ਨੰਬਰ ਵੰਨ ਤੇ ਆਏ ਹਾਂ ਕਿਉਂਕਿ ਪੰਜਾਬ ਸਟੇਟ ਬਹੁਤ ਖੇਤਰਾਂ ਵਿੱਚ ਹੋਰ ਇੰਡੀਆ ਨਾਲੋਂ ਐਡਵਾਂਸ ਹੁੰਦੀ ਹੈ। ਇਸ ਕਰਕੇ ਅਸੀਂ ਹੁਣ ਵੀ ਕਹਿੰਦੇ ਹਾਂ ਕਿ ਅਸੀਂ ਪਾਇਲਟ ਬਣ ਕੇ ਰਹੀਏ। ਅਸੀਂ ਅੱਗੇ ਜਾਈਏ, ਇਸ ਤੋਂ ਅੱਗੇ ਅਸੀਂ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਕਿਵੇਂ ਮੁਕਾਬਲੇ ਦਾ ਬਣਾਉਣਾ ਹੈ, ਕਿਵੇਂ ਦੁਨੀਆਂ ਦੇ ਨਾਲ ਮੁਕਾਬਲਾ ਕਰਨਾ ਹੈ, ਇਸ ਕਰਕੇ ਅਸੀਂ ਬੱਚਿਆਂ ਦੇ ਭਵਿੱਖ ਦੀਆਂ ਯੋਜਨਾਵਾਂ, ਬੱਚਿਆਂ ਦੇ ਮਨ ਨੂੰ ਸਟਰੌਂਗ ਕਰਨਾ, ਉਸ ਤਰ੍ਹਾਂ ਦੇ ਸਿਲੇਬਸਾਂ ਦੇ ਉੱਤੇ ਹੋਰ ਜ਼ੋਰ ਦੇਣ ਦੀ ਲੋੜ ਹੈ। ਕਈ ਗੱਲਾਂ ਕਿਤਾਬੀ ਹੁੰਦੀਆਂ ਹਨ ਅਤੇ ਕਈ ਪਿੰਡੇ ਤੇ ਹੰਢਾਈਆਂ ਹੁੰਦੀਆਂ ਹਨ। ਮੇਰੇ ਆਪਣੇ ਜੀਵਨ ਵਿੱਚ ਬੇਅੰਤ ਹੀ ਫਿਲਾਸਫੀਆਂ, ਬਹੁਤ ਜ਼ਿਆਦਾ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਲਈ ਮੇਰੇ ਹੱਥੀਂ ਕਾਰਜ ਹੋਏ ਹਨ। ਮੈਂ ਇਸੇ ਵਿੰਗੇ ਟੇਢੇ ਰਸਤੇ ਰਾਹੀਂ ਆਪਣੇ ਜੀਵਨ ਵਿੱਚ ਇੱਕ ਰਸਤਾ ਤੈਅ ਕੀਤਾ। ਸਭ ਤੋਂ ਪਹਿਲਾਂ ਅਸੀਂ ਕਿਸੇ ਗੱਲ ਵਿੱਚ ਬੱਚਿਆਂ ਨੂੰ ਦੋਸ਼ ਦੇਣਾ ਜਲਦੀ ਸਿਖਾ ਦਿੰਦੇ ਹਾਂ, ਸਾਡੇ ਬੱਚੇ ਪੜ੍ਹ ਕੇ ਮਾਂ-ਪਿਓ ਅਤੇ ਟੀਚਰਾਂ ਦਾ ਬੜੀ ਜਲਦੀ ਯੋਗਦਾਨ ਭੁੱਲ ਜਾਂਦੇ ਹਨ ਅਤੇ ਉਹ ਕਹਿ ਦਿੰਦੇ ਹਨ ਕਿ ਮੈਨੂੰ ਇਹ ਨਹੀਂ ਦਿੱਤਾ ਅਤੇ ਮੈਨੂੰ ਇਹ ਨਹੀਂ ਬਣਾਇਆ। ਸਾਡੀ ਸਿੱਖਿਆ ਪ੍ਰਣਾਲੀ ਵਿੱਚ ਬੱਚਿਆਂ ਨੂੰ ਹਾਂ-ਪੱਖੀ ਸੋਚ ਬਣਾਉਣ ਲਈ ਸਾਨੂੰ ਵਿਸ਼ੇਸ਼ ਤੌਰ ਤੇ ਕਈ ਯਤਨ ਕਰਨੇ ਚਾਹੀਦੇ ਹਨ। ਮੈਂ ਜੇ ਆਪਣੇ ਦੋਸ਼ ਦੇਣੇ ਹੋਣ ਅਤੇ ਔਗੁਣ ਗਿਣਨੇ ਹੋਣ, ਮੈਨੂੰ ਨਾ-ਖੁਆਰੀ ਜੀਵਨ ਵਿੱਚ ਝੱਲਣੀਆਂ ਪਈਆਂ ਹੋਣ, ਮੈਂ ਅੱਜ ਤੱਕ ਉਨ੍ਹਾਂ ਦਾ ਕਿਸੇ ਤੇ ਦੋਸ਼ ਨਹੀਂ ਦਿੱਤਾ। ਪ੍ਰਾਇਮਰੀ ਸਕੂਲ ਵਿੱਚ ਮੈਨੂੰ ਕਿਸੇ ਨੇ ਨਹੀਂ ਪੜ੍ਹਾਇਆ, ਉਸ ਸਮੇਂ ਸਾਡਾ ਅਧਿਆਪਕ ਸ਼ਰਾਬ ਦੀ ਲਤ ਦਾ ਮਾਰਿਆ ਹੋਇਆ ਸੀ। ਅਸੀਂ ਕੋਈ ਵੀ ਅਲਫਾਬੈਟਿਕਲੀ, ਅਸੀਂ ਸਵਰ-ਬੋਧ ਵੀ ਪੰਜਾਬੀ ਦੀ ਨਹੀਂ ਸਿੱਖੀ ਜਿਸ ਦੇ ਕਾਰਨ ਮੇਰੀ ਅੰਗਰੇਜ਼ੀ, ਪੰਜਾਬੀ, ਹਿੰਦੀ, ਮੈਥ ਅਤੇ ਸਾਇੰਸ, ਸਾਰੇ ਸਬਜੈਕਟ ਕਮਜ਼ੋਰ ਹੀ ਰਹੇ ਪਰ ਸਮਾਂ ਕਿਤੇ ਖਲੋਣ ਦਾ ਨਹੀਂ ਹੁੰਦਾ। ਜ਼ਿੰਦਗੀ ਵਿੱਚ ਮੌਕੇ ਮਿਲਦੇ ਹਨ। ਸਾਡੇ ਬੱਚਿਆਂ ਨੂੰ ਇਹ ਸਿਖਾਉਣਾ ਪਵੇਗਾ, ਇੱਕ ਜੀਵਨ ਤੋਂ ਨਹੀਂ, ਬਹੁਤ ਜੀਵਨਾਂ ਤੋਂ ਸਿਖਾਉਣਾ ਪਵੇਗਾ ਕਿ ਮੇਰੀ ਜ਼ਿੰਦਗੀ ਵਿੱਚ ਬੜੀਆਂ ਤਬਦੀਲੀਆਂ ਆਈਆਂ। ਮੈਂ ਉਸ ਸਮੇਂ ਬਹੁਤ ਹੀ ਧੰਨਵਾਦੀ ਹਾਂ, ਮੇਰਾ ਗੁਆਂਢੀਆਂ ਦਾ

ਮੁੰਡਾ, ਇੱਕ ਟੇਬਲ ਲੈਂਪ ਤੇ ਪੜ੍ਹ ਰਿਹਾ ਸੀ। ਮੇਰੀ ਨਿਗ੍ਹਾ ਕਮਜ਼ੋਰ ਹੋਣ ਕਰਕੇ ਮੈਂ ਬਹੁਤ ਸਾਰੇ ਅੱਖਰ ਬੋਰਡ ਤੇ ਪੜ੍ਹ ਨਹੀਂ ਸਕਦਾ ਸੀ। ਜਦੋਂ ਮੈਨੂੰ ਟੇਬਲ ਲੈਂਪ ਨਸੀਬ ਹੋਇਆ, ਮੇਰੀ ਜ਼ਿੰਦਗੀ ਵਿੱਚ ਕ੍ਰਾਂਤੀ ਆਈ। ਸਾਨੂੰ ਬੱਚਿਆਂ ਨੂੰ ਸਿਖਾਉਣਾ ਪੈਣਾ ਕਿ ਕਮਜ਼ੋਰੀ ਕਿਸੇ ਵੀ ਥਾਂ ਤੇ ਜਾ ਕੇ ਕੱਢੀ ਜਾ ਸਕਦੀ ਹੈ, ਇਸ ਲਈ ਕੋਈ ਉਮਰ ਨਹੀਂ ਹੁੰਦੀ। ਇਸ ਵਿੱਚ ਪਿਛਲੀਆਂ ਕਮਜ਼ੋਰੀਆਂ ਨੂੰ ਗਾਉਣਾ ਅਤੇ ਕਮਜ਼ੋਰੀਆਂ ਨੂੰ ਦੋਸ਼ ਦੇਣਾ, ਕਿਸੇ ਮਾਂ-ਬਾਪ ਨੂੰ ਦੋਸ਼ ਦੇਣਾ ਕਿਉਂਕਿ ਮੇਰੇ ਮਾਤਾ ਪਿਤਾ ਅਨਪੜ੍ਹ ਸਨ। ਮੇਰੇ ਪਿਤਾ ਨੂੰ ਵੀ ਸ਼ਰਾਬ ਦੀ ਲਤ ਲੱਗੀ ਹੋਈ ਸੀ ਪਰ ਅਸੀਂ ਕਦੇ ਦੋਸ਼ ਨਹੀਂ ਦਿੱਤਾ। ਸਾਡੇ ਬੱਚਿਆਂ ਨੂੰ ਸਿਖਾਉਣਾ ਪੈਣਾ ਹੈ ਕਿ ਤੁਸੀਂ ਅੱਗੇ ਵਧਣਾ ਹੈ, ਸਾਡਾ ਸਕੂਲ, ਸਾਡਾ ਸਿਲੇਬਸ, ਸਾਡੇ ਬੱਚਿਆਂ ਨੂੰ ਸਮੇਂ ਦੇ ਹਾਣ ਦੇ ਬਣਾਉਣ ਲਈ ਮੈਂ ਜਿਹੜੀ ਟੇਬਲ-ਲੈਂਪ ਦੀ ਗੱਲ ਕਹਿਣ ਲੱਗਿਆ ਸੀ। ਮਾਣਯੋਗ ਸਪੀਕਰ ਸਾਹਿਬ, ਜੇ ਮੈਂ ਤੁਹਾਨੂੰ ਦਸਾਂ ਕਿ ਜੇ ਅੱਜ ਤੁਹਾਡੇ ਸਾਹਮਣੇ ਜਸਵੰਤ ਸਿੰਘ ਗੱਜਣਮਾਜਰਾ ਖੜ੍ਹਾ ਹੈ ਤਾਂ ਇਹ ਟੇਬਲ ਲੈਂਪ ਦੀ ਬਦੌਲਤ ਖੜ੍ਹਾ ਹੈ। 9ਵੀਂ ਕਲਾਸ ਵਿੱਚ ਮੈਨੂੰ ਟੇਬਲ ਲੈਂਪ ਮਿਲਿਆ, ਉਸ ਤੋਂ ਪਹਿਲਾਂ ਮੈਂ ਫੇਲ੍ਹ ਵੀ ਹੋਇਆ ਹਾਂ। ਉਹ ਟੇਬਲ ਲੈਂਪ ਨੇ ਐਸੀ ਭਗਤੀ ਕਰਨ ਦੀ ਰੀਝ ਮਨ ਵਿੱਚ ਪੈਦਾ ਕੀਤੀ ਕਿ ਵੱਡੀਆਂ ਬਿਲਡਿੰਗਾਂ, ਬੜੀ ਅਮੀਰੀ ਅਤੇ ਬੜੇ ਪੜ੍ਹੇ ਲਿਖੇ ਮਾਪੇ, ਇਉਂ ਨਹੀਂ ਹੁੰਦਾ ਕਿ ਹੋਣ ਜਾਂ ਨਾ ਹੋਣ, ਮੈਨੂੰ ਮਾਂ-ਪਿਓ ਨੇ ਇਹ ਨਹੀਂ ਦਿੱਤਾ ਜਾਂ ਉਹ ਨਹੀਂ ਦਿੱਤਾ। ਇੱਕ ਟਾਟ ਵਿਛਾ ਕੇ ਅਸੀਂ ਤਿੰਨ ਭੈਣ-ਭਰਾ ਪੜ੍ਹਦੇ ਹੁੰਦੇ ਸੀ, ਮੈਂ ਕਦੇ ਬੈੱਡ ਤੇ ਅਤੇ ਉੱਪਰਲੀ ਲਾਈਟ ਤੋਂ ਨਹੀਂ ਪੜ੍ਹਿਆ। ਜਦੋਂ ਅਸੀਂ ਪੜ੍ਹਨਾ ਤਾਂ ਮੈਂ 9ਵੀਂ ਅਤੇ 10ਵੀਂ ਵਿੱਚ ਫਿਲਾਸਫੀ ਦੀਆਂ ਕਿਤਾਬਾਂ ਪੜ੍ਹਨ ਲੱਗ ਗਿਆ ਸੀ। ਮਾਣਯੋਗ ਸਪੀਕਰ ਸਾਹਿਬ, ਆਪਣੇ ਬੱਚਿਆਂ ਨੂੰ ਲਿਟਰੇਰੀ ਬਣਾਉਣਾ ਪਵੇਗਾ, ਸਾਨੂੰ ਬੱਚਿਆਂ ਦੀ ਸੋਚ ਉੱਚੀ ਚੁੱਕਣੀ ਪਵੇਗੀ। ਅੱਜ ਏ.ਆਈ. ਦਾ ਜ਼ਮਾਨਾ ਹੈ ਅਤੇ ਮੋਬਾਈਲ ਦੀ ਸਾਡੇ ਜੀਵਨ ਨੂੰ ਐਸੀ ਲਤ ਲੱਗ ਰਹੀ ਹੈ ਕਿ ਅਸੀਂ ਇਸ ਦੋਸ਼ ਵਿੱਚੋਂ ਵੀ ਬੱਚਿਆਂ ਨੂੰ ਬਾਹਰ ਕੱਢਣਾ ਹੈ।

**1225/Manika Rani**

ਸਪੀਕਰ ਸਾਹਿਬ, ਮੈਂ ਰਾਤ ਦੇ 10-11 ਵਜੇ ਤੱਕ ਬੈਠ ਕੇ ਪੜ੍ਹਦਾ ਸੀ। ਤੁਸੀਂ ਸਾਰੇ ਹੈਰਾਨ ਹੋਵੋਗੇ ਕਿ ਮੈਂ ਜਦੋਂ ਨੌਵੀਂ-ਦਸਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਉਸ ਸਮੇਂ ਬਾਈਬਲ, ਕੁਰਾਨ ਸ਼ਰੀਫ, ਸ੍ਰੀਮਦ ਭਗਵਤ ਗੀਤਾ, ਉਪਨਿਸ਼ਦ ਅਤੇ ਹੋਰ ਧਾਰਮਿਕ ਗਰੰਥ ਪੜ੍ਹ ਲਏ ਸਨ। ਸਪੀਕਰ ਸਾਹਿਬ, ਮੈਂ ਬਹੁਤ ਸਾਰੀਆਂ ਜੀਵਨੀਆਂ ਅਤੇ ਕਿਤਾਬਾਂ ਪੜ੍ਹ ਲਈਆਂ ਸਨ। ਮੈਂ ਬਾਰ੍ਹਵੀਂ ਜਮਾਤ ਤੱਕ 70-75 ਆਟੋ-ਬਾਇਉਗ੍ਰਾਫੀਆਂ ਪੜ੍ਹ ਲਈਆਂ ਸਨ, ਜਿੰਨਾ ਚਿਰ ਅਸੀਂ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਂਕ ਪੈਦਾ ਨਹੀਂ ਕਰਾਂਗੇ ਤਾਂ ਸਾਡੇ ਬੱਚਿਆਂ ਵਿੱਚ ਕਿਤਾਬੀ ਅਤੇ ਰੱਟਾ ਮਾਰਨ ਦੀ ਐਜੂਕੇਸ਼ਨ ਸਾਨੂੰ ਸਾਡੇ ਅਗਲੇ ਯੁੱਗ ਵਿੱਚ ਪ੍ਰਵੇਸ਼ ਨਹੀਂ ਕਰਨ ਦੇਵੇਗੀ। ਸਪੀਕਰ ਸਾਹਿਬ, ਮੈਂ ਉਸ ਗੱਲ ਤੋਂ ਮਨ ਸਟਰੌਂਗ ਕਰਨਾ, ਨਸ਼ਿਆਂ ਤੋਂ ਦੂਰ ਰਹਿਣਾ, ਆਪਣੇ ਰੁਜ਼ਗਾਰ ਦੇ ਸਾਧਨ ਪੈਦਾ ਕਰਨੇ, ਜੀਵਨ-ਜਾਚ ਸਿੱਖਣਾ ਆਦਿ ਸਭ ਕੁਝ ਹਾਸਲ ਕੀਤਾ। ਸਭ ਤੋਂ ਪਹਿਲਾਂ ਜਦੋਂ ਵੀ ਮੈਂ ਕਦੇ ਸਕੂਲਾਂ ਵਿੱਚ ਜਾਂਦਾ ਹਾਂ ਤਾਂ ਬੱਚਿਆਂ ਨੂੰ ਪੁੱਛਦਾ ਹਾਂ ਕਿ ਤੂੰ ਰਾਤ ਨੂੰ ਪੜ੍ਹਦਾ ਹੈ। ਅਕਸਰ ਬੱਚੇ ਕਹਿੰਦੇ ਹਨ ਕਿ ਨਹੀਂ। ਮਾਣਯੋਗ ਸਪੀਕਰ, ਤੁਹਾਡੇ ਘਰ ਵੀ ਗੱਲ ਬੇਟੇ ਨਾਲ ਹੋਈ ਸੀ ਪਰੰਤੂ ਮੈਨੂੰ ਬੁਰਾ ਨਹੀਂ ਲੱਗਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬੱਚਾ ਰਾਤ ਨੂੰ ਪੜ੍ਹੇ ਬਿਨਾਂ ਅੱਗੇ ਨਹੀਂ ਵੱਧ ਸਕਦਾ ਹੈ ਕਿਉਂਕਿ ਜਦੋਂ ਬੱਚਾ ਰਾਤ ਨੂੰ ਪੜ੍ਹ ਬੈਠਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਵਿੱਚ ਕੀ ਪੈਦਾ ਹੁੰਦਾ ਹੈ, ਉਸ ਵਿੱਚ ਸਭ ਤੋਂ ਪਹਿਲਾਂ ਸਮਾਧੀ ਕ੍ਰਿਆ ਪੈਦਾ ਹੁੰਦੀ

ਹੈ। ਫਿਰ ਉਸ ਵਿੱਚ ਦ੍ਰਿਸ਼ਟੀ ਪੈਦਾ ਹੁੰਦੀ ਹੈ, ਫਿਰ ਉਸ ਵਿੱਚ ਉਹ ਸਾਧਨਾ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਬੱਚਾ ਆਪਣੀ ਨੀਂਦ ਤਿਆਗਦਾ ਹੈ, ਭੁੱਖ ਤਿਆਗਦਾ ਹੈ, ਉਸ ਵਿੱਚ ਇੱਕ ਤਿਆਗ ਦੀ ਭਾਵਨਾ ਪੈਦਾ ਹੁੰਦੀ ਹੈ, ਜਿਸ ਨਾਲ 'ਮਨਿ ਜੀਤੈ ਜਗੁ ਜੀਤੁ।।' ਮਨ ਉੱਤੇ ਕੰਟਰੋਲ ਕਰਨਾ ਆ ਜਾਂਦਾ ਹੈ। ਇਹ ਮੇਰਾ ਨਿੱਜੀ ਤਜਰਬਾ ਹੈ ਕਿਉਂਕਿ ਦੁਨੀਆ ਵਿੱਚ ਕੋਈ ਵੀ ਤਾਕਤ ਮੈਨੂੰ ਆਪਣੇ ਵੱਲ ਨਹੀਂ ਖਿੱਚ ਸਕੀ। ਸਪੀਕਰ ਸਾਹਿਬ, ਉਸ ਸਮੇਂ ਦੀ ਐਜੂਕੇਸ਼ਨ ਨੇ ਮੈਨੂੰ ਕਿਸੇ ਦਾ ਗੁਲਾਮ ਨਹੀਂ ਬਣਾਇਆ। ਸੋ, ਬੱਚਿਆਂ ਨੂੰ ਜੀਵਨ ਵਿੱਚ ਆਜ਼ਾਦ ਸੋਚ ਦੇ ਬਣਾਉਣਾ ਚਾਹੀਦਾ ਹੈ, ਉਨ੍ਹਾਂ ਨੂੰ ਪਿਛਲੱਗੂ, ਵਜ਼ਨ ਢੋਣ ਵਾਲੇ ਨਹੀਂ ਬਣਾਉਣਾ ਚਾਹੀਦਾ ਹੈ। ਬੱਚਿਆਂ ਵਿੱਚ ਇਹ ਸੋਚ ਪੈਦਾ ਕਰਨੀ ਹੋਵੇਗੀ ਕਿ ਸਾਡੇ ਸਕੂਲ ਦੇ ਵਿਦਿਆਰਥੀ ਆਪਣੇ ਫੈਸਲੇ ਲੈਣ ਲਈ ਖੁਦ-ਮੁਖਤਿਆਰ ਹੋਣ। ਮਾਣਯੋਗ ਸਪੀਕਰ ਸਾਹਿਬ, ਸਾਡੇ ਬਹੁਤ ਬੱਚੇ ਗਰੀਬੀ ਅਤੇ ਸਾਧਨਾਂ ਦੀ ਕਮੀ ਦਾ ਰੌਲਾ ਵੀ ਰੌਂਦੇ ਹਨ। ਜੇਕਰ ਮੈਂ ਆਪਣੇ ਸਾਧਨਾਂ ਦੀ ਗੱਲ ਕਰਾਂ ਤਾਂ ਮੈਂ ਆਪਣੇ ਸਾਧਨਾਂ ਵਿੱਚ ਦੱਸਣਾ ਚਾਹਾਂਗਾ ਕਿ ਮੈਂ ਐਜੂਕੇਸ਼ਨ ਦੇ ਵੀਕ ਤੋਂ ਇਲਾਵਾ ਉਸ ਸਮੇਂ 1991-92 ਵਿੱਚ ਯੂਨੀਵਰਸਿਟੀ ਵਿਖੇ ਗਿਆ। ਮਹਿੰਦਰਾ ਕਾਲਜ ਵਿਖੇ ਐਮ.ਏ. ਕੀਤੀ ਔਰ ਸਪੀਕਰ ਸਾਹਿਬ, ਹਿਸਟਰੀ ਅਤੇ ਜਿਉਗ੍ਰਾਫੀ ਮੇਰਾ ਮਨ-ਪਸੰਦੀਦਾ ਸਬਜੈਕਟ ਸੀ ਅਤੇ ਮੈਂ ਇਸ ਨੂੰ ਬੜੀ ਰੀਝ ਨਾਲ ਪੜ੍ਹਦਾ ਹੁੰਦਾ ਸੀ ਅਤੇ ਇਸ ਇੱਕ ਸਬਜੈਕਟ ਦੇ ਰੌਲੇ ਨੇ ਮੈਨੂੰ ਇੱਥੇ ਤੱਕ ਲੈ ਕੇ ਆਉਂਦਾ ਹੈ। ਜਦੋਂ ਮੈਂ ਕਾਲਜ ਵਿੱਚ ਗਿਆ ਸੀ ਤਾਂ ਉਸ ਸਮੇਂ ਆਪਣੇ ਮਨ-ਪਸੰਦੀਦਾ ਸਬਜੈਕਟ ਵਿੱਚੋਂ ਫਸਟ ਆਉਂਦਾ ਸੀ ਅਤੇ ਦੂਜਿਆਂ ਦੀ ਕੋਈ ਵੈਲਿਊ ਨਹੀਂ ਸੀ। ਮੈਨੂੰ ਲੇਖਕ ਬਣਾਉਣ ਵਿੱਚ ਵੀ ਮੇਰੇ ਅਧਿਆਪਕ ਜਿਨ੍ਹਾਂ ਨੇ ਮੈਨੂੰ ਉਸ ਸਮੇਂ ਮੁੱਢਲਾ ਗਿਆਨ ਨਹੀਂ ਦਿੱਤਾ ਸੀ ਪਰੰਤੂ ਉਨ੍ਹਾਂ ਨੇ ਮੈਨੂੰ ਕ੍ਰਿਏਟਿਵ ਜ਼ਰੂਰ ਬਣਾ ਦਿੱਤਾ ਸੀ। ਸਪੀਕਰ ਸਾਹਿਬ, ਮੈਂ ਕਿਤਾਬਾਂ ਲਿਖਣ ਲੱਗ ਗਿਆ ਸੀ ਅਤੇ ਮੈਨੂੰ ਹੋਰ ਵੀ ਬਹੁਤ ਸੋਝੀ ਮਿਲੀ ਸੀ। ਸਪੀਕਰ ਸਾਹਿਬ, ਪਰ ਮੈਂ ਕਦੇ ਦੋਸ਼ ਨਹੀਂ ਦਿੱਤਾ ਸੀ। ਇਹ ਸਾਨੂੰ ਬੱਚਿਆਂ ਨੂੰ ਦੱਸਣਾ ਪੈਣਾ ਹੈ ਕਿ ਸਾਨੂੰ ਪਰਮਾਤਮਾ ਨੇ ਕਿੰਨਾ ਕੀਮਤੀ ਬਣਾਇਆ ਹੈ। ਇੱਕ ਬੰਦਾ ਮੇਰੇ ਸਾਹਮਣੇ ਬੈਠਾ ਗੱਲ ਕਰ ਰਿਹਾ ਸੀ ਕਿ ਮੈਂ ਤਾਂ ਬਹੁਤ ਗਰੀਬ ਹਾਂ ਅਤੇ ਮੈਂ ਉਸ ਨੂੰ ਕਿਹਾ ਕਿ ਤੂੰ ਤਾਂ ਮੈਨੂੰ ਬਹੁਤ ਅਮੀਰ ਲੱਗਦਾ ਹੈਂ। ਉਹ ਕਹਿੰਦਾ ਟਿੱਚਰਾਂ ਕਿਉਂ ਕਰਦੇ ਹੋ। ਮੈਂ ਕਿਹਾ ਬਿਲਕੁਲ ਨਹੀਂ। ਮੈਨੂੰ ਕਹਿੰਦਾ ਅਮੀਰ ਕਿਵੇਂ ਹਾਂ। ਮੈਂ ਕਿਹਾ ਦੱਸਾਂ ਤੂੰ ਅਮੀਰ ਕਿਵੇਂ ਹੈ। ਮੈਂ ਕਿਹਾ ਕਿ ਤੇਰੀ ਇੱਕ ਅੱਖ ਕਿੰਨੇ ਦੀ ਹੈ, ਦੂਜੀ ਅੱਖ ਕਿੰਨੇ ਦੀ ਹੈ, ਗੁਰਦੇ ਕਿੰਨੇ ਦੇ ਹਨ ਅਤੇ ਦਿਲ ਕਿੰਨੇ ਦਾ ਹੈ। ਮੈਂ ਕਿਹਾ ਰਿਪੇਅਰ ਵੀ ਨਹੀਂ ਹੁੰਦੀ। ਉਹ ਕਹਿੰਦਾ ਇਹ ਤਾਂ ਮੈਂ ਕਦੇ ਸੋਚਿਆ ਹੀ ਨਹੀਂ ਸੀ। ਮੈਂ ਕਿਹਾ ਭਰਾਵਾਂ ਜਦੋਂ ਰੱਬ ਨੇ ਤੁਹਾਨੂੰ ਇੰਨਾ ਅਮੀਰ ਬਣਾਇਆ ਹੈ ਔਰ ਇਹ ਤੁਹਾਡੇ ਸਾਧਨ ਹਨ। ਸਾਧਨ ਦੀ ਕੋਈ ਕੀਮਤ ਨਹੀਂ ਹੁੰਦੀ ਹੈ ਕਿਉਂਕਿ ਬੰਦਾ ਦੁਨੀਆ ਵਿੱਚ ਸਾਧਨ ਪੈਦਾ ਕਰ ਸਕਦਾ ਹੈ। ਮੈਂ ਹਜ਼ਾਰਾਂ ਉਦਾਹਰਨਾਂ ਦੇਖੀਆਂ ਹਨ। ਜੇਕਰ ਕਿਸੇ ਨੇ ਗਰੀਬੀ ਦੀ ਤੁਲਨਾ ਕਰਨੀ ਹੋਵੇ ਤਾਂ 'ਪੰਗਡੰਡੀਆਂ, ਬੀਬੀ ਬਚਿੰਤ ਕੌਰ' ਜੋ ਕਿ ਬੜੀ ਤਕੜੀ ਲੇਖਕ ਹੈ, ਉਸ ਦਾ ਨਾਵਲ ਪੜ੍ਹੋ। ਮੈਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਜੇਕਰ ਤੁਸੀਂ ਸਿੱਖਿਆ ਲੈਣੀ ਹੈ ਤਾਂ ਇਹ ਨਾਵਲ ਪੜ੍ਹ ਕੇ ਵੇਖੋ। ਇੱਕੋ ਸਕੂਲ ਵਿੱਚ ਮਾਵਾਂ-ਧੀਆਂ ਪੜ੍ਹਦੀਆਂ ਸਨ, ਅੱਜ ਉਹ ਰਿਟਾਇਰ ਹੋ ਗਏ ਹੋਣਗੇ। ਉਨ੍ਹਾਂ ਦਾ ਧੰਨਵਾਦ ਹੈ ਕਿ ਇੰਨੀਆਂ ਸੋਹਣੀਆਂ ਕਿਤਾਬਾਂ ਲਿਖੀਆਂ। ਦੂਜਾ, ਯੂਥ, ਓਮ ਪ੍ਰਕਾਸ਼ ਬਾਲਮਿਕੀ। ਜੇਕਰ ਕਿਸੇ ਨੇ ਧੱਕੇਸ਼ਾਹੀ ਕਿਵੇਂ ਹੁੰਦੀ ਹੈ ਤਾਂ 'ਯੂਥ' ਕਿਤਾਬ ਪੜ੍ਹ ਲਈ ਜਾਵੇ। ਕਿਤਾਬਾਂ ਸਾਡੇ ਬੱਚਿਆਂ ਨੂੰ ਪੜ੍ਹਨੀਆਂ ਪੈਣੀਆਂ ਹਨ, ਇਹ ਸਾਨੂੰ ਸਿਖਾਉਣਾ ਪੈਣਾ ਹੈ। ਮੈਂ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਕੂਲਾਂ ਅਤੇ

ਪਿੰਡਾਂ ਵਿੱਚ ਲਾਇਬਰੇਰੀਆਂ ਬਣਾਈਆਂ ਅਤੇ ਉਥੇ ਬਹੁਤ ਹੀ ਸ਼ਾਨਦਾਰ ਕਿਤਾਬਾਂ ਦਿੱਤੀਆਂ ਹਨ। ਸਪੀਕਰ ਸਾਹਿਬ, ਇੰਨੀਆਂ ਸ਼ਾਨਦਾਰ ਕਿਤਾਬਾਂ ਹਨ ਕਿ ਜੀਅ ਕਰਦਾ ਹੈ ਕਿ ਉਸ ਲਾਇਬ੍ਰੇਰੀ ਤੋਂ 24 ਘੰਟੇ ਉਠਿਆ ਨਾ ਜਾਵੇ। ਮਾਨਯੋਗ ਸਪੀਕਰ ਸਾਹਿਬ, ਜੋ ਅਸੀਂ ਉਥੇ ਪੜ੍ਹਦੇ ਹਾਂ ਅਤੇ ਦੇਖਦੇ ਹਾਂ ਕਿਉਂਕਿ ਉਹ ਕਿਤਾਬਾਂ ਗਹਿਣਾ ਹਨ ਅਤੇ ਮੈਂ ਉਨ੍ਹਾਂ ਦੀ ਚੁਆਇਸ ਤੇ ਦੁਆਰਾ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸ਼ਾਨਦਾਰ ਕਿਤਾਬਾਂ ਦਿੱਤੀਆਂ ਹਨ। ਸਪੀਕਰ ਸਾਹਿਬ, ਟੀਚਰ ਦੇ ਸ਼ਬਦ ਸਾਰੀ ਉਮਰ ਬੱਚਾ ਯਾਦ ਰੱਖਦਾ ਹੈ। ਮੈਂ ਮੈਟ੍ਰਿਕ ਕੀਤੀ। ਬੀ.ਏ. ਗੌਰਮਿੰਟ ਕਾਲਜ, ਮਲੇਰਕੋਟਲਾ ਤੋਂ ਕੀਤੀ ਅਤੇ ਐਮ.ਏ. ਮਹਿੰਦਰਾ ਕਾਲਜ ਤੋਂ ਕੀਤੀ।

**1230/Gurpreet kaur**

ਜਦੋਂ ਮੈਂ ਹਿਸਟਰੀ ਵਿੱਚ ਐਮ.ਫਿਲ ਕਰਨ ਲੱਗਾ ਤਾਂ ਹਰੀ ਕ੍ਰਾਂਤੀ ਤੇ ਪ੍ਰਭਾਵ ਮੇਰਾ ਟੌਪਿਕ ਸੀ। ਇਹ ਮੈਂ ਉਸ ਸਮੇਂ ਲਿਖਿਆ ਸੀ ਜਦੋਂ ਐਮ.ਐਸ. ਰੰਧਾਵਾ ਇਨ੍ਹਾਂ ਨੇ ਗੁਣ ਗਾ ਰਿਹਾ ਸੀ। ਉਸ ਨੇ ਬਹੁਤ ਵਧੀਆ ਕਿਤਾਬਾਂ ਵੀ ਲਿਖੀਆਂ। ਮੈਂ ਕਹਿ ਦਿੱਤਾ ਸੀ ਕਿ ਆਉਣ ਵਾਲੇ ਭਵਿੱਖ ਵਿੱਚ ਕਈ ਗੱਲਾਂ ਸਾਨੂੰ ਦੁੱਖ ਦੇਣਗੀਆਂ। ਜਿਸ ਵਿੱਚ ਪਾਣੀ ਤੇ ਰਸਾਈਇਕ ਖਾਦਾਂ ਅਤੇ ਸਾਡਾ ਵਾਤਾਵਰਣ ਖਰਾਬ ਹੋਵੇਗਾ। ਮੇਰੇ ਪ੍ਰੋਫੈਸਰ ਨੇ ਮੇਰੀ ਬਹੁਤ ਤਾਰੀਫ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਤੂੰ ਬਹੁਤ ਵੱਡੀ ਗੱਲ ਕਹੀ ਹੈ। ਮੇਰਾ ਹੈੱਡ ਐਸ.ਕੇ. ਬਜਾਜ ਸੀ। ਉਨ੍ਹਾਂ ਨੇ ਬਿਨਾਂ ਕਿਤਾਬ ਦੇਖੇ ਉਨ੍ਹਾਂ ਨੇ ਸਾਈਨ ਕਰ ਦਿੱਤੇ ਕਿ ਤੂੰ ਕਦੇ ਗਲਤ ਲਿਖ ਹੀ ਨਹੀਂ ਸਕਦਾ। ਉਸ ਨੇ ਮੇਰੀ ਕਲਾਸ ਵਿੱਚ ਇੱਕ ਸ਼ਬਦ ਕਿਹਾ ਸੀ। ਹੁਣ ਪਤਾ ਲੱਗਦਾ ਹੈ ਕਿ ਟੀਚਰ ਦੇ ਸ਼ਬਦ ਅਰਥ ਕਿੱਥੇ ਰੱਖਦੇ ਹਨ। ਮੈਨੂੰ ਕਹਿੰਦੇ ਕਿ ਇੱਥੇ ਤੇਰੇ ਵਰਗਾ ਕੋਈ ਸਟੂਡੈਂਟ ਨਹੀਂ। ਇਹ ਪ੍ਰਸੰਸਾ ਨਹੀਂ ਬਲਕਿ ਇੱਕ ਟੀਚਰ ਦੇ ਸ਼ਬਦ ਹਨ। ਕਹਿੰਦੇ ਕਿ ਅਜਿਹਾ ਸਟੂਡੈਂਟ 10-15 ਸੈਸ਼ਨਾਂ ਤੋਂ ਬਾਅਦ ਮਿਲਦਾ ਹੈ। ਮਾਣਯੋਗ ਸਪੀਕਰ ਸਾਹਿਬ, ਅੱਜ ਮੈਂ ਉਨ੍ਹਾਂ ਸ਼ਬਦਾਂ ਕਰਕੇ ਉੱਡਿਆ ਰਹਿੰਦਾ ਹਾਂ। ਉਸ ਟੀਚਰ ਦੇ ਸ਼ਬਦ ਮੇਰੇ ਮਨ ਵਿੱਚੋਂ ਨਹੀਂ ਨਿਕਲਦੇ ਜਿਸ ਨੇ ਮੇਰੀ ਉਸ ਸਮੇਂ ਪਰਖ ਕੀਤੀ। ਮੈਂ ਇਸ ਤੋਂ ਅੱਗੇ ਇਹ ਦੱਸਣ ਲੱਗਿਆ ਹਾਂ ਕਿ ਸਾਡੇ ਬੱਚਿਆਂ ਨੇ ਬਿਜ਼ਨਸ ਕਿਵੇਂ ਕਰਨਾ ਹੈ। ਆਪਣੀ ਜ਼ਿੰਦਗੀ ਵਿੱਚ ਕਿਵੇਂ ਯਾਦ ਆਉਣਾ ਹੈ। ਇਹ ਦਾਸ ਅੱਜ ਇੱਥੇ ਖੜ੍ਹਾ ਹੈ। ਹੋ ਸਕਦਾ ਹੈ ਕਿ ਮੇਰੇ ਨਾਲ ਦੇ ਬਹੁਤ ਜਣੇ ਸੁਸਾਈਡ ਕਰ ਗਏ ਹੋਣ। ਸਾਲ 1992-93 ਵਿੱਚ ਮੇਰੀ ਆਰਥਿਕ ਹਾਲਤ ਇੰਨੀ ਮਾੜੀ ਸੀ, ਸਾਡੇ ਕੋਲ ਪਿੱਤਰੀ 47 ਬਿਘੇ ਜ਼ਮੀਨ ਸੀ। ਸਾਡੇ ਤੇ ਜ਼ਮੀਨ ਨਾਲੋਂ ਵੱਧ ਕਰਜ਼ਾ ਸੀ। ਮੇਰੇ ਕੋਲ ਚੁੱਲ੍ਹਾ ਚਲਾਉਣ ਜੋਗੇ ਵੀ ਪੈਸੇ ਨਹੀਂ ਸੀ। ਸਰ, ਮੈਂ ਤੇ ਮੇਰੀ ਧਰਮ ਪਤਨੀ ਨੇ ਮਿਲ ਕੇ ਧਰਮਸ਼ਾਲਾ ਵਿੱਚ ਸਕੂਲ ਖੋਲ੍ਹਿਆ। ਅਸੀਂ ਆਪਣੀ ਬੇਟੀ ਨੂੰ ਦਾਖਲ ਕਰਵਾਉਣ ਗਏ। ਉਸ ਦਿਨ ਸਕੂਲ ਬੰਦ ਸੀ। ਉਸ ਦਿਨ 1 ਮਈ ਦਾ ਦਿਨ ਸੀ। ਉਹ ਮਜ਼ਦੂਰ ਡੇਅ ਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਮੈਂ ਆਪਣੀ ਪਤਨੀ ਨੂੰ ਕਿਹਾ ਕਿ ਜੇਕਰ ਆਪਾਂ ਕਦੇ ਸਕੂਲ ਖੋਲ੍ਹੀਏ ਤਾਂ ਕਦੇ ਰੁੱਸੇਗੀ ਤਾਂ ਨਹੀਂ। ਉਹ ਕਹਿੰਦੀ ਕਿ ਕਦੇ ਵੀ ਨਹੀਂ। ਉਸ ਮਾਂ ਦੀ ਧੀ ਨੇ ਬੱਗੀ ਸ਼ੇਰਨੀ ਬਣ ਕੇ ਅੱਜ ਹਜ਼ਾਰਾਂ ਨਹੀਂ ਬਲਕਿ ਲੱਖਾਂ ਬੱਚਿਆਂ ਦੀ ਜ਼ਿੰਦਗੀ ਬਦਲੀ ਹੈ। (ਥੰਪਿੰਗ) ਸਰ, ਮੇਰੀ ਬੇਟੀ ਦਾ ਰੋਲ ਨੰਬਰ ਇੱਕ ਸੀ। ਉਹ ਅੱਜ ਇੰਗਲੈਂਡ ਵਿੱਚ ਵੱਡੀ ਡਾਕਟਰ ਬਣੀ ਹੈ। ਸਰ, ਮੇਰੇ ਕੋਲ ਸਕੂਲ ਵਿੱਚ ਇੱਕ ਰੁਪਿਆ ਵੀ ਨਹੀਂ ਹੁੰਦਾ ਸੀ। ਅੱਜ ਪੰਜਾਬ ਦੇ ਲੋਕ ਸੁਣਨਗੇ। ਅਸੀਂ ਗੁਰਦੁਆਰੇ ਤੋਂ ਟਾਟ ਲੈ ਲਏ, ਨਲਕਾ ਨਹੀਂ ਸੀ ਤਾਂ ਘੜਾ ਰੱਖਿਆ। ਅਸੀਂ ਕਿਰਾਏ ਤੇ ਰਿਕਸ਼ੇ ਲਿਆਂਦੇ। ਲੋਕ ਦਿਨ

ਕਢਵਾਉਂਦੇ ਹਨ। ਮੈਂ ਵੀ ਦਿਨ ਕਢਵਾਇਆ ਸੀ। ਉਸ ਦਿਨ ਡੀ.ਏ.ਵੀ. ਸਕੂਲ ਬੰਦ ਸੀ। ਮੈਨੂੰ ਕਿਰਾਏ ਤੇ ਰਿਕਸ਼ਾ ਨਹੀਂ ਮਿਲਣਾ ਸੀ। ਉਹ 11 ਤਾਰੀਖ ਨੂੰ ਬੰਦ ਸੀ ਅਤੇ ਮੈਂ 12 ਤਾਰੀਖ ਨੂੰ ਕਿਰਾਏ ਤੇ ਰਿਕਸ਼ਾ ਲਿਆਂਦਾ। ਮੈਂ 50 ਰੁਪਏ ਦੇ ਕੇ ਕਿਸ਼ਤ ਤੇ ਇੱਕ ਹੋਰ ਰਿਕਸ਼ਾ ਖਰੀਦਿਆ। ਉਸ ਦੀ ਮਹੀਨੇ ਦੀ ਕਿਸ਼ਤ ਸਿਰਫ 50 ਰੁਪਏ ਸੀ। ਲੋਕ ਕਹਿੰਦੇ ਕਿ ਮੇਰੇ ਕੋਲ ਬਿਜ਼ਨਸ ਕਰਨ ਨੂੰ ਪੈਸੇ ਨਹੀਂ ਹਨ। ਸਰ, ਬਿਜ਼ਨਸ ਕਰਨਾ, ਕੰਮ ਕਰਨਾ ਅਤੇ ਸਰਵਿਸ ਦੇਣੀ ਵੀ ਇੱਕ ਭਗਤੀ ਹੈ ਜੇਕਰ ਕੋਈ ਸੱਚੇ ਮਨ ਨਾਲ ਕਰੇ। ਜਦੋਂ ਮੈਂ ਸਕੂਲ ਦੀ ਕੁਰਸੀ ਤੇ ਬੈਠਿਆ ਤਾਂ ਮੈਂ ਸਹੁੰ ਖਾਧੀ ਸੀ। ਮੇਰੇ ਦਸਮ ਪਿਤਾ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ।।
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਅਪੁਨੀ ਜੀਤ ਕਰੋਂ।।

ਇਹੀ ਸ਼ਬਦ ਕਾਰਨ ਮੇਰੀ ਜ਼ਿੰਦਗੀ ਵਿੱਚ ਮੇਰਾ ਹੱਥ ਕਦੇ ਕੋਈ ਗਲਤ ਕੰਮ ਵੱਲ ਨਹੀਂ ਆਇਆ। ਮੈਂ ਅੱਜ ਤੱਕ ਧੀਆਂ ਭੈਣਾਂ ਵਿੱਚ ਰਿਹਾ ਹਾਂ। ਮੇਰੇ ਤੇ ਕੋਈ ਇੱਕ ਵੀ ਇਲਜ਼ਾਮ ਲਗਾ ਕੇ ਦਿਖਾਵੇ। ਹਰੇਕ ਨੂੰ ਆਪਣੀਆਂ ਧੀਆਂ ਭੈਣਾਂ ਸਮਝਿਆ ਹੈ। ਸਾਨੂੰ ਬੱਚਿਆਂ ਨੂੰ ਦੱਸਣਾ ਪੈਣਾ ਕਿ ਵੱਡੇ ਹੋ ਕੇ ਕਿਵੇਂ ਕਰੈਕਟਰ ਬਣਾਉਣਾ ਹੈ। ਆਪਣੇ ਆਪ ਨੂੰ ਕਿਵੇਂ ਉੱਚਾ ਰੱਖਣਾ ਹੈ। ਆਪਣਾ ਮਨ ਕਿਵੇਂ ਕੰਟਰੋਲ ਕਰਨਾ ਹੈ। ਮੈਂ ਇਹ ਚੀਜ਼ਾਂ ਇਸ ਕਰਕੇ ਆਪਣੇ ਨਾਮ ਨਾਲ ਜੋੜੀਆਂ ਹਨ ਤਾਂ ਕਿ ਬੱਚਿਆਂ ਨੂੰ ਇਹ ਨਾ ਲੱਗੇ ਕਿ ਇਹ ਸਿਰਫ ਫਿਲਾਸਫੀ ਭਰੀਆਂ ਗੱਲਾਂ ਹਨ। ਇਹ ਉਹ ਗੱਲਾਂ ਹਨ ਜਿਹੜੀਆਂ ਉਂਈਂ ਹੁੰਦੀਆਂ ਹਨ। ਮੈਂ ਇੱਥੇ ਉਹ ਗੱਲਾਂ ਕੀਤੀਆਂ ਹਨ ਜਿਹੜੀਆਂ ਮੇਰੇ ਜੀਵਨ ਵਿੱਚ ਹੋਈਆਂ ਹਨ। ਮੈਂ ਉਹੀ ਗੱਲ ਦੱਸ ਰਿਹਾ ਹਾਂ। ਮੈਂ ਉਸ ਤੋਂ ਬਾਅਦ ਬਿਜ਼ਨਸ ਕਰਿਆ। ਭਰਾ ਕਹਿੰਦਾ, ਨੌਕਰੀ ਨਹੀਂ ਕਰਨੀ। ਫਿਰ ਤਾਰਾ ਫੀਡ ਬਣਾਈ। ਉਹ ਅੱਜ ਪੂਰੇ ਨਾਰਥ ਇੰਡੀਆ ਵਿੱਚ ਬ੍ਰਾਂਡ ਬਣਿਆ ਹੋਇਆ ਹੈ। ਸਰ, ਮੈਂ ਜੇਲ੍ਹ ਵਿੱਚ ਵੀ ਜਾ ਕੇ ਆਇਆ ਹਾਂ। ਜਿਵੇਂ ਪ੍ਰਮਾਤਮਾ ਇੱਛਾ ਪੂਰੀ ਕਰਦਾ ਹੈ, ਮੈਂ ਕਹਿੰਦਾ ਕਿ ਇੱਕ ਜ਼ਿੰਦਗੀ ਰਹਿ ਗਈ, ਜੇਲ੍ਹ ਵੀ ਪੂਰੀ ਨਹੀਂ ਹੋਈ। ਸਰ, ਪਤਾ ਨਹੀਂ ਕੀ ਹੋਇਆ, ਮੈਨੂੰ ਜੇਲ੍ਹ ਵਿੱਚ ਵੀ ਜਾਣਾ ਪੈ ਗਿਆ। ਸਰ, ਪਹਿਲੇ ਮਹੀਨਿਆਂ ਵਿੱਚ ਮੈਨੂੰ ਇਹ ਲੱਗਦਾ ਸੀ ਕਿ ਕਿਤੇ ਮੈਂ ਜਲਦੀ ਰਿਹਾਅ ਨਾ ਹੋ ਜਾਵਾਂ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਕਨਕਲੂਡ ਕਰ ਦੇਵੋ।

**ਸਰਦਾਰ ਜਸਵੰਤ ਸਿੰਘ ਗੱਜਣਮਾਜਰਾ:** ਪੰਜਾਬ ਵਾਲੇ ਕੀ ਸੋਚਦੇ ਹੋਣਗੇ। ਮੈਂ ਉਸ ਜੇਲ੍ਹ ਵਿੱਚ ਸੱਤ ਕਿਤਾਬਾਂ ਵੀ ਲਿਖੀਆਂ। ਸਾਨੂੰ ਬੱਚਿਆਂ ਨੂੰ ਪੜ੍ਹਾਉਣਾ ਪੈਣਾ। ਸਾਨੂੰ ਔਖੇ ਵਖਤ ਨੂੰ ਵੀ ਸਿਖਾਉਣਾ ਪੈਣਾ ਕਿ ਔਖੇ ਵਖਤ ਨੂੰ ਵੀ ਇੱਕ ਪ੍ਰੋਫੀਟੇਬਲ ਅਤੇ ਇੱਕ ਆਪਣੇ ਹਿੱਤ ਲਈ ਵਰਤਿਆ ਜਾ ਸਕਦਾ ਹੈ। ਮੈਨੂੰ ਮੌਕਾ ਮਿਲਿਆ। ਉਹ ਆਉਣ ਵਾਲੇ 10 ਸਾਲ

ਵਿੱਚ ਕਿਤਾਬਾਂ ਆਉਣਗੀਆਂ। ਮੈਂ ਸਭ ਕੁਝ ਲਿਖਦਾ ਹਾਂ। ਜੋ ਦੇਖਿਆ, ਜੋ ਸੋਚਿਆ ਅਤੇ ਜੋ ਪੰਜਾਬ ਦੇ ਭਵਿੱਖ ਲਈ ਲੋੜੀਂਦਾ ਸੀ। ਇਸ ਕਰਕੇ ਤੁਸੀਂ ਅੱਜ ਮੈਨੂੰ ਇਹ ਮੌਕਾ ਦਿੱਤਾ। ਅਸੀਂ ਬੱਚਿਆਂ ਦੀ ਜਵਾਨੀ ਦੀ ਰੱਖਿਆ ਕਰਨੀ ਹੈ। ਮੈਂ ਇਹੀ ਆਸ ਕਰਦਾ ਹਾਂ ਕਿ ਅਸੀਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰੀਏ। ਬੱਚਿਆਂ ਦਾ ਮਨ ਸਟਰੌਂਗ ਹੋਵੇ। ਅਸੀਂ ਬੱਚਿਆਂ ਨੂੰ ਰੁਜ਼ਗਾਰ ਪੈਦਾ ਕਰਨਾ ਸਿਖਾਉਣਾ ਹੈ ਅਤੇ ਜੀਵਨ ਜਾਚ ਸਿਖਾਉਣੀ ਹੈ। ਜੀਵਨ ਕਿਸੇ ਨੂੰ ਉੱਡ ਕੇ ਨਹੀਂ ਮਿਲ ਜਾਂਦਾ।

**1235/Kuldeep kaur**

ਜੀਵਨ ਅਚਾਨਕ ਜਿਊਣ ਦੀ ਕੋਈ ਘਟਨਾ ਨਹੀਂ ਹੈ। ਇਹ ਲੰਮੇ ਸਮੇਂ ਦੀ ਪ੍ਰਾਪਤੀ ਹੈ। ਬਹੁਤ ਬਹੁਤ ਧੰਨਵਾਦ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਰਦਾਰ ਜਸਵੰਤ ਸਿੰਘ ਗੱਜਣਮਾਜਰਾ ਜੀ ਵੱਲੋਂ ਸਕੂਲਾਂ ਦੇ ਸਬੰਧ ਵਿੱਚ ਰੱਖੇ ਗਏ ਮਤੇ ਉੱਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰਨ ਵਾਸਤੇ, ਬੱਚਿਆਂ ਨੂੰ ਬਿਜਨਸ ਦੀ ਸਿੱਖਿਆ ਦੇਣ ਵਾਸਤੇ, Entrepreneurship develop ਕਰਨ ਵਾਸਤੇ, ਹੁਨਰ ਸਿਖਾਉਣ ਵਾਸਤੇ ਇੱਕ ਚੰਗੀ ਸਿੱਖਿਆ ਨੀਤੀ ਦੀ ਲੋੜ ਪੈਂਦੀ ਹੈ। ਜੇਕਰ ਸਿੱਖਿਆ ਨੀਤੀ ਨਹੀਂ ਹੋਵੇਗੀ ਜਾਂ ਉਸ ਵਿੱਚ ਇਨਫ੍ਰਾਸਟਰੱਕਚਰ ਡਿਵੈਲਪਮੈਂਟ ਨਹੀਂ ਹੋਵੇਗੀ ਤਾਂ ਕੁਦਰਤੀ ਗੱਲ ਹੈ ਕਿ ਜੋ ਇਨ੍ਹਾਂ ਦੇ ਦਿਲ ਅਤੇ ਮਨ ਦੀ ਭਾਵਨਾ ਸੀ, ਉਹ ਪੂਰੀ ਨਹੀਂ ਹੋਵੇਗੀ। ਸੋ, ਅੱਜ ਸਾਨੂੰ ਮਾਣ ਹੈ ਕਿ ਸਾਡੇ ਨੈਸ਼ਨਲ ਕਨਵੀਨਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਸਾਡੇ ਸਿੱਖਿਆਜਨਕ ਸ਼੍ਰੀ ਮਨੀਸ਼ ਸਿਸੋਦੀਆ ਜੀ ਦੀ ਰਹਿਨੁਮਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਤੇ ਸਾਡੇ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਦੀ ਲਗਾਤਾਰ ਮਿਹਨਤ ਸਦਕਾ ਅੱਜ ਪੰਜਾਬ ਵਿੱਚ ਸਿੱਖਿਆ ਦੀ ਸਥਿਤੀ ਇਸ ਤਰ੍ਹਾਂ ਬਣਾ ਦਿੱਤੀ ਗਈ ਹੈ ਕਿ ਸਿੱਖਿਆ ਵਿੱਚ ਅੱਜ ਚੰਗੀਆਂ ਪ੍ਰਾਪਤੀਆਂ ਕੀਤੀਆਂ ਹਨ ਔਰ ਸਿੱਖਿਆ ਪ੍ਰਾਪਤੀ ਕਰਨ ਵਿੱਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਾਰੇ 10-15 ਮਿੰਟ ਬੋਲਣ ਲਈ ਸਮਾਂ ਦੇਵੋਗੇ। ਅੱਜ ਅਸੀਂ ਆਪਣੇ ਆਪ ਕਹਿ ਦੇਈਏ ਕਿ ਸਾਡੀ ਸਿੱਖਿਆ ਨੀਤੀ ਵਧੀਆ ਹੈ ਅਤੇ ਸਾਡੀ ਸਕੂਲੀ ਸਿੱਖਿਆ ਵਧੀਆ ਹੈ ਤਾਂ ਇਹ ਗੱਲ ਨਹੀਂ ਹੋਵੇਗੀ। ਪੰਜਾਬ ਵਿੱਚ ਸਿੱਖਿਆ ਦੇ ਸਬੰਧ ਵਿੱਚ ਵਧੀਆ ਡਿਵੈਲਪਮੈਂਟ ਹੋਈ ਹੈ, ਵਧੀਆ ਵਿਕਾਸ ਹੋਇਆ ਹੈ। ਉਸ ਸਬੰਧ ਵਿੱਚ ਭਾਰਤ ਸਰਕਾਰ ਦੀ ਗਰੇਡਿੰਗ ਇੰਡੈਕਸ ਵਿੱਚ ਵੀ ਪੰਜਾਬ ਦਾ ਨਾਂ ਆਉਂਦਾ ਹੈ। ਪੰਜਾਬ ਨੇ ਪ੍ਰਫਾਰਮੈਂਸ ਗਰੇਡਿੰਗ ਇੰਡੈਕਸ-2 ਵਿੱਚ ਦੇਸ਼ ਭਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਾਲ 2024-25 ਲਈ ਪ੍ਰਚੇਸ਼ਟਾ-1 ਗ੍ਰੇਡ ਪ੍ਰਾਪਤ ਕੀਤਾ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਵਿਕਸਿਤ ਪ੍ਰਫਾਰਮੈਂਸ ਗਰੇਡਿੰਗ ਇੰਡੈਕਸ-2 ਵਿੱਚ ਵਿਸਤ੍ਰਿਤ ਮੁਲਾਂਕਣ ਪ੍ਰਣਾਲੀ ਹੈ ਜੋ ਸਾਡੇ ਰਾਜਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਕੂਲੀ ਸਿੱਖਿਆ ਦੇ ਵੱਖ-ਵੱਖ ਪੱਖਾਂ ਤੋਂ ਜਿਵੇਂ ਸਿੱਖਿਆ ਦੇ ਨਤੀਜੇ ਕੀ ਹਨ, ਸਿੱਖਿਆ ਤੱਕ ਕਿੰਨੀ ਪਹੁੰਚ ਹੈ, ਬੁਨਿਆਦੀ ਢਾਂਚਾ ਕਿੰਨਾ ਹੈ, ਸਮਾਨਤਾ ਕਿੰਨੀ ਹੈ, ਪ੍ਰਸ਼ਾਸਨ ਕਿੰਨਾ ਹੈ ਅਤੇ ਅਧਿਆਪਕ ਸਿੱਖਿਆ ਦੇ ਇਸ ਆਧਾਰ ਤੇ ਕਾਰਜਕਾਰੀ ਦਾ ਮੁਲਾਂਕਣ ਕਰਦੀ ਹੈ। ਸਪੀਕਰ ਸਾਹਿਬ, ਨੀਤੀ ਆਯੋਗ ਕੇਂਦਰ ਸਰਕਾਰ ਦਾ ਹੈ, ਉਹ ਪੰਜਾਬ ਸਰਕਾਰ ਦਾ ਨਹੀਂ ਹੈ। ਉਹ ਆਯੋਗ ਸਿੱਧਾ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਜੀ ਦੇ ਅਧੀਨ ਹੈ। ਨੀਤੀ ਆਯੋਗ ਦੀ ਰਿਪੋਰਟ

ਅਨੁਸਾਰ ਸਾਲ 2026-27 ਵਿੱਚ ਭਾਰਤ ਸਰਕਾਰ ਨੇ ਪੰਜਾਬ ਨੂੰ ਕਲਾਸ ਰੂਮ ਸਿੱਖਣ ਦੇ ਨਤੀਜਿਆਂ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਾ ਰਾਜ ਮੰਨਿਆ ਹੈ। ਇਹ ਨੀਤੀ ਆਯੋਗ ਦੀ ਰਿਪੋਰਟ ਹੈ। ਇਸ ਰਿਪੋਰਟ ਵਿੱਚ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜੇ, ਬੁਨਿਆਦੀ ਸਾਖਰਤਾ ਅਤੇ ਗਿਣਤੀਯੋਗਤਾ, ਸਮਾਨਤਾ, ਪ੍ਰਸ਼ਾਸਨ ਅਤੇ ਸਿੱਖਿਆ ਦੀ ਗੁਣਵੱਤਾ ਵਰਗੇ ਮਾਪਦੰਡਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਸਪੀਕਰ ਸਾਹਿਬ, ਤੀਜੀ ਗੱਲ, ਭਾਰਤ ਸਰਕਾਰ ਵੱਲੋਂ ਪੰਜਾਬ ਨੂੰ ਸਿੱਖਿਆ ਵਿੱਚ ਨੰਬਰ-1 ਰਾਜ ਵੱਲੋਂ ਮਾਨਤਾ ਦਿੱਤੀ ਗਈ। ਦੇਸ਼ ਵਿਆਪੀ ਸਿੱਖਣ ਸਰਵੇਖਣ ਪਰਖ ਰਾਸ਼ਟਰੀ ਸਰਵੇਖਣ, 2024 ਵਿੱਚ ਪੰਜਾਬ ਨੇ ਕਲਾਸ ਰੂਮ ਸਿੱਖਿਆ ਦੇ ਨਤੀਜਿਆਂ ਵਿੱਚ ਕੇਰਲ ਨੂੰ ਪਿੱਛੇ ਛੱਡ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸੋ, ਇਨ੍ਹਾਂ ਗੱਲਾਂ ਨੂੰ ਦੇਖਦੇ ਹੋਏ ਪੰਜਾਬ ਵਿੱਚ ਸਿੱਖਿਆ ਦਾ ਪ੍ਰਦਰਸ਼ਨ ਕਿਹੋ ਜਿਹਾ ਰਿਹਾ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ 786 ਵਿਦਿਆਰਥੀਆਂ ਨੇ ਜੇ.ਈ.ਈ ਦੀ ਸਿੱਖਿਆ ਪਾਸ ਕੀਤੀ। ਜਿਸ ਰਾਹੀਂ ਆਈ.ਆਈ.ਟੀ. ਅਤੇ ਐਨ.ਆਈ.ਟੀ. ਵਰਗੀਆਂ ਪ੍ਰਮੁੱਖ ਇੰਜੀਨੀਅਰਿੰਗ ਸੰਸਥਾਵਾਂ ਵਿਚ ਦਾਖਲਾ ਮਿਲਦਾ ਹੈ। ਸਪੀਕਰ ਸਾਹਿਬ, ਪਿਛਲੇ ਤਿੰਨ ਸਾਲਾਂ ਵਿੱਚ 2166 ਵਿਦਿਆਰਥੀਆਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ। ਹੁਣੇ ਹੀ ਸਾਲ 2026 ਵਿੱਚ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਸਿੱਖਿਆ ਮੰਤਰੀ ਸਾਹਿਬ ਉਨ੍ਹਾਂ ਨੇ 882 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਹੈ, ਜਿਨ੍ਹਾਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ ਹੈ। ਪਿਛਲੇ ਸਾਲ ਇਹ ਅੰਕੜਾ 437 ਵਿਦਿਆਰਥੀਆਂ ਦਾ ਸੀ। ਪੰਜਾਬ ਦੇਸ਼ ਦਾ ਪਹਿਲਾ ਰਾਜ ਬਣਿਆ ਹੈ ਜਿਸ ਨੇ Physics Wallah ਜੋ ਕਿ ਇੱਕ ਭਾਰਤੀ ਕੰਪਨੀ ਹੈ ਜੋ ਕਿ ਅਲੱਖ ਪਾਂਡੇ ਨੇ ਸ਼ੁਰੂ ਕੀਤੀ ਸੀ। ਇਹ ਵਿਦਿਆਰਥੀਆਂ ਨੂੰ ਆਨਲਾਈਨ ਅਤੇ ਆਫਲਾਈਨ ਪੜ੍ਹਾਈ ਦੀ ਸਹੂਲਤ ਦਿੰਦੀ ਹੈ। ਇਸ ਦੇ ਸਹਿਯੋਗ ਲਾਲ 128 ਸਕੂਲਾਂ ਵਿੱਚ ਅਸੀਂ ਨੀਟ ਅਤੇ ਜੇ.ਈ.ਈ ਦੇ ਮੁਫਤ ਪ੍ਰੋਫੈਸ਼ਨਲ ਕੋਚਿੰਗ ਮੁਹੱਈਆ ਕਰਵਾਈ ਹੈ। ਸਰ, ਜਿਵੇਂ ਗੱਜਣਮਾਜਰਾ ਜੀ ਨੇ ਦੱਸਿਆ ਹੈ ਕਿ ਪੰਜਾਬ ਵਿੱਚ 40 ਹੁਨਰ ਸਿੱਖਿਆ ਸਕੂਲ ਸਥਾਪਿਤ ਕੀਤੇ ਗਏ ਹਨ, ਜਿੱਥੇ ਵੋਕੇਸ਼ਨਲ ਕਿੱਤਾ ਮੁਖੀ ਸਿੱਖਿਆ ਨੂੰ ਸੀਨੀਅਰ ਸੈਕੰਡਰੀ ਸਕੂਲਾਂ ਨਾਲ ਜੋੜਿਆ ਗਿਆ ਹੈ। ਇਸ ਤਰ੍ਹਾਂ ਪੰਜਾਬ ਵਿੱਚ ਸਰਕਾਰੀ ਸਕੂਲਾਂ ਵਿੱਚ 11ਵੀਂ ਤੇ 12ਵੀਂ ਦੀ Entrepreneurship ਨੂੰ ਲਾਜ਼ਮੀ ਵਿਸ਼ਾ ਬਣਾਇਆ ਗਿਆ ਹੈ। ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿ ਵਿਦਿਆਰਥੀਆਂ ਦੇ ਦਿਮਾਗ ਵਿੱਚ ਬਿਜਨਸ ਦੇ ਤੌਰ ਤੇ ਕੰਮ ਕੀਤਾ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਨਾਲ 1,80,000 ਤੋਂ ਵੱਧ ਵਿਦਿਆਰਥੀਆਂ ਲਈ ਉੱਦਮੀ ਸਿੱਖਿਆ ਸੀਨੀਅਰ ਸੈਕੰਡਰੀ ਦੇ ਪਾਠਕ੍ਰਮ ਦਾ ਅਹਿਮ ਹਿੱਸਾ ਬਣ ਗਈ ਹੈ। ਨਵੀਨਤਾ ਤੇ ਉੱਦਮੀ ਸੋਚ ਨੂੰ ਉਤਸ਼ਾਹਿਤ ਕਰਨ ਲਈ ਵਿਦਿਆਰਥੀਆਂ ਨੂੰ ਟੀਮਾਂ ਵਿੱਚ ਵਿਚਾਰ ਵਿਕਸਿਤ ਕਰਨ, ਪ੍ਰੋਟੋਟਾਈਪ ਤਿਆਰ ਕਰਨ ਅਤੇ ਆਪਣੇ ਉੱਦਮ ਸ਼ੁਰੂ ਕਰਨ ਲਈ 2000 ਦੀ ਸੀਟ ਫੰਡਿੰਗ ਦਿੱਤੀ ਜਾਂਦੀ ਹੈ।

**1240/Pawan sharma**

ਇਸ ਨਾਲ ਸਮੱਸਿਆ ਹੱਲ ਕਰਨ, ਟੀਮ ਵਰਕ, ਵਿੱਤੀ ਸਾਖਰਤਾ, ਕਾਰੋਬਾਰ ਪ੍ਰਬੰਧਨ ਵਰਗੇ ਮਹੱਤਵਪੂਰਨ ਹੁਨਰ ਵੀ ਸਿੱਖਦੇ ਹਨ। ਹੁਣ ਤੱਕ 2.3 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ 29 ਕਰੋੜ ਰੁਪਏ ਦੀ ਸੀਟ ਫੰਡਿੰਗ ਕੀਤੀ ਜਾ ਚੁੱਕੀ ਹੈ। ਕੇਵਲ ਤਿੰਨ ਸਾਲਾਂ ਵਿੱਚ 32 ਹਜ਼ਾਰ 44 ਵਿਦਿਆਰਥੀ ਟੀਮਾਂ, ਜਿਸ ਵਿੱਚ 1 ਲੱਖ ਤੋਂ ਵੱਧ ਵਿਦਿਆਰਥੀ ਸ਼ਾਮਲ ਹਨ,

ਆਪਣੇ ਕਾਰੋਬਾਰ ਸ਼ੁਰੂ ਕੀਤੇ ਹਨ ਅਤੇ ਮਿਲ ਕੇ ਲਗਭਗ 03 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ ਜੋ ਨੌਜਵਾਨ ਉੱਦਮੀਆਂ ਨੂੰ ਤਿਆਰ ਕਰਨ ਵਿੱਚ ਇਸ ਯੋਜਨਾ ਦੀ ਸਫਲਤਾ ਦਰਸਾਉਂਦਾ ਹੈ। ਸਰ, ਬਹੁਤ ਸਾਰੀਆਂ ਉਦਾਹਰਨਾਂ ਹਨ, ਜਿੱਥੇ ਵਿਦਿਆਰਥੀਆਂ ਨੇ ਆਪਣੇ ਆਪ ਕੰਮ ਕੀਤੇ, ਜਿਵੇਂ ਫ਼ਿਰੋਜ਼ਪੁਰ ਵਿੱਚ ਸੇਫ਼ਟੀ ਸਟਿੱਕ ਬਣਾਈ। ਸੀਨੀਅਰ ਸੈਕੰਡਰੀ ਸਕੂਲ ਦੇ ਲੜਕੇ, ਫਿਰੋਜ਼ਪੁਰ ਦੇ ਵਿਦਿਆਰਥੀ ਮੰਥਨ ਦੀ ਅਗਵਾਈ ਵਿੱਚ 08 ਮੈਂਬਰੀ ਟੀਮ ਨੇ ਇੱਥੇ ਬਹੁ-ਉਦੇਸ਼ੀ ਸੇਫ਼ਟੀ ਸਟਿੱਕ ਤਿਆਰ ਕੀਤੀ, ਜਿਸ ਵਿੱਚ ਟਾਰਚ, ਇਲੈਕਟ੍ਰਿਕ ਸ਼ਾਕ, ਪੁਆਇੰਟ, ਲੁਕਿਆ ਹੋਇਆ ਬਲੇਡ ਸ਼ਾਮਲ ਹੈ, ਜੋ ਮਹਿਲਾਵਾਂ ਅਤੇ ਬਜ਼ੁਰਗਾਂ ਨੂੰ ਨਿਡਰ ਹੋ ਕੇ ਆਵਾਜਾਈ ਕਰਨ ਵਿੱਚ ਮਦਦ ਕਰਦਾ ਹੈ। ਇਸ ਤਰ੍ਹਾਂ ਡਰਾਈਵਿੰਗ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੁਠਾਲਾ, ਮਲੇਰਕੋਟਲਾ ਵਿੱਚ, ਵਿਦਿਆਰਥੀ ਜਸਕੀਰਤ ਦੀ ਅਗਵਾਈ ਹੇਠ ਬੱਚਿਆਂ ਨੇ ਘੱਟ ਲਾਗਤ ਵਾਲਾ ਡਰਾਈਵਿੰਗ ਸਿਮੂਲੇਟਰ ਤਿਆਰ ਕੀਤਾ। ਇਸ ਰਾਹੀਂ ਕਲਾਸ ਰੂਮਾਂ ਨੂੰ ਸੁਰੱਖਿਅਤ ਡਰਾਈਵਿੰਗ ਸਕੂਲਾਂ ਵਿੱਚ ਬਦਲਣ ਅਤੇ ਸਿਖਣ ਨੂੰ ਮਨੋਰੰਜਕ ਕਿਫਾਇਤੀ ਤੇ ਸਿੱਖਿਆਤਮਕ ਬਣਾਇਆ ਜਾ ਸਕਦਾ ਹੈ। ਸੋ, ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਵਿਸ਼ਵ ਪੱਧਰ ਦੀਆਂ ਸਰਵੋਤਮ ਪ੍ਰਣਾਲੀਆਂ ਦੇ ਬਰਾਬਰ ਲੈ ਜਾਣ ਲਈ ਇਹ ਮੰਨਿਆ ਗਿਆ ਹੈ ਕਿ ਅਕਾਦਮਿਕ ਸਿੱਖਿਆ ਹੀ ਕਾਫੀ ਨਹੀਂ, ਇਸ ਲਈ ਰਾਜ ਦੇ ਲਗਭਗ 6300 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਾਈਂਡਫੁਲਨੈਸ ਪਾਠਕ੍ਰਮ ਸ਼ੁਰੂ ਕੀਤਾ ਗਿਆ ਹੈ। ਹਰ ਰੋਜ਼ 30 ਮਿੰਟ ਦੇ ਸੈਸ਼ਨ ਵਿੱਚ ਜਿਵੇਂ ਕਿ ਗੱਜਣਮਾਜਰਾ ਜੀ ਨੇ ਦੱਸਿਆ ਹੈ, ਸਾਹ ਲੈਣ ਦੀਆਂ ਕਸਰਤਾਂ, ਧਿਆਨ, ਸਕਾਰਾਤਮਿਕ ਚਿੰਤਨ ਸ਼ਾਮਲ ਹੈ। ਵਿਦਿਆਰਥੀਆਂ ਦੀ ਮਾਨਸਿਕ ਤੰਦਰੁਸਤੀ, ਇਕਾਗਰਤਾ, ਸ਼ਖ਼ਸੀਅਤ ਅਤੇ ਪਰਿਵਾਰਕ ਸਬੰਧਾਂ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਦੇ ਹਨ। ਜੀ, ਪੰਜਾਬ ਪਹਿਲਾ ਰਾਜ ਹੈ, ਸਾਡਾ ਜਿਹੜਾ ਮੇਨ ਵਿਸ਼ਾ ਹੈ, ਪੰਜਾਬ ਅੱਜ ਪਹਿਲਾ ਰਾਜ ਹੈ ਜਿੱਥੇ ਨਸ਼ਾ ਮੁਕਤ ਸਕੂਲਾਂ ਵੱਲ ਇੱਕ ਇਤਿਹਾਸਕ ਕਦਮ ਚੁੱਕਦਿਆਂ ਜਮਾਤ 9ਵੀਂ ਤੇ 12ਵੀਂ ਦੇ ਲਗਭਗ 8 ਲੱਖ ਵਿਦਿਆਰਥੀਆਂ ਲਈ 3,658 ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਨਸ਼ਾ ਰੋਕਥਾਮ ਪਾਠਕ੍ਰਮ ਸ਼ੁਰੂ ਕੀਤਾ ਹੈ। ਇਹ ਪਾਠਕ੍ਰਮ J-PAL South Asia ਦੇ ਸਹਿਯੋਗ ਦੇ ਨਾਲ ਤਿਆਰ ਕੀਤਾ ਗਿਆ ਹੈ, ਜਿਸ ਦੀ ਸਹਿ ਸਥਾਪਨਾ ਨੋਬਲ ਪੁਰਸਕਾਰ ਜੇਤੂ ਪ੍ਰੋਫੈਸਰ ਅਭਿਜੀਤ ਬੈਨਰਜੀ ਨੇ ਕੀਤੀ ਹੈ। 14 ਹਫ਼ਤਿਆਂ ਦੇ ਇਸ ਪਾਠਕ੍ਰਮ ਵਿੱਚ, ਗੱਜਣਮਾਜਰਾ ਜੀ ਸੁਣਨ ਵਾਲੀ ਗੱਲ ਹੈ, ਤੁਸੀਂ ਜਿਹੜਾ ਮਤਾ ਅੱਜ ਰੱਖਿਆ ਹੈ, ਪੰਜਾਬ ਦੇ ਨਸ਼ੇ ਤੋਂ ਮੁਕਤੀ ਦੇ ਅਸਲ ਤਜਰਬਿਆਂ ਉੱਤੇ ਅਧਾਰਿਤ 10 ਡਾਕੂਮੈਂਟਰੀਆਂ ਅਤੇ ਮਾਹਿਰਾਂ ਦੇ ਵੀਡੀਓ, ਨਾਲ ਹੀ ਕੁਇਜ਼, ਗਤੀਵਿਧੀਆਂ, ਕੇਸ ਸਟੱਡੀ ਅਤੇ ਰੋਲ ਪਲੇਅ ਸ਼ਾਮਲ ਹਨ। ਇਸ ਦਾ ਉਦੇਸ਼ ਨਸ਼ਿਆਂ ਬਾਰੇ ਫੈਲੀਆਂ ਗ਼ਲਤ ਧਾਰਨਾਵਾਂ ਨੂੰ ਦੂਰ ਕਰਨਾ, ਵਿਦਿਆਰਥੀਆਂ ਵਿੱਚ ਨਸ਼ਿਆਂ ਤੋਂ ਇਨਕਾਰ ਕਰਨ ਦੀ ਸਮਰੱਥਾ ਵਿਕਸਤ ਕਰਨਾ ਅਤੇ ਸਾਥੀਆਂ ਦੇ ਦਬਾਅ ਨਾਲ ਨਜਿੱਠਣ ਲਈ ਉਨ੍ਹਾਂ ਨੂੰ ਤਿਆਰ ਕਰਨਾ ਹੈ ਸਰ। ਇਸ ਤਰ੍ਹਾਂ English Edge-Learn Smart, Speak Sharp ਪ੍ਰੋਗਰਾਮ ਤਹਿਤ ਪ੍ਰਾਜੈਕਟ ਦੇ ਤੌਰ ਤੇ ਪੰਜਾਬ ਦੇ 500 ਸਰਕਾਰੀ ਸਕੂਲਾਂ ਵਿੱਚ ਜਮਾਤ 9ਵੀਂ ਤੋਂ 12ਵੀਂ ਦੇ ਤਿੰਨ ਲੱਖ ਵਿਦਿਆਰਥੀਆਂ ਨੂੰ ਅੰਗਰੇਜ਼ੀ ਬੋਲਣ, ਪੜ੍ਹਨ ਅਤੇ ਸੋਚਣ ਦੇ ਹੁਨਰਾਂ ਵਿੱਚ ਨਿਪੁੰਨ ਬਣਾਇਆ ਜਾ ਰਿਹਾ ਹੈ।

*12.43 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਪ੍ਰਿੰਸੀਪਲ ਬੁੱਧ ਰਾਮ:** ਸੋ, ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪ੍ਰੇਰਿਤ ਤੇ ਸ਼ਸਕਤ ਬਣਾਉਣ ਲਈ ਪੰਜਾਬ ਨੇ ਦੇਸ਼ ਵਿੱਚ ਪਹਿਲ ਕਰਦਿਆਂ ਸਕੂਲ ਮੈਂਟਰਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਤਹਿਤ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਵੱਡੇ ਸੁਪਨੇ ਦੇਖਣ ਅਤੇ ਉੱਚੇ ਟੀਚੇ ਹਾਸਲ ਕਰਨ ਲਈ ਮਾਰਗ ਦਰਸ਼ਨ ਦਿੰਦੇ ਹਨ। ਸਪੀਕਰ ਸਾਹਿਬ, ਤੁਸੀਂ ਵੇਖਿਆ ਹੋਵੇਗਾ ਕਿ ਕਈ ਥਾਵਾਂ ਤੇ ਕਿਸੇ ਵਿਦਿਆਰਥੀ ਨੂੰ ਡੀ.ਸੀ. ਦਫਤਰ ਲੈ ਜਾਇਆ ਜਾਂਦਾ ਹੈ, ਉੱਥੋਂ ਦੇ ਮਾਣਯੋਗ ਡੀ.ਸੀ. ਸਾਹਿਬ ਨੇ ਉਸ ਨੂੰ ਆਪਣੀ ਕੁਰਸੀ ਤੇ ਬੈਠਾ ਕੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਤੁਸੀਂ ਵੀ ਡੀ.ਸੀ. ਬਣ ਸਕਦੇ ਹੋ। ਇਸ ਤਰ੍ਹਾਂ ਕਈ ਥਾਵਾਂ ਤੇ ਐਸ.ਐਸ.ਪੀ. ਸਾਹਿਬ ਕਿਸੇ ਵਿਦਿਆਰਥੀ ਨੂੰ ਦਫਤਰਾਂ ਵਿੱਚ ਲੈ ਕੇ ਜਾਂਦੇ ਹਨ ਅਤੇ ਉਸ ਨੂੰ ਐਸ.ਐਸ.ਪੀ. ਦੀ ਕੁਰਸੀ ਤੇ ਬਿਠਾਉਂਦੇ ਹਨ ਤਾਂ ਜੋ ਪਤਾ ਲੱਗ ਸਕੇ ਕਿ ਮੈਂ ਐਸ.ਐਸ.ਪੀ. ਬਣ ਸਕਦਾ ਹਾਂ। ਸੋ, ਇਹੋ ਜਿਹੇ ਪ੍ਰੋਗਰਾਮ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਵਿਕਸਤ ਕਰਨ ਵਾਸਤੇ ਬਹੁਤ ਵੱਡੇ ਹੋਣਗੇ। ਸੋ, ਇਸ ਕਰਕੇ 6 ਤੋਂ 14 ਸਾਲ ਦੇ ਉਮਰ ਦੇ ਸਕੂਲ ਤੋਂ ਬਾਹਰ ਰਹਿ ਗਏ ਬੱਚਿਆਂ, ਜਿਨ੍ਹਾਂ ਨੂੰ ਆਊਟ ਆਫ ਸਕੂਲ ਕਹਿ ਦਿੰਦੇ ਹਾਂ, ਇਨ੍ਹਾਂ ਵਾਸਤੇ ਵੀ ਅਸੀਂ ਓਪਨ ਸਕੂਲ ਪ੍ਰਣਾਲੀ ਸ਼ੁਰੂ ਕੀਤੀ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚੇ, ਅੰਗਹੀਣ ਕਿਸਮ ਦੇ ਕਈ ਬੱਚੇ ਹੁੰਦੇ ਹਨ, ਉਨ੍ਹਾਂ ਦੀ ਸਰੀਰਕ ਤੌਰ ਤੇ ਕੋਈ ਘਾਟ ਰਹਿ ਜਾਂਦੀ ਹੈ, ਘਰ ਅਧਾਰਿਤ ਸਿੱਖਿਆ, ਫਿਜ਼ੀਉਥੈਰੇਪੀ, ਸਹਾਇਕ ਉਪਕਰਨ ਅਤੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਸਰ, ਇਨ੍ਹਾਂ ਕੰਮਾਂ ਨੂੰ ਕਰਨ ਵਾਸਤੇ ਇੱਕ ਬਹੁਤ ਸਿੱਖਿਅਤ ਸਟਾਫ਼, ਇੱਕ ਟਰੇਨਿੰਗ ਯੁਕਤ ਸਟਾਫ ਦੀ ਲੋੜ ਪੈਂਦੀ ਹੈ। ਇਸ ਕਰਕੇ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਅਤੇ ਸਾਡੇ ਹਰਜੋਤ ਬੈਂਸ, ਸਿੱਖਿਆ ਮੰਤਰੀ ਵੱਲੋਂ 264 ਪ੍ਰਿੰਸੀਪਲਾਂ ਅਤੇ ਅਧਿਕਾਰੀਆਂ ਦੇ 08 ਬੈਚ ਨੂੰ ਸਿੰਗਾਪੁਰ ਦੀ ਲੀਡਰਸ਼ਿਪ ਦੀ ਸਿਖਲਾਈ ਲਈ ਭੇਜਿਆ ਗਿਆ ਹੈ। 249 ਹੈੱਡ ਮਾਸਟਰਾਂ ਅਤੇ ਹੈੱਡ ਮਿਸਟਰੈੱਸਾਂ ਦੇ 05 ਬੈਚ ਆਈ.ਆਈ.ਐਮ., ਅਹਿਮਦਾਬਾਦ ਵਿਖੇ ਉੱਚ ਪੱਧਰੀ ਪ੍ਰਬੰਧਕੀ ਸਿਖਲਾਈ ਲਈ ਭੇਜਿਆ ਗਿਆ ਹੈ।

**1245/Beant kaur**

216 ਪ੍ਰਾਇਮਰੀ ਅਧਿਆਪਕਾਂ ਦੇ ਤਿੰਨ ਬੈਚਾਂ ਨੂੰ ਫਿਨਲੈਂਡ ਦੀ ਯੂਨੀਵਰਸਿਟੀ ਆਫ ਤੁਰਕੂ, ਸਾਡੇ ਸੀ ਐਮ ਸਾਹਿਬ ਉੱਥੇ ਪਿੱਛੇ ਜਿਹੇ ਜਾ ਕੇ ਆਏ ਹਨ, ਵਿਖੇ ਆਧੁਨਿਕ ਅਧਿਆਪਨ ਵਿਧੀਆਂ (Advanced Pedagogical Training) ਦਿੱਤੀ ਗਈ ਹੈ because education is investment. ਇਹ long run investment ਹੁੰਦੀ ਹੈ, ਜਿਸ ਦਾ ਰਿਜ਼ਲਟ ਭਾਵੇਂ ਤੁਰੰਤ ਨਹੀਂ ਨਿਕਲਦਾ ਪਰੰਤੂ ਇਹ ਜਿਹੜੇ ਟੀਚਰਾਂ ਦੇ ਬੈਚ ਸਿੰਘਾਪੁਰ ਅਤੇ ਫਿਨਲੈਂਡ ਗਏ ਹਨ, ਇਨ੍ਹਾਂ ਨਾਲ ਸਕੂਲਾਂ ਦੇ ਪ੍ਰਬੰਧਕੀ ਸਿਸਟਮ ਵਿੱਚ ਚੰਗੇ ਰਿਜ਼ਲਟ ਆਉਣਗੇ।

ਅਧਿਆਪਕਾਂ ਅਤੇ ਸਟਾਫ਼ ਦੀ ਭਰਤੀ ਵੀ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਵੀ 40 ਸਾਲ ਸਕੂਲੀ ਸਿੱਖਿਆ ਵਿੱਚ ਰਿਹਾ ਹਾਂ। ਸਾਡੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਵਿੱਚ ਅਨੁਸ਼ਾਸ਼ਨਹੀਨਤਾ ਦੀ ਪ੍ਰਾਬਲਮ ਨੂੰ ਰੋਕਣ ਵਾਸਤੇ ਪਹਿਲੀ ਵਾਰ 1323 ਸੁਰੱਖਿਆ ਗਾਰਡ ਸਕੂਲਾਂ ਵਿੱਚ ਰੱਖੇ ਗਏ ਹਨ। ਖਾਸ ਤੌਰ ਤੇ ਲੜਕੀਆਂ ਦੇ ਸਕੂਲਾਂ ਵਿੱਚ, ਜਿੱਥੇ

ਸੁਰੱਖਿਆ ਗਾਰਡ ਬੈਠੇ ਹੁੰਦੇ ਹਨ, ਮਾਪੇ ਉਨ੍ਹਾਂ ਨੂੰ ਮਿਲਦੇ ਹਨ। ਜੇਕਰ ਕੋਈ ਬੱਚੀ ਸਕੂਲ ਤੋਂ ਬਾਹਰ ਜਾਂਦੀ ਹੈ, ਕੀ ਉਹ ਛੁੱਟੀ ਲੈ ਕੇ ਗਈ ਹੈ ਜਾਂ ਕਿਸੇ ਟੀਚਰ ਦੀ ਇਜ਼ਾਜਤ ਨਾਲ ਜਾ ਰਹੀ ਹੈ ਜਾਂ ਜੇਕਰ ਬੱਚੀ ਸਕੂਲ ਲੇਟ ਪਹੁੰਚਦੀ ਹੈ ਤਾਂ ਸੁਰੱਖਿਆ ਗਾਰਡ ਹੋਣ ਕਾਰਨ ਅਨੁਸ਼ਾਸਨ ਬੱਧਤਾ ਵਿੱਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਸਕੂਲਾਂ ਵਿੱਚ 7877 ਸਫਾਈ ਕਰਮਚਾਰੀ ਅਤੇ 1793 ਚੌਕੀਦਾਰ ਰੱਖੇ ਗਏ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਕੂਲਾਂ ਵਿਚ 1932 ਕੈਂਪਸ ਮੈਨੇਜਰ ਰੱਖੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ 10 ਸਾਲ ਪ੍ਰਿੰਸੀਪਲ ਰਿਹਾ ਹਾਂ। ਜੇਕਰ ਸਕੂਲ ਵਿੱਚ ਕੋਈ ਟੂਟੀ ਖਰਾਬ ਹੋ ਜਾਂਦੀ ਜਾਂ ਪੱਖਾ ਖਰਾਬ ਹੋ ਜਾਂਦਾ, ਬਿਲਡਿੰਗ ਫੰਡ ਆ ਜਾਣ ਤੇ ਕੋਈ ਸਮਾਨ ਲੈਣਾ ਹੁੰਦਾ ਜਾਂ ਸਾਇੰਸ ਲੈਬ ਦਾ ਸਮਾਨ ਲੈਣਾ ਹੁੰਦਾ ਤਾਂ ਪ੍ਰਿੰਸੀਪਲ ਨੂੰ ਆਪਣੇ ਨਾਲ ਦੋ ਟੀਚਰ ਲੈ ਕੇ ਬਾਹਰ ਜਾਣਾ ਪੈਂਦਾ ਸੀ। ਕਿਤੇ ਅਸੀਂ ਇੱਟਾਂ-ਸੀਮਿੰਟ ਦਾ ਭਾਅ ਪੁੱਛਦੇ ਰਹਿਣਾ, ਕਿਤੇ ਮਜ਼ਦੂਰਾਂ ਨੂੰ ਲਿਆਉਣਾ ਤਾਂ ਜੋ ਸਕੂਲ ਵਿੱਚ ਕੰਮ ਸ਼ੁਰੂ ਹੋ ਜਾਵੇ ਪਰ ਹੁਣ ਸਕੂਲਾਂ ਵਿੱਚ ਕੈਂਪਸ ਮੈਨੇਜਰ ਲਗਾ ਕੇ ਪ੍ਰਿੰਸੀਪਲ ਨੂੰ ਸਕੂਲ ਦੇ ਪ੍ਰਬੰਧ ਅਤੇ ਅਧਿਆਪਕਾਂ ਨੂੰ ਪੜ੍ਹਾਈ ਵਾਸਤੇ ਛੱਡ ਦਿੱਤਾ ਹੈ। ਇਹ ਕੈਂਪਸ ਮੈਨੇਜਰ ਹੀ ਉਹ ਸਾਰੇ ਕੰਮ ਕਰਦਾ ਹੈ ਜੋ ਕਿ ਸਾਡੀ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੈ। ਮੈਂ ਇਸ ਗੱਲ ਦੀ ਵਧਾਈ ਦੇਣਾ ਚਾਹੁੰਦਾ ਹਾਂ।

ਅਗਲੀ ਗੱਲ ਮੈਂ ਜਿਹੜੀ ਕਰਨੀ ਚਾਹੁੰਦਾ ਹਾਂ, ਇਹ ਬਹੁਤ ਮਹੱਤਵਪੂਰਨ ਗੱਲ ਹੈ। ਅਸੀਂ ਨਿਰਮਾਣ ਦਾ ਕੋਈ ਵੀ ਕੰਮ ਕਰਵਾਉਂਦੇ ਹਾਂ ਤਾਂ ਠੇਕਾ ਅਧਾਰਤ ਕੰਮ ਕਰਦੇ ਹਾਂ। ਇਹ ਪਹਿਲੀ ਵਾਰ ਹੈ ਕਿ ਸਕੂਲਾਂ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਸਿਵਲ ਨਿਰਮਾਣ ਦੇ ਕੰਮਾਂ ਦੀ ਦੇਖ-ਰੇਖ ਦੀ ਪੂਰੀ ਜ਼ਿੰਮੇਵਾਰੀ ਸੌਂਪੀ ਗਈ ਹੈ।

**ਬੁਨਿਆਦੀ ਢਾਂਚੇ ਵਿੱਚ ਬਦਲਾਅ ਅਤੇ ਬਿਹਤਰ ਸਿੱਖਿਅਕ ਮਾਹੌਲ**

ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਨੇ ਬਹੁਤ ਵੱਡੀ ਇਨਵੈਸਟਮੈਂਟ ਕੀਤੀ ਹੈ। ਜਿਸ ਅਧੀਨ 400 ਕਰੋੜ ਦੀ ਲਾਗਤ ਨਾਲ 4016 ਸਕੂਲਾਂ ਵਿੱਚ 8268 ਇੰਟਰਐਕਟਿਵ ਪੈਨਲ ਲਗਾਏ ਗਏ ਹਨ ਅਤੇ 5012 ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਸਥਾਪਤ ਕੀਤੀਆਂ ਜਾ ਰਹੀਆਂ ਹਨ, ਜੋ ਕਿ ਬਹੁਤ ਵੱਡਾ ਬਦਲਾਅ ਹੈ। ਇਕ ਲੱਖ ਦੀ ਲਾਗਤ ਵਾਲੇ ਇੰਟਰਐਕਟਿਵ ਪੈਨਲ ਹਰੇਕ ਸਕੂਲ ਵਿੱਚ ਦੋ ਦੋ ਦਿੱਤੇ ਗਏ ਹਨ। ਕਈ ਸਕੂਲਾਂ ਕੋਲ ਆਪਣੇ 10-12 ਪੈਨਲ ਹਨ। ਅੱਜ ਕਲ੍ਹ ਬੱਚਾ ਸਿਰਫ ਪੜ੍ਹਨ ਵਾਲੇ ਮੈਥਡ ਨਾਲ ਨਹੀਂ ਸਿੱਖਦਾ ਬਲਕਿ ਹੁਣ ਉਹ ਇੰਟਰਐਕਟਿਵ ਪੈਨਲ ਰਾਹੀਂ ਟਚ ਸਕਰੀਨ ਰਾਹੀਂ ਪੜ੍ਹਾਈ ਕਰ ਰਿਹਾ ਹੈ। ਅਧਿਆਪਕ ਨੇ ਜੋਗਰਫੀ ਜਾਂ ਸਾਇੰਸ ਵਿਸ਼ੇ ਤੇ ਪੜ੍ਹਾਉਣਾ ਹੁੰਦਾ ਹੈ, ਹਾਰਟ ਬਾਰੇ ਗੱਲ ਦੱਸਣੀ ਹੁੰਦੀ ਹੈ ਤਾਂ ਬਹੁਤ ਸ਼ਾਨਦਾਰ ਤਰੀਕੇ ਨਾਲ ਪੜ੍ਹਾਇਆ ਜਾ ਸਕਦਾ ਹੈ, ਮੈਂ ਇਹ ਖੁਦ ਜਾ ਕੇ ਦੇਖ ਕੇ ਆਇਆ ਹਾਂ। ਇਸ ਦੇ ਨਾਲ ਹੀ 99% ਸਕੂਲਾਂ ਵਿੱਚ ਚਾਰਦੀਵਾਰੀ ਬਣਾਈ ਜਾ ਚੁੱਕੀ ਹੈ। ਮੈਂ ਆਪਣੇ ਜ਼ਿਲ੍ਹੇ ਮਾਨਸਾ ਵਿੱਚ, ਆਪਣੇ ਹਲਕੇ ਵਿੱਚ ਦੇਖਿਆ ਹੈ ਕਿ ਇਕ ਵੀ ਸਕੂਲ ਅਜਿਹਾ ਨਹੀਂ ਹੈ, ਜਿਸ ਦੀ ਚਾਰਦੀਵਾਰੀ ਨਾ ਹੋਵੇ। ਪਹਿਲਾਂ ਚਾਰਦੀਵਾਰੀ ਨਹੀਂ ਹੁੰਦੀ ਸੀ, ਜਿਸ ਕਾਰਨ ਅਵਾਰਾ ਪਸ਼ੂ ਅੰਦਰ ਘੁੰਮਦੇ ਰਹਿੰਦੇ ਸਨ। ਅੱਜ ਪੰਜਾਬ ਦੇ 99% ਸਕੂਲਾਂ ਵਿੱਚ ਚਾਰਦੀਵਾਰੀ ਹੈ। ਜਦੋਂ ਸਾਲ 2022 ਵਿੱਚ ਸਾਡੀ ਸਰਕਾਰ ਆਈ ਸੀ ਤਾਂ ਉਦੋਂ 4500 ਸਕੂਲਾਂ ਦੀ ਚਾਰਦੀਵਾਰੀ

ਨਹੀਂ ਸੀ। ਇਸੇ ਤਰ੍ਹਾਂ ਸਾਲ 2022 ਵਿੱਚ ਲੜਕੇ ਅਤੇ ਲੜਕੀਆਂ ਵਾਸਤੇ ਵੱਖਰੇ ਪਖਾਨੇ ਦੀ ਸਹੂਲਤ 3700 ਸਕੂਲਾਂ ਵਿੱਚ ਨਹੀਂ ਸੀ ਪਰ ਹੁਣ ਸਰਕਾਰ ਨੇ 12,854 ਨਵੇਂ ਪਖਾਨੇ ਬਣਾ ਕੇ ਇਸ ਸਹੂਲਤ ਨੂੰ ਯਕੀਨੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਸਾਰੇ ਵਿਦਿਅਰਥੀਆਂ ਲਈ ਅਰਾਮਦਾਇਕ ਬੈਠਣ ਦੀ ਵਿਵਸਥਾ ਯਕੀਨੀ ਬਣਾਉਣ ਲਈ ਇਕ ਲੱਖ ਤੋਂ ਵੱਧ ਨਵੇਂ ਡੈਸਕ ਖਰੀਦੇ ਗਏ ਹਨ। ਹੁਣ ਕੋਈ ਵੀ ਵਿਦਿਆਰਥੀ ਫਰਸ਼ ਤੇ ਬੈਠ ਕੇ ਪੜ੍ਹਾਈ ਨਹੀਂ ਕਰਦਾ। ਵਿਦਿਆਰਥੀਆਂ ਲਈ ਯੋਗ ਕਲਾਸਰੂਮ ਉਪਲਬਧ ਕਰਵਾਉਣ ਲਈ 7300 ਤੋਂ ਵੱਧ ਨਵੇਂ ਕਮਰੇ ਬਣਾਏ ਗਏ ਹਨ ਅਤੇ 5300 ਕਲਾਸਰੂਮਜ਼ ਦੀ ਮੁਰੰਮਤ ਅਤੇ ਨਵੀਨੀਕਰਨ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਜਦੋਂ ਸਕੂਲਾਂ ਵਿੱਚ ਕੋਈ ਉਦਘਾਟਨ ਕਰਨ ਜਾਂਦੇ ਹਾਂ ਜਾਂ ਵੈਸੇ ਵੀ ਜਾਂਦੇ ਹਾਂ ਤਾਂ ਉਨ੍ਹਾਂ ਸਕੂਲਾਂ ਦੇ ਪ੍ਰਿੰਸੀਪਲ ਕਹਿੰਦੇ ਹਨ ਕਿ ਸਾਡੀ ਸਕੂਲਾਂ ਵਾਸਤੇ ਕੋਈ ਮੰਗ ਨਹੀਂ ਹੈ ਕਿਉਂਕਿ ਇੰਨੇ ਕਮਰੇ, ਇੰਨਾ ਇਨਫ੍ਰਾਸਟ੍ਰਕਚਰ ਆ ਚੁੱਕਿਆ ਹੈ, ਇੰਨੀ ਟੀਚਿੰਗ ਲਈ ਏਡ ਆ ਚੁੱਕੀ ਹੈ ਕਿ ਸਾਨੂੰ ਮੰਗਣ ਦੀ ਲੋੜ ਨਹੀ ਪੈਂਦੀ। ਡਿਪਟੀ ਸਪੀਕਰ ਸਾਹਿਬ, ਮੈਂ ਸਾਲ 1975 ਵਿੱਚ ਪ੍ਰਾਇਮਰੀ ਸਕੂਲ ਵਿੱਚ ਜੇਬੀਟੀ ਟੀਚਰ ਲੱਗਿਆ ਸੀ। ਮੈਂ 13 ਸਾਲ ਜੇਬੀਟੀ ਟੀਚਰ ਰਿਹਾ ਹਾਂ। ਸਾਨੂੰ ਪਤਾ ਹੈ ਕਿ ਜਦੋਂ ਅਸੀਂ ਸਕੂਲ ਜਾਂਦੇ ਸੀ ਤਾਂ ਸਾਨੂੰ ਜਾਣ ਸਾਰ ਆਪਣੀ ਕਲਮ ਘੜਣੀ ਪੈਂਦੀ ਸੀ। ਫੱਟੀ ਉੱਤੇ ੳ ਅ ਲਿਖਦੇ ਸੀ, ਜਿਸ ਨੂੰ ਪੂਰਨੇ ਪਾਉਣੇ ਕਹਿੰਦੇ ਸਨ। ਉਸ ਤੋਂ ਬਾਅਦ 1 ਤੋਂ ਲੈ ਕੇ 100 ਤੱਕ ਗਿਣਤੀ ਲਿਖਦੇ ਸੀ। ਬੱਚੇ ਫੱਟੀ ਲਿਖਦੇ ਅਤੇ ਫੇਰ ਅੱਧੀ ਛੁੱਟੀ ਬਾਅਦ ਪੋਚ ਕੇ ਫੇਰ ਦੁਬਾਰਾ ਲਿਖਦੇ ਸੀ, ਇਸ ਪ੍ਰਕਾਰ ਦੀ ਪੜ੍ਹਾਈ ਹੁੰਦੀ ਸੀ ਪਰੰਤੂ ਅੱਜਕਲ੍ਹ ਜਿਵੇਂ ਸਾਰਾ ਕੰਮ ਡਿਜੀਟਲ ਹੋ ਗਿਆ ਹੈ, ਜਿਵੇਂ ਜਿਵੇਂ ਵਿਕਾਸ ਹੋ ਰਿਹਾ ਹੈ, ਉਸੇ ਪ੍ਰਕਾਰ ਅਸੀਂ ਸਕੂਲਾਂ ਵਿੱਚ ਇਨਫ੍ਰਾਸਟ੍ਰਕਚਰ ਪ੍ਰੋਵਾਈਡ ਕਰਵਾਇਆ ਹੋਇਆ ਹੈ।

ਲਗਭਗ 3.5 ਲੱਖ ਲੜਕੀਆਂ ਨੂੰ ਸਾਲ ਭਰ ਮੁਫ਼ਤ ਸੈਨੇਟਰੀ ਨੈਪਕਿਨ ਮੁਹੱਈਆ ਕੀਤੇ ਜਾਂਦੇ ਹਨ। ਵੱਡੀ ਗੱਲ ਇਹ ਕੀਤੀ ਗਈ ਹੈ ਕਿ ਡਿਜੀਟਲ ਦੁਨੀਆ ਨਾਲ ਜੋੜਣ ਵਾਸਤੇ ਪੰਜਾਬ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਉੱਚ ਗਤੀ ਇੰਟਰਨੈੱਟ (Wi-Fi FTTH) ਭਾਵ fibre to the home ਉਪਲਬਧ ਕਰਾਉਣ ਲਈ ਬੀ ਐਸ ਐਨ ਐਲ ਨਾਲ ਸਮਝੌਤਾ ਕੀਤਾ ਗਿਆ ਹੈ।

**1250/Karamjit kaur**

ਹੁਣ ਕੁੱਲ 19120 ਸਕੂਲਾਂ ਵਿੱਚੋਂ 17563 ਸਕੂਲਾਂ ਵਿੱਚ FTTH ਕੁਨੈਕਸ਼ਨ ਲਗਾਏ ਜਾ ਚੁੱਕੇ ਹਨ ਅਤੇ ਬਾਕੀ 1557 ਸਕੂਲਾਂ ਵਿੱਚ mobile Hot-spot, Broadband, Dongle and air fibre etc. ਇੰਟਰਨੈੱਟ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਸੈਸ਼ਨ 2026-27 ਵਿੱਚ 13 ਕਰੋੜ ਰੁਪਏ ਦਾ ਬਜਟ ਵਿਦਿਆਰਥੀਆਂ ਲਈ ਰਿਆਇਤੀ ਆਵਾਜਾਈ ਸਹੂਲਤ ਵਾਸਤੇ ਰੱਖਿਆ ਗਿਆ ਹੈ। ਇਹ ਲਾਭ ਹੁਣ ਤੱਕ ਸਕੂਲ ਆਫ ਐਮੀਨੈਂਸ ਜਾਂ ਕੁੱਝ ਚੁਣੇ ਹੋਏ ਸਕੂਲਾਂ ਵਾਸਤੇ ਰੱਖਿਆ ਗਿਆ ਹੈ। ਮੈਂ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਵਿੱਚ ਬਹੁਤ ਸਾਰੇ ਸਕੂਲ ਅਜਿਹੇ ਹਨ, ਜਿੱਥੇ ਲੜਕੀਆਂ ਵਾਸਤੇ ਜਾਣਾ ਔਖਾ ਹੈ, ਇਸ ਲਈ ਉਨ੍ਹਾਂ ਸਕੂਲਾਂ ਦੇ ਟੀਚਰਾਂ ਤੋਂ ਪੁੱਛ ਕੇ ਉਨ੍ਹਾਂ ਸਕੂਲਾਂ ਵਿੱਚ ਵੀ ਇਹ ਸਹੂਲਤ

ਜਲਦੀ ਮੁਹੱਈਆ ਕਰਵਾਈ ਜਾਵੇ। ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੜ੍ਹ ਰਹੀਆਂ ਸਾਰੀਆਂ ਲੜਕੀਆਂ, ਐਸ.ਐਸ./ਐਸ.ਟੀ./ਬੀ.ਪੀ.ਐਲ. ਵਰਗ ਨਾਲ ਸਬੰਧਤ ਲੜਕੀਆਂ ਨੂੰ ਮੁਫ਼ਤ ਵਰਦੀਆਂ ਦਿੱਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਸਾਰੇ ਐਸ.ਸੀ. ਵਿਦਿਆਰਥੀਆਂ ਨੂੰ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮੁਫ਼ਤ ਪਾਠ-ਪੁਸਤਕਾਂ ਦਿੱਤੀਆਂ ਜਾ ਰਹੀਆਂ ਹਨ।

ਸਿੱਖਿਆ ਪੱਖੋਂ ਪਛੜੇ ਖੇਤਰਾਂ ਵਿੱਚ ਲੜਕੀਆਂ ਲਈ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ 29 ਕਸਤੂਰਬਾ ਗਾਂਧੀ ਬਾਲਿਕ ਵਿਦਿਆਲਯ ਹੋਸਟਲ ਚਲਾਏ ਜਾ ਰਹੇ ਹਨ। ਮੇਰੇ ਹਲਕੇ ਬੁਢਲਾਡੇ ਵਿੱਚ ਇੱਕ ਸਕੂਲ ਹੈ ਜਿੱਥੇ 1300 ਲੜਕੀਆਂ ਪੜ੍ਹਦੀਆਂ ਹਨ। ਉੱਥੇ 70 ਟੀਚਰਾਂ ਦਾ ਸਟਾਫ ਹੈ। ਉੱਥੇ ਕੇ.ਜੀ.ਬੀ. ਕਸਤੂਰਬਾ ਗਾਂਧੀ ਬਾਲਿਕ ਵਿਦਿਆਲਯ ਖੋਲ੍ਹਿਆ ਹੋਇਆ ਹੈ, ਜਿੱਥੇ ਰਹਿ ਕੇ ਗਰੀਬ ਲੜਕੀਆਂ ਆਪਣੀ ਪੜ੍ਹਾਈ ਕਰਦੀਆਂ ਹਨ । ਇਸੇ ਤਰ੍ਹਾਂ ਇਸ ਸਮੇਂ ਮਿਡ-ਡੇ-ਮੀਲ ਤਿਆਰ ਕਰਨ ਲਈ 44383 ਪਾਰਟ ਟਾਈਮ ਕੁੱਕ ਤੇ ਹੈਲਪਰਜ਼ ਦੀਆਂ ਸੇਵਾਵਾਂ ਨਿਭਾ ਰਹੇ ਹਨ। ਇਨ੍ਹਾਂ ਨੂੰ 12 ਮਹੀਨਿਆਂ ਲਈ ਪ੍ਰਤੀ ਮਹੀਨਾ 3000 ਰੁਪਿਆ ਦਿੱਤਾ ਜਾਂਦਾ ਹੈ। ਜਿਸ ਵਿੱਚ 600 ਰੁਪਿਆ ਕੇਂਦਰ ਸਰਕਾਰ ਦਿੰਦੀ ਹੈ ਅਤੇ 400 ਰੁਪਿਆ ਰਾਜ ਦੇ ਲਾਜ਼ਮੀ ਹਿੱਸੇ ਵਜੋਂ ਪੈਸਾ ਪਾਉਣਾ ਹੈ। ਸਰ, ਹੈਲਪਰ ਨੂੰ ਸਿਰਫ 1000 ਰੁਪਿਆ ਮਿਲਦਾ ਹੈ ਜੀ। ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੇ 2000 ਰੁਪਏ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਹਨ, ਹੁਣ ਇਨ੍ਹਾਂ ਨੂੰ 3000 ਰੁਪਿਆ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਅੱਜ ਵੀ ਸਾਡੇ ਵਿੱਤ ਮੰਤਰੀ ਚੀਮਾ ਸਾਹਿਬ ਨੇ ਕੇਂਦਰ ਸਰਕਾਰ ਤੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੋਂ ਮੰਗ ਕੀਤੀ ਹੈ ਕਿ ਜਿਹੜੇ ਮਿਡ-ਡੇ-ਮੀਲ ਵਰਕਰ ਹਨ, ਉਹ ਸਾਰਾ ਦਿਨ ਮੀਲ ਬਣਾਉਂਦੀਆਂ ਹਨ, ਕਿਸੇ ਸਕੂਲ ਵਿੱਚ 150, ਕਿਸੇ ਵਿੱਚ 200 ਤੇ ਕਿਸੇ ਵਿੱਚ 300 ਵਿਦਿਆਰਥੀ ਹਨ, ਗਰਮੀ ਵਿੱਚ ਖਾਸ ਤੌਰ ਤੇ ਸਾਰਾ ਦਿਨ ਧੁੱਪ ਵਿੱਚ ਬਹਿ ਕੇ, ਵੈਸੇ ਤਾਂ ਜ਼ਿਆਦਾਤਰ ਸਕੂਲਾਂ ਵਿੱਚ ਛਾਂ ਦਾ ਪ੍ਰਬੰਧ ਕੀਤਾ ਹੁੰਦਾ ਹੈ ਪਰ ਅੱਗ ਦੇ ਮੂਹਰੇ ਗਰਮੀ ਵਿੱਚ ਬਹਿ ਕੇ ਖਾਣਾ ਪਕਾਉਣਾ ਔਖਾ ਹੈ। ਸਰ, ਤੁਹਾਡੇ ਜ਼ਰੀਏ ਮੈਂ ਵੀ ਮੰਗ ਕਰਦਾ ਹਾਂ ਕਿ ਪੰਜਾਬ ਸਰਕਾਰ ਸੈਂਟਰ ਸਰਕਾਰ ਦੇ ਕੇਂਦਰੀ ਮੰਤਰੀਆਂ ਨੂੰ ਚਿੱਠੀਆਂ ਲਿਖੇ ਕਿ ਮਿਡ-ਡੇ-ਮੀਲ ਵਰਕਰਾਂ ਨੂੰ ਘੱਟੋ-ਘੱਟ 10,000 ਰੁਪਿਆ ਪ੍ਰਤੀ ਮਹੀਨਾ ਮਾਣ-ਭੱਤਾ ਦਿੱਤਾ ਜਾਵੇ।

ਸਰ, ਭਵਿੱਖੀ ਯੋਜਨਾ ਵਿੱਚ ਇਹ ਹੈ, ਮੈਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਪੰਜਾਬ ਸਰਕਾਰ ਨੇ ਵਿਸ਼ਵ ਬੈਂਕ ਦੇ ਸਹਿਯੋਗ ਨਾਲ 6 ਸਾਲਾਂ ਲਈ 3500 ਕਰੋੜ ਦੇ ਸਕੂਲ ਟਰਾਂਪੋਰਟੇਸ਼ਨ ਦੀ ਸਕੀਮ ਸ਼ੁਰੂ ਕੀਤੀ ਹੈ। ਇਹ ਵਰਲਡ ਬੈਂਕ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਹੈ। ਹੁਣ ਤੱਕ ਇਸ ਤਹਿਤ ਦੋ ਦਾਅਵੇ ਦਾਇਰ ਕੀਤੇ ਜਾ ਚੁੱਕੇ ਹਨ। ਪਹਿਲਾ ਦਾਅਵਾ 105.91 ਕਰੋੜ ਰੁਪਏ ਦਾ ਹੈ। ਦੂਜਾ ਦਾਅਵਾ 116.70 ਕਰੋੜ ਰੁਪਏ ਦਾ ਹੈ। 222.61 ਕਰੋੜ ਰੁਪਏ ਦੇ ਦੋ ਦਾਅਵੇ ਵਿਸ਼ਵ ਬੈਂਕ ਨੂੰ ਭੇਜੇ ਜਾ ਚੁੱਕੇ ਹਨ, ਉਨ੍ਹਾਂ ਵਿੱਚ ਲਗਭੱਗ ਇਸ ਦੀ ਗ੍ਰਾਂਟ ਆ ਚੁੱਕੀ ਹੈ, ਜਿਹੜਾ ਵਿਸ਼ਵ ਬੈਂਕ ਦੇ ਸਹਿਯੋਗ ਨਾਲ 3500 ਕਰੋੜ ਰੁਪਏ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ, ਉਨ੍ਹਾਂ ਵਿੱਚੋਂ 222.61 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ। ਇਹ ਸਾਡੀ ਨਵੀਂ ਭਵਿੱਖ ਯੋਜਨਾਬੰਦੀ ਸਕੀਮ ਹੈ।

ਸਰ, ਮੈਂ ਲਾਸਟ ਵਿੱਚ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਸਰਕਾਰ ਵੱਲੋਂ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਤਿੰਨ ਮਹੀਨੇ ਲਈ ਆਮ ਵਰਗ ਦੀਆਂ ਲੇਡੀਜ ਨੂੰ 3000 ਰੁਪਿਆ ਅਤੇ 4500 ਰੁਪਿਆ ਗਰੀਬ ਵਰਗ ਦੀਆਂ ਲੇਡੀਜ/ਲੜਕੀਆਂ ਨੂੰ ਦਿੱਤਾ ਗਿਆ ਹੈ। ਆਮ ਤੌਰ ਤੇ ਜਿਹੜੀਆਂ 18 ਸਾਲ ਤੋਂ ਵੱਧ ਉਮਰ ਦੀਆਂ ਲੜਕੀਆਂ ਹਨ, ਉਹ ਕਿਸੇ ਨਾ ਕਿਸੇ ਕਾਲਜ ਵਿੱਚ ਪੜ੍ਹਨ ਲਈ ਜਾਂਦੀਆਂ ਹਨ, ਚਾਹੇ ਉਹ ਸਰਕਾਰੀ ਕਾਲਜ ਹੋਵੇ, ਚਾਹੇ ਗੈਰ ਸਰਕਾਰੀ ਕਾਲਜ ਹੋਵੇ, ਕਿਸੇ ਸੰਸਥਾ ਦਾ ਕਾਲਜ ਹੋਵੇ ਜਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਕਾਲਜ ਹੋਵੇ, ਜਦੋਂ ਉਨ੍ਹਾਂ ਲੜਕੀਆਂ ਨੂੰ 3000 ਰੁਪਿਆ ਮਿਲ ਗਿਆ ਤਾਂ ਇਹ ਪੈਸਾ ਉਨ੍ਹਾਂ ਦੀ ਪੜ੍ਹਾਈ ਵਾਸਤੇ ਵਰਦਾਨ ਸਿੱਧ ਹੋਇਆ ਹੈ ਅਤੇ ਅੱਗੇ ਲਈ ਵੀ ਹੋਵੇਗਾ। ਮੈਂ ਜਦੋਂ ਪ੍ਰਿੰਸੀਪਲ ਸੀ ਤਾਂ ਦੇਖਦਾ ਸੀ ਕਿ ਗਰੀਬ ਘਰ੍ਹਾਂ ਦੀਆਂ ਬਹੁਤ ਸਾਰੀਆਂ ਕੁੜੀਆਂ ਜਦੋਂ ਕੰਟੀਨ ਤੇ ਜਾਂਦੀਆਂ ਸਨ ਤਾਂ ਉਹ ਕੰਟੀਨ ਵਿੱਚ ਚਾਹ ਨਹੀਂ ਪੀਂਦੀਆਂ ਸੀ ਕਿਉਂਕਿ ਉਨ੍ਹਾਂ ਦੇ ਬਾਪੂਆਂ ਕੋਲ ਪੈਸੇ ਨਹੀਂ ਸੀ। ਅਸੀਂ ਕਈ ਵਾਰੀ ਦੇਖਦੇ ਹਾਂ, ਮੇਰੇ ਹਲਕੇ ਬੁਢਲਾਡੇ ਵਿੱਚ 200 ਮਜ਼ਦੂਰ ਦਿਹਾੜੀ ਵਾਸਤੇ ਸਾਈਕਲ ਤੇ ਆਉਂਦੇ ਹਨ, ਉਨ੍ਹਾਂ ਨੂੰ ਉਮੀਦ ਹੁੰਦੀ ਹੈ ਕਿ ਦਿਹਾੜੀ ਮਿਲੇਗੀ। ਕਈ ਵਾਰੀ ਸਭ ਨੂੰ ਦਿਹਾੜੀ ਨਹੀਂ ਮਿਲਦੀ, ਸਿਰਫ 60-70 ਮਜ਼ਦੂਰਾਂ ਨੂੰ ਹੀ ਦਿਹਾੜੀ ਮਿਲਦੀ ਹੈ, ਜੋ ਬਾਕੀ ਦੇ ਮਜ਼ਦੂਰ ਹੁੰਦੇ ਹਨ, ਉਹ ਆਪਣੇ ਸਾਈਕਲ ਤੇ ਬੰਨਿਆ ਟਿਫ਼ਨ ਲੈ ਕੇ 11.00 ਕੁ ਵਜੇ ਵਾਪਸ ਮੁੜ ਜਾਂਦੇ ਹਨ। ਕਈ ਵਾਰੀ ਘਰ ਵਿੱਚ ਦਿੱਕਤ ਹੁੰਦੀ ਹੈ ਜਿਸ ਕਾਰਨ ਲੜਕੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਇਸ ਵਜ੍ਹਾ ਕਾਰਨ ਹੋ ਜਾਂਦਾ ਹੈ।

**1255/harpreet singh**

ਅੱਜ ਜਦੋਂ ਉਨ੍ਹਾਂ ਨੇ ਕਿਤੇ ਦੁੱਖ-ਸੁੱਖ ਵਿਚ ਜਾਣਾ ਹੈ, ਕਿਤੇ ਭੋਗ ਤੇ ਜਾਣਾ ਹੈ, ਕਿਤੇ ਖੁਸ਼ੀ ਦੇ ਸਮਾਗਮ ਤੇ ਜਾਣ ਹੈ ਤਾਂ ਉਨ੍ਹਾਂ ਕੋਲ ਪੈਸੇ ਨਹੀਂ ਸੀ ਹੁੰਦੇ। ਹੁਣ ਜਦੋਂ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਉਨ੍ਹਾਂ ਕੋਲ 3-3 ਹਜ਼ਾਰ ਜਾਂ 45-45 ਸੌ ਰੁਪਿਆ ਆ ਗਿਆ ਹੈ ਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਖਤਮ ਹੋਈਆਂ ਹਨ। ਖਾਸ ਤੌਰ ਤੇ ਦਲਿਤ ਕੁੜੀਆਂ ਲਈ ਤਾਂ ਇਹ ਸਕੀਮ ਵਰਦਾਨ ਸਿੱਧ ਹੋਈ ਹੈ ਕਿਉਂਕਿ ਉਹ 4500 ਰੁਪਏ ਨਾਲ ਆਪਣੀਆਂ ਕਿਤਾਬਾਂ ਖਰੀਦ ਸਕਦੀਆਂ ਹਨ, ਆਪਣੀ ਵਰਦੀ ਲੈ ਸਕਦੀਆਂ ਹਨ। ਸੋ, ਇਸ ਸਕੀਮ ਦਾ 4500 ਰੁਪਿਆ ਅੱਜ ਸਕੂਲਾਂ ਕਾਲਜਾਂ ਵਿਚ ਪੜ੍ਹਦੀਆਂ ਸਾਡੀਆਂ ਬੱਚੀਆਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਹ ਸਾਡੇ ਮੁੱਖ ਮੰਤਰੀ ਜੀ ਵੱਲੋਂ ਬਹੁਤ ਵੱਡੀ ਸਕੀਮ ਚਲਾਈ ਗਈ ਹੈ। (ਥੰਪਿੰਗ) ਉਨ੍ਹਾਂ ਨੇ ਆਪਣੀਆਂ ਧੀਆਂ ਸਮਝ ਕੇ, ਆਪਣੀਆਂ ਛੋਟੀਆਂ ਭੈਣਾਂ ਸਮਝ ਕੇ ਜਿਹੜਾ ਪੈਸਾ ਉਨ੍ਹਾਂ ਨੂੰ ਦਿੱਤਾ ਹੈ, ਇਹ ਉਨ੍ਹਾਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਵਿਕਾਸ ਲਈ ਬਹੁਤ ਵੱਡਾ ਕਦਮ ਸਾਬਤ ਹੋਵੇਗਾ। ਸੋ, ਅੱਜ ਜਿਹੜੀ ਸਾਡੀ ਸਰਕਾਰ ਦੀ ਸਿੱਖਿਆ ਨੀਤੀ ਚੱਲ ਰਹੀ ਹੈ। ਇਕ ਵੀ ਗੱਲ ਤੁਸੀਂ ਅਜਿਹੀ ਨਹੀਂ ਕਹਿ ਸਕਦੇ ਜੋ ਵਾਪਰ ਨਹੀਂ ਰਹੀ। ਉਹ ਸਾਰੀਆਂ ਗੱਲਾਂ ਪੰਜਾਬ ਦੇ ਸਕੂਲਾਂ ਵਿਚ ਵਾਪਰ ਰਹੀਆਂ ਹਨ। ਅੱਜ ਸਾਡੇ ਪੰਜਾਬ ਦੇ ਸਕੂਲ ਚੰਗੇ ਸਕੂਲ ਬਣ ਗਏ ਹਨ। ਮੈਂ ਆਪਣੇ ਬੁਢਲਾਡੇ ਦੇ ਸਕੂਲਾਂ ਬਾਰੇ ਕਹਿ ਸਕਦਾ ਹਾਂ ਕਿ ਉੱਥੇ ਜਾਣ ਨੂੰ ਜੀਅ ਕਰਦਾ ਹੈ। ਐਨੇ ਵਧੀਆ ਸਕੂਲ ਬਣਾਏ ਹਨ, ਬਾਹਰੋਂ ਵਧੀਆ ਡੈਕੋਰਸ਼ਨ ਕੀਤੀ ਹੋਈ ਹੈ, ਟੀਚਰਾਂ ਨੂੰ ਟੀਚਿੰਗ ਏਡ ਦੀ ਕੋਈ ਘਾਟ ਨਹੀਂ ਹੈ। ਪੀਣ ਵਾਲਾ ਪਾਣੀ, ਪਾਣੀ ਦੇ ਨਿਕਾਸ ਵਾਸਤੇ ਸਾਰੇ ਪ੍ਰਬੰਧ ਹਨ। ਕਈ ਸਕੂਲ ਸਾਡੇ ਕੋਲੋਂ ਸ਼ੈਡ ਦੀ ਮੰਗ ਕਰਦੇ ਹਨ ਤਾਂ ਮੈਂ ਆਪਣੇ ਹਲਕੇ ਦੇ

25-30 ਸਕੂਲਾਂ ਵਾਸਤੇ ਰੰਗਲਾ ਪੰਜਾਬ ਫੰਡ ਵਿਚੋਂ ਸ਼ੈੱਡ ਵਾਸਤੇ ਪੈਸੇ ਦਿੱਤੇ ਹਨ ਤਾਂ ਜੋ ਉੱਥੇ ਸ਼ੈਡ ਪਾਇਆ ਜਾਵੇ। ਇਸ ਨਾਲ ਉਹ ਗਰਮੀ ਸਰਦੀ ਵਿਚ ਸਵੇਰ ਦੀ ਸਭਾ ਕਰ ਸਕਦੇ ਹਨ, ਇਨਾਮ ਵੰਡ ਸਮਾਗਮ ਕੀਤਾ ਜਾ ਸਕਦਾ ਹੈ। ਸੋ, ਪੰਜਾਬ ਵਿਚ ਖਾਸ ਕਰਕੇ ਸਾਡੇ ਹਲਕੇ ਵਿਚ ਬਹੁਤ ਵਧੀਆ ਸਕੂਲੀ ਸਿਸਟਮ ਬਣਾਇਆ ਗਿਆ ਹੈ। ਸਾਡੀ ਸਰਕਾਰ ਦਾ ਮੁੱਖ ਮੁੱਦਾ ਸਿਹਤ ਤੇ ਸਿੱਖਿਆ ਸੀ ਅਤੇ ਖਾਸ ਕਰਕੇ ਸਿੱਖਿਆ ਲਈ ਜੋ ਸਾਡੇ ਮੁੱਖ ਮੰਤਰੀ ਜੀ ਨੇ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਿੱਖਿਆ ਨੀਤੀ ਸਾਡੇ ਗੁਰੂਆਂ ਦੀ ਦੇਣ ਹੈ। ਅੱਜ ਅਸੀਂ ਗੁਰਬਾਣੀ ਪੜ੍ਹਦੇ ਹਾਂ। ਸਾਖ਼ਰਤਾ ਮੁਹਿੰਮ ਜਦੋਂ ਚੱਲੀ ਸੀ ਤਾਂ ਮੈਂ ਵੀ ਉਸ ਦਾ ਹਿੱਸਾ ਸੀ। ਸਾਡਾ ਨਾਅਰਾ ਹੁੰਦਾ ਸੀ "ਬਾਬਾ ਜੇ ਤੈਨੂੰ ਗੁਰਬਾਣੀ ਨਾਲ ਪਿਆਰ, ਤਾਂ ਸਿੱਖ ਲੈ ਅੱਖਰ ਚਾਰ"। ਅੱਖਰਾਂ ਤੋਂ ਬਿਨਾ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਗੁਰੂ ਸਾਹਿਬ ਨੇ ਵੀ ਕਿਹਾ ਹੈ ਕਿ "ਵਿਦਿਆ ਵੀਚਾਰੀ ਤਾਂ ਪਰਉਪਕਾਰੀ"। ਜੇਕਰ ਵਿਦਿਆ ਦਾ ਵਿਚਾਰ ਕਰਾਂਗੇ ਤਾਂ ਹੀ ਵਿਦਿਆ ਆਵੇਗੀ। "ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ" ਗੁਰੂ ਦੀ ਕ੍ਰਿਪਾ ਨਾਲ ਹੀ ਵਿਦਿਆ ਦਾ ਵਿਚਾਰ ਹੁੰਦਾ ਹੈ ਅਤੇ ਉਸ ਨੂੰ ਪੜ੍ਹ ਕੇ ਮਾਣ ਸਨਮਾਨ ਮਿਲਦਾ ਹੈ। ਅੱਜ ਉਸ ਵਿਦਿਆ ਦੇ ਪ੍ਰਸਾਰ ਪ੍ਰਚਾਰ ਵਾਸਤੇ ਸਰਕਾਰ ਐਨੇ ਵੱਡੇ ਉਪਰਾਲੇ ਕਰ ਰਹੀ ਹੈ ਤਾਂ ਲਾਜ਼ਮੀ ਬਣਦਾ ਹੈ ਕਿ ਸਰਦਾਰ ਦਾ ਬਹੁਤ ਬੁਹੁਤ ਧੰਨਵਾਦ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ, ਹੁਣ ਸਰਦਾਰ ਪਰਗਟ ਸਿੰਘ ਜੀ ਬੋਲਣਗੇ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਬਹੁਤ ਧੰਨਵਾਦ ਡਿਪਟੀ ਸਪੀਕਰ ਸਾਹਿਬ। ਜਿਹੜਾ ਪ੍ਰੋਫੈਸਰ ਗੱਜਣਮਾਜਰਾ ਜੀ ਵੱਲੋਂ ਮਤਾ ਲਿਆਂਦਾ ਗਿਆ ਹੈ, ਤੁਸੀਂ ਮੈਨੂੰ ਇਸ ਤੇ ਬੋਲਣ ਦਾ ਮੌਕਾ ਦਿੱਤਾ, ਬਹੁਤ ਧੰਨਵਾਦ। ਨਰੋਈ ਸੋਚ ਅਤੇ ਨਰੋਈ ਸਿਹਤ। ਪੰਜਾਬੀਆਂ ਦੇ ਅਗਰੈਸਿਵ ਜੀਨਜ਼ ਹਨ। ਟੈਕਨਾਲੋਜੀ ਹੌਲੀ ਹੌਲੀ ਜਗ੍ਹਾ ਲੈ ਰਹੀ ਹੈ। ਸਾਡੇ ਬੱਚੇ ਗਰਾਉਂਡਾਂ ਵਿਚ ਘੱਟ ਜਾ ਰਹੇ ਹਨ। ਮਾਨਸਿਕ ਤੌਰ ਤੇ ਬੇਸ਼ੱਕ ਅਸੀਂ ਅਲਰਟ ਹੋ ਰਹੇ ਹਾਂ ਪਰ ਫਿਜ਼ੀਕਲੀ ਕਮਜ਼ੋਰੀ ਵੱਲ ਵੱਧ ਰਹੇ ਹਾਂ। ਕਮਜ਼ੋਰੀ ਤਾਂ ਸਾਡੀ ਇੱਥੋਂ ਤੱਕ ਵੱਧ ਗਈ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਐਨਾ ਡਰਨ ਲੱਗ ਗਈਆਂ ਕਿ ਜ਼ਮੀਨੀ ਹਕੀਕਤ ਨੂੰ ਇੱਥੇ ਦੱਸਣ ਤੋਂ ਵੀ ਇਨਕਾਰੀ ਹੋ ਜਾਂਦੀਆਂ ਹਨ। ਇਹ ਠੀਕ ਹੈ ਕਿ ਅਸੀਂ ਜਦੋਂ ਵੀ ਗੱਲਾਂ ਕਰਦੇ ਹਾਂ ਤਾਂ statistics ਸਾਨੂੰ ਬਿਓਰੋਕਰੇਟਸ ਦੇ ਦਿੰਦੇ ਹਨ ਅਤੇ ਉਸ ਤੇ ਅਸੀਂ ਜ਼ਮੀਨੀ ਹਕੀਕਤ ਬਾਰੇ ਗੱਲ ਨਹੀਂ ਕਰਦੇ। ਜਦੋਂ ਮੈਂ ਡਾਇਰੈਕਟਰ ਸਪੋਰਟਸ ਸੀ ਤਾਂ ਮੈਂ ਦੁਨੀਆਂ ਦੀਆਂ ਸਪੋਰਟਸ ਪਾਲਿਸੀਆਂ ਨੂੰ ਵਿਚਾਰਿਆ। ਅੱਜ ਕੱਲ੍ਹ ਹਰ ਚੀਜ਼ ਤੇ ਰਿਸਰਚ ਹੁੰਦੀ ਹੈ। ਜਿਹੜਾ 3 ਸਾਲ ਤੋਂ ਲੈ ਕੇ 8 ਸਾਲ ਤੱਕ ਦਾ ਬੱਚਾ ਹੈ, ਉਸ ਦੇ ਫਿਜ਼ੀਕਲ ਅਤੇ mental parameters ਦੀ ਕੁਰੈਕਸ਼ਨ ਕੀਤੀ ਜਾ ਸਕਦੀ ਹੈ। ਉਸ ਤੋਂ ਬਾਅਦ ਨਹੀਂ ਕੀਤੀ ਜਾ ਸਕਦੀ। ਪਰ ਬਦਕਿਸਮਤੀ ਇਹ ਹੈ ਕਿ ਉਸ ਏਜ ਗਰੁੱਪ ਦੀ ਸਾਡੀ ਕੋਲ ਕੋਈ ਪਲੈਨਿੰਗ ਨਹੀਂ ਹੈ। ਮੈਂ ਤਾਂ ਤਿੰਨ ਮਹੀਨੇ ਵਾਸਤੇ ਸਿੱਖਿਆ ਮੰਤਰੀ ਬਣਿਆ ਸੀ ਅਤੇ ਉਦੋਂ 2 ਹਜ਼ਾਰ ਪੀ.ਟੀ.ਆਈ ਦੀਆਂ ਪੋਸਟਾਂ ਇਸ ਆਈਡੀਏ ਨਾਲ ਕਰੀਏਟ ਕੀਤੀਆਂ ਸਨ ਕਿ ਜਿਹੜੇ 3 ਸਾਲ ਤੋਂ 5 ਜਾਂ 6 ਸਾਲ ਦੀ ਉਮਰ ਦੇ ਬੱਚੇ ਸਕੂਲ ਆਉਂਦੇ ਹਨ, ਉਨ੍ਹਾਂ ਦੇ ਫਿਜ਼ੀਕਲ ਤੇ mental parameters ਦੀ ਕੁਰੈਕਸ਼ਨ ਹੋ ਸਕੇ। ਚੀਨ ਨੇ ਪਿਛਲੇ 30 ਸਾਲਾਂ ਵਿਚ ਕੀ ਕੀਤਾ ਹੈ।

**1300/amandeep kaur**

ਉਨ੍ਹਾਂ ਨੇ 10 ਕਰੋੜ ਬੱਚਾ 3 ਤੋਂ 13 ਸਾਲਾਂ ਤੱਕ ਦਿਆਂ ਨੂੰ sports in general ਦਾ ਨਾਂ ਦਿੱਤਾ। ਉਸ ਵਿੱਚੋਂ 10 ਲੱਖ ਬੱਚਾ ਸਪੈਸ਼ੇਲਾਈਜ਼ੇਸ਼ਨ ਲਈ ਉਹ ਸਿਲੈਕਟ ਕਰਦੇ ਹਨ ਅਤੇ ਉਨ੍ਹਾਂ ਵਿੱਚੋਂ ਹੀ 10 ਹਜ਼ਾਰ ਬੱਚਾ for super specialization ਲਈ select ਕਰਦੇ ਹਨ। ਉਹ ਉਨ੍ਹਾਂ ਦੇ medal getter ਹਨ। ਪਿਛਲੇ 30 ਸਾਲਾਂ ਵਿੱਚ ਚਾਈਨਾ ਦੇ ਬੱਚਿਆਂ ਦੀ officially ਢਾਈਂ ਇੰਚ ਹਾਈਟ increase ਹੋ ਗਈ। ਕਿਉਂਕਿ ਜਿੰਨਾ ਚਿਰ ਅਸੀਂ sports ਤੇ ਅਤੇ ਬੱਚਿਆਂ ਤੇ ਕੰਮ ਨਹੀਂ ਕਰਾਂਗੇ, ਇਸ ਤਰ੍ਹਾਂ ਨਹੀਂ ਹੋ ਸਕਦਾ। ਸਾਡੇ political ਬੰਦਿਆਂ ਅਤੇ bureaurcats ਦੇ ਵੀ least interested ਹੁੰਦਾ ਹੈ ਕਿ ਜੇ Director Sports ਲੱਗਣਾ ਹੋਵੇ ਜਾਂ Sports Minister ਲੱਗਣਾ ਹੋਵੇ, ਕਿਸੇ ਦਾ ਕੋਈ interest ਨਹੀਂ ਹੈ। ਅਸੀਂ ਜ਼ਰੂਰ ਇੱਥੇ ਆ ਕੇ ਗੱਲਾਂ ਕਰਦੇ ਹਾਂ ਕਿ ਅਸੀਂ ਸਪੋਰਟਸ ਲਈ ਆਹ ਕਰ ਦਿੱਤਾ ਅਤੇ ਸਪੋਰਟਸ ਲਈ ਉਹ ਕਰ ਦਿੱਤਾ। ਵੈਸੇ ਹੋ ਸਕਦਾ ਹੈ ਚੀਮਾ ਸਾਹਿਬ ਨੇ ਪੈਸੇ ਵਾਹ ਵਾਹ ਦਿੱਤੇ ਹੋਣ ਪਰ 3000 ਗਰਾਊਂਡਾਂ ਦੇ ਹਾਲਾਤ ਇਹੋ ਜਿਹੇ ਹਨ ਜਿਨ੍ਹਾਂ 3000 ਹਜ਼ਾਰ ਗਰਾਊਂਡਾਂ ਦੀ ਇਹ ਗੱਲ ਕਰਦੇ ਹਨ, ਉਨ੍ਹਾਂ ਦੇ ਸਿਰਫ ਬੋਰਡ ਲੱਗ ਰਹੇ ਹਨ। ਮੈਂ ਕੋਈ criticise ਨਹੀਂ ਕਰ ਰਿਹਾ ਹਾਂ, ਮੈਨੂੰ ਇਸ ਫੀਲਡ ਦੇ ਵਿੱਚ ਹਰ ਚੀਜ਼ ਦਾ ਪਤਾ ਹੈ ਕਿਉਂਕਿ 7-8 ਸਾਲ ਮੈਂ ਇਸ ਫੀਲਡ ਦੇ ਵਿੱਚ ਕੰਮ ਕੀਤਾ ਹੈ। ਪਹਿਲਾਂ ਪੁਲਿਸ ਵਿੱਚ ਵੀ ਕੰਮ ਕੀਤਾ ਸੀ। ਸਾਡੇ ਕੋਲ ਕੋਚ ਨਹੀਂ ਹਨ। ਸਾਡੇ ਕੋਲ ਥੱਲੇ ਸਿਸਟਮ ਹੀ ਨਹੀਂ ਹੈ। ਪਿਛਲੇ ਸਮੇਂ ਵਿੱਚ ਕੁਝ ਫਿਜ਼ੀਕਲ ਐਜੂਕੇਸ਼ਨ ਦੇ ਟੀਚਰ ਰਿਟਾਇਰ ਹੋਏ ਹੋਣਗੇ, ਬੈਂਸ ਸਾਹਿਬ ਨੂੰ ਬਿਹਤਰ ਪਤਾ ਹੋਵੇਗਾ ਕਿਉਂਕਿ 4500-5000 ਟੀਚਜ਼ ਹਨ। ਅਸੀਂ ਬੱਚਿਆਂ ਨੂੰ physical education subject black board ਤੇ ਪੜ੍ਹਨ ਲਗਾ ਦਿੱਤਾ ਹੈ। ਜਿਸ ਨਾਲ ਕੀ ਹੋਇਆ? ਸਾਡਾ ਮਾਨਸਿਕ ਪੱਧਰ ਤਾਂ ਠੀਕ ਹੈ ਪਰ ਜਿਵੇਂ ਕਿ ਡਿਲੀਵਰੀ ਸਾਡੀ ਬਾਡੀ ਨੇ ਕਰਨੀ ਹੁੰਦੀ ਹੈ, ਉਹ deliverance ਹੌਲੀ ਹੌਲੀ ਥੱਲੇ ਨੂੰ ਜਾ ਰਹੀ ਹੈ ਕਿਉਂਕਿ ਸਾਡੀ ਫੂਡ ਹੈਬਿਟਸ ਉਹੀ ਜਿਹੀਆਂ ਹੋ ਰਹੀਆਂ ਹਨ, ਸਾਡਾ environment ਇਹੋ ਜਿਹਾ ਹੋ ਰਿਹਾ ਹੈ, ਸਿਸਟਮ ਇਹੋ ਜਿਹਾ ਹੋ ਰਿਹਾ ਹੈ, ultimately ਤਾਂ ਅਸੀਂ ਇੱਕ ਬੱਚਾ ਤਰਾਸ਼ ਰਹੇ ਹਾਂ। ਸਾਡਾ ਫਰਜ਼ ਹੈ ਕਿ ਬੱਚੇ ਨੂੰ ਇੱਕ ਚੰਗਾ citizen ਬਣਾਉਣ ਲਈ education ਵਿੱਚ ਬੱਚੇ ਨੂੰ ਸਮੇਂ ਦਾ ਹਾਣੀ ਬਣਾਉਣਾ ਤੇ ਉਸ ਨੂੰ ਤਰਾਸ ਕੇ ਇੱਕ ਸਮਾਜਿਕ ਨਾਗਰਿਕ ਬਣਾਉਣਾ ਜਿਹੜਾ ਮਾਨਸਿਕ ਤੌਰ ਤੇ ਫਿਜ਼ੀਕਲ ਤੌਰ ਤੇ ਉਸ ਲੈਵਲ ਨੂੰ ਮੀਟ-ਅੱਪ ਕਰਦਾ ਹੋਵੇ। ਅੱਜ ਸਾਡੇ ਬੱਚੇ ਸਮੇਂ ਦੇ ਹਾਣੀ ਵੀ ਨਹੀਂ ਹਨ। ਮੈਂ ਤਾਂ ਉਦੋਂ ਕੁਝ industralists and educationist ਨਾਲ ਇੱਕ ਮੀਟਿੰਗ ਕੀਤੀ ਸੀ। Industralists ਕਹਿ ਰਿਹਾ ਸੀ ਕਿ ਮੈਨੂੰ ਬੱਚਾ ਨਹੀਂ ਮਿਲ ਰਿਹਾ ਹੈ, ਜਿਹੜਾ ਮੇਰੀ ਇੰਡਸਟਰੀ ਨੂੰ ਲੈ ਕੇ ਤੁਰ ਸਕੇ। ਲੇਕਿਨ ਜਿਹੜਾ ਬੱਚਾ ਸੀ, ਉਹ ਕਹਿ ਰਿਹਾ ਹੈ ਕਿ ਮੈਨੂੰ ਜਾੱਬ ਨਹੀਂ ਮਿਲ ਰਹੀ, ਇਸ ਦਾ ਮਤਲਬ ਇਹ ਹੈ ਕਿ ਸਾਡਾ curriculum ਜਿਹੜਾ ਹੈ ਉਸ ਨੂੰ redesign ਕਰਨ ਦੀ ਲੋੜ ਹੈ। ਅੱਜ 72% skilled worker China ਦੇ ਵਿੱਚ ਹੈ ਅਤੇ ਆਪਣੇ ਇੱਥੇ ਸਿਰਫ 6% ਹੈ। ਜੇਕਰ ਬੱਚੇ ਨੂੰ ਸਮੇਂ ਦਾ ਹਾਣੀ ਨਹੀ ਬਣਾਵਾਂਗੇ ਤਾਂ ਮਾਰਕੀਟ ਵਿੱਚ ਉਸ ਦੀ ਡਿਮਾਂਡ ਨਹੀਂ ਹੋਵੇਗੀ। ਇਸ ਵਿੱਚ ਬੱਚੇ ਦਾ ਕੋਈ ਕਸੂਰ ਨਹੀਂ ਹੈ, ਬੱਚਾ ਤਾਂ ਜੋ ਆਪਾਂ ਪੜਾ ਰਹੇ ਹਾਂ ਹੌਲੀ ਹੌਲੀ ਗ੍ਰਹਿਣ ਕਰੀ ਜਾਂਦਾ ਹੈ। ਸਾਡੇ ਹਾਲਾਤ ਤਾਂ ਇਹੋ ਜਿਹੇ ਹੋ ਗਏ ਮੈਨੂੰ ਕਦੇ ਕਦੇ ਮਹਿਸੂਸ ਹੁੰਦਾ ਹੈ ਕਿ ਅਸੀਂ ਆਜ਼ਾਦ ਵੀ ਹਾਂ ਜਾਂ ਨਹੀਂ? ਸਾਡੀ ਜ਼ੁਰਰੱਤ ਨਹੀਂ ਹੈ, ਲੀਡਰਾਂ

ਦੀ ਵੀ ਨਹੀਂ ਹੈ ਕਿ across the party lines ਆਪਣੇ ਸਮਾਜ ਦੀ ਉਹ ਗੱਲ ਕਰ ਲਈਏ ਜਿਹੜੀ ground level ਤੇ ਮੀਟ ਹੁੰਦੀ ਹੋਵੇ।

ਮਾਣਯੋਗ ਸਪੀਕਰ ਸਾਹਿਬ, ਮੇਰੇ ਤਾਂ ਹਲਕੇ ਵਿੱਚ ਕੋਈ ਦਰਿਆ ਵੀ ਨਹੀਂ ਹੈ। ਮੈਂ ਤਾਂ ਇੱਕ ਦਿਨ ਮੰਤਰੀ ਸਾਹਿਬ ਨੂੰ ਕਿਹਾ ਕਿ ਮੇਰੇ ਹਲਕੇ ਵਿੱਚ ਆਇਓ ਮੈਂ ਤੁਹਾਨੂੰ ਦਿਖਾਉਂਦਾ ਹਾਂ ਕਿ ਮਾਈਨਿੰਗ ਕਿਹੋ ਜਿਹੀ ਹੁੰਦੀ ਹੈ ਤੇ ਕਿੰਨੀ ਕੁ ਹੋ ਗਈ ਹੈ। ਮੇਰੇ ਹਲਕੇ ਵਿੱਚ ਕੋਈ ਦਰਿਆ ਨਹੀਂ ਹੈ। ਮੰਤਰੀ ਸਾਹਿਬ ਆਏ ਸੀ, ਮੈਨੂੰ ਫੋਨ ਵੀ ਕੀਤਾ ਸੀ ਲੇਕਿਨ ਕਹਿੰਦੇ ਮੈਂ ਆਪੇ ਦੇਖ ਕੇ ਜਾਵਾਂਗਾ। (ਵਿਘਨ) ਮੈਂ ਕੋਈ ਕ੍ਰਿਟੀਸਾਈਜ਼ ਨਹੀਂ ਕਰ ਰਿਹਾ ਹਾਂ। ਗੱਲ ਤਾਂ ਸਿਰਫ ਇਹ ਹੈ ਕਿ ਆਪਾਂ ਸਾਰੇ ਜਣੇ ਇੰਨੀ ਕਮਜ਼ੋਰੀ ਵੱਲ ਕਿਵੇਂ ਵੱਧ ਗਏ ਹਾਂ। ਮੈਂ ਐਜੂਕੇਸ਼ਨ ਦੀ ਬਹੁਤ ਵਾਰੀ ਗੱਲ ਕੀਤੀ ਹੈ।

**1305/Tarlochan Singh**

ਮੈਂ ਕਹਿੰਦਾ ਹਾਂ ਕਿ ਆਪਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ, ਜਦੋਂ ਵੀ ਪੰਜਾਬ ਦੀ ਗੱਲ ਆਉਂਦੀ ਹੈ ਜਾਂ ਪੰਜਾਬ ਦੇ ਪਾਣੀਆਂ ਦੀ ਗੱਲ ਆਉਂਦੀ ਹੈ ਤਾਂ ਆਪਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਮੈਂ ਪਹਿਲਾਂ ਵੀ ਅਜਿਹਾ ਮਤਾ ਲਿਆਂਦਾ ਸੀ, ਅਸੀਂ ਕਿਉਂ ਨਹੀਂ ਆਪਣਾ ਡੈਮ ਸੇਫਟੀ ਐਕਟ ਲਿਆਂਦੇ? ਅਸੀਂ ਇੰਨੀ ਕਮਜ਼ੋਰੀ ਵੱਲ ਕਿਉਂ ਵੱਧ ਗਏ ਹਾਂ? ਜੇ ਤਾਮਿਲਨਾਡੂ ਨੇ ਕਿਹਾ ਕਿ ਅਸੀਂ ਐਜੂਕੇਸ਼ਨ ਪਾਲਿਸੀ ਨੂੰ ਰਿਜੈਕਟ ਕਰਦੇ ਹਾਂ ਤਾਂ ਅਸੀਂ ਕਿਉਂ ਇੰਪਲੀਮੈਂਟ ਕਰਨ ਲੱਗ ਪਏ ਹਾਂ, ਅਸੀਂ ਇਸ ਨੂੰ ਸਟੇਟ ਸਬਜੈਕਟ ਵੱਲ ਕਿਉਂ ਨਹੀਂ ਲਿਆਂਦੇ? ਬੈਂਸ ਸਾਹਿਬ ਦੀ ਇੱਕ ਸਟੇਟਮੈਂਟ ਸੀ ਕਿ ਇਨ੍ਹਾਂ ਨੂੰ ਨੈਸ਼ਨਲ ਲੈਵਲ ਦੀ ਮੀਟਿੰਗ ਵਿੱਚ ਬੋਲਣ ਵੀ ਨਹੀਂ ਦਿੱਤਾ ਗਿਆ। ਜਦੋਂ ਬੋਲਣ ਤੱਕ ਨਹੀਂ ਦਿੰਦੇ ਤਾਂ ਫਿਰ ਅਸੀਂ ਕਦੋਂ ਸਮਝਾਂਗੇ ਕਿ Concurrent List ਵਿੱਚ ਸਬਜੈਕਟ ਬਾਰੇ ਪੰਜਾਬ ਨੂੰ ਜਾਂ ਬਾਕੀ ਸੂਬਿਆਂ ਨੂੰ ਹਿੱਸੇਦਾਰ ਬਣਾਇਆ ਜਾਵੇਗਾ। ਉਥੇ ਜਿਹੜੇ ਬਾਬੂ ਬੈਠੇ ਹਨ, ਕੀ ਉਹ ਬਹੁਤ ਜ਼ਿਆਦਾ ਸਿਆਣੇ ਹਨ, ਜੋ ਕਿ ਸਾਡੇ ਕੋਲ ਨਹੀਂ ਹਨ? ਪਰ ਸਾਡੀਆਂ ਕਮਜ਼ੋਰੀਆਂ ਇਹੋ ਜਿਹੀਆਂ ਹੋ ਗਈਆਂ ਹਨ। ਮੈਂ ਨਹੀਂ ਕਹਿੰਦਾ ਕਿ ਹੁਣ ਹੋਈਆਂ ਹਨ, ਕਿਸੇ ਵੀ ਸਮੇਂ ਹੋਈਆਂ ਹੋਣ, ਕਿਸੇ ਵੀ ਸਰਕਾਰ ਵਿੱਚ ਹੋਈਆਂ ਹੋਣ। ਆਜ਼ਾਦੀ ਤੋਂ ਪਹਿਲਾਂ ਵੀ ਜਦੋਂ 1882 ਵਿੱਚ ਹੰਟਰ ਕਮਿਸ਼ਨ ਬਣਿਆ ਸੀ ਉਦੋਂ ਵੀ ਇਹ ਸਟੇਟ ਸਬਜੈਕਟ ਸੀ। ਉਸ ਤੋਂ ਬਾਅਦ ਬ੍ਰਿਟਿਸ਼ ਰੂਲ ਵਿੱਚ 1935 ਵਿੱਚ ਵੀ ਇਹ ਸਟੇਟ ਸਬਜੈਕਟ ਸੀ। ਮੰਨ ਲਉ ਸਾਡੇ ਬੱਚੇ ਨੇ ਐਗਰੀਕਲਚਰ ਨੂੰ ਜ਼ਿਆਦਾ ਪੜ੍ਹਨਾ ਹੈ ਲੇਕਿਨ ਜਿਹੜੀਆਂ ਸੈਂਟਰ ਦੀਆਂ ਪਾਲਿਸੀਜ਼ ਹਨ, ਉਹ ਇਸ ਮੁਤਾਬਕ ਨਹੀਂ ਹਨ। ਸੋ, ਇਹ ਮਤਾ ਵੀ ਲਿਆਈਏ ਤੇ ਉਸ ਪਾਲਿਸੀ ਦਾ ਵਿਰੋਧ ਕਰੀਏ। ਜੇਕਰ ਤਾਮਿਲਨਾਡੂ ਕਰ ਸਕਦਾ ਹੈ, ਜੇ ਹੋਰ ਸਟੇਟਾਂ ਕਰ ਸਕਦੀਆਂ ਹਨ ਤਾਂ ਆਪਾਂ ਕਿਉਂ ਨਹੀਂ। ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਇਸ ਨੂੰ ਚੈਲੰਜ ਵੀ ਕੀਤਾ ਹੈ। ਆਪਣਾ ਅਗਲਾ ਪੜਾਅ ਇਹ ਹੋਣਾ ਚਾਹੀਦਾ ਹੈ ਕਿ ਇਸ ਨੂੰ ਚੈਲੰਜ ਕਰੀਏ। ਉਥੇ ਤਾਂ ਹੁਣ ਭਗਵਾਂਕਰਨ ਵਾਲੀ ਗੱਲ ਤੋਂ ਇਲਾਵਾ ਕੋਈ ਗੱਲ ਹੀ ਨਹੀਂ ਰਹਿ ਗਈ ਹੈ। ਪੂਰੇ ਦੇਸ਼ ਵਿੱਚ ਹਰ ਯੂਨੀਵਰਸਿਟੀ ਵਿੱਚ ਆਰ.ਐਸ.ਐਸ. ਦੇ ਵਾਈਸ ਚਾਂਸਲਰ ਹਨ। ਸਾਡੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਪਤਾ ਹੈ ਕਿ ਕਿਸ ਨੂੰ ਰਿਪੋਰਟ ਕਰਦਾ ਹੈ? ਆਰ.ਆਰ.ਐਸ. ਦੇ ਮੁੱਖੀ ਨੂੰ। ਅਸੀਂ ਇੱਥੇ ਤਾਂ ਕਹਿੰਦੇ ਹਾਂ ਕਿ ਅਸੀਂ ਆਹ ਵੀ ਕਰਾਂਗੇ, ਇਹ ਵੀ ਕਰਾਂਗੇ, ਆਹ ਵੀ

ਕਰਾਂਗੇ ਲੇਕਿਨ ਜੁਰਅਤ ਨਹੀਂ ਕਰਦੇ ਕਿ ਆਪਣੇ ਸੂਬੇ ਦੀ ਜਾਂ ਆਪਣੇ ਲੋਕਾਂ ਦੀ ਗੱਲ ਅੱਗੇ ਰੱਖੀਏ। ਇਹ ਵੀ ਨਹੀਂ ਪਤਾ ਕਿ ਆਪਾਂ ਥੋੜ੍ਹੇ ਚਿਰ ਰਹਿਣਾ, ਕੱਲ੍ਹ ਨੂੰ ਇੱਥੇ ਕਿਸੇ ਨੇ ਆਉਣਾ ਵੀ ਹੈ ਕਿ ਨਹੀਂ। ਮੈਂ ਪੱਤਰਕਾਰਾਂ ਨੂੰ ਵੀ ਕਹਿੰਦਾ ਹੁੰਦਾ ਹਾਂ ਕਿ ਪਤਾ ਨਹੀਂ ਤੁਸੀਂ ਕੱਲ੍ਹ ਨੂੰ ਪੱਤਰਕਾਰ ਹੋਵੋਗੇ ਵੀ ਕਿ ਨਹੀਂ। ਅਸੀਂ ਰਾਜਨੀਤੀ ਵਿੱਚ ਹੋਵਾਂਗੇ ਵੀ ਕਿ ਨਹੀਂ। ਪਰ ਸਾਡਾ ਪੰਜਾਬ ਤਾਂ ਇੱਥੇ ਹੀ ਹੋਵੇਗਾ। ਅਸੀਂ ਸਬਜੈਕਟ ਦੀ ਗੱਲ ਤਾਂ ਕਰ ਲਈਏ। ਅਸੀਂ ਪੁਲੀਟਿਕਲ ਲੋਕ ਜਿੰਨਾ ਚਿਰ ਇੱਕ ਦੂਜੇ ਦੀ ਨੋਕ ਝੋਕ ਤੋਂ ਨਹੀਂ ਨਿਕਲਦੇ, ਕੁਝ ਨਹੀਂ ਹੋਣਾ। ਅਸੀਂ ਇੱਕ ਦੂਜੇ ਦੀ ਨੋਕ ਝੋਕ ਵਿੱਚ ਹੀ ਰਹਿ ਜਾਂਦੇ ਹਾਂ। ਅਸੀਂ ਉਸ ਦਿਨ ਪੰਜਾਬ ਦੀ ਗੱਲ ਕਰਾਂਗੇ ਜਿਸ ਦਿਨ ਅਸੀਂ ਸਾਰੇ ਇਸ ਸਬਜੈਕਟ ਤੇ ਗੱਲ ਕਰਨ ਜੋਗੇ ਹੋਵਾਂਗੇ। ਸਾਊਥ ਦੀਆਂ ਸਟੇਟਾਂ ਹਨ ਜਿਨ੍ਹਾਂ ਵਿੱਚ ਮਾਦਾ ਹੈ ਕਿ ਉਹ ਆਪਣੇ ਸੂਬੇ ਦੀ ਗੱਲ ਕਰਦੀਆਂ ਹਨ। ਸਾਡਾ ਮਾਦਾ ਨਹੀਂ ਹੈ। ਅਸੀਂ ਤਾਂ ਕਈ ਵਾਰ ਮਤੇ ਵੀ ਦਿੱਲੀ ਤੋਂ ਲਿਆ ਕੇ ਪੁਆਉਂਦੇ ਹਾਂ। ਸਾਨੂੰ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਗਰਾਊਂਡ ਲੈਵਲ ਤੇ ਅਸਲ ਵਿੱਚ ਕੀ ਹੋ ਰਿਹਾ ਹੈ। ਪ੍ਰੋਫੈਸਰ ਸਾਹਿਬ ਬਹੁਤ ਵਧੀਆ ਸਬਜੈਕਟ ਲੈ ਕੇ ਆਏ ਹਨ ਕਿਉਂਕਿ ਜਿੰਨਾ ਚਿਰ ਸਾਡੇ ਬੱਚੇ ਸਮੇਂ ਦੇ ਹਾਣੀ ਨਹੀਂ ਹੋਣਗੇ, ਗੱਲ ਨਹੀਂ ਬਣਨੀ। ਇੱਕ ਗੱਲ ਹੋਰ ਕਿ ਸਾਰੇ ਸਬਜੈਕਟਾਂ ਵਿੱਚ ਆਪਾਂ ਨੂੰ ਕਾਗਜ਼ ਲਿਆ ਕੇ ਦੇ ਦਿੱਤੇ ਜਾਂਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਅੱਜ ਤੁਹਾਡੀ ਸਰਕਾਰ ਹੈ ਜਾਂ ਪਹਿਲਾਂ ਸਾਡੀ ਸੀ ਜਾਂ ਅੱਗੇ ਤੋਂ ਕਿਸੇ ਹੋਰ ਦੀ ਹੋਵੇਗੀ। ਲੇਕਿਨ ਅਸੀਂ ਗਰਾਊਂਡ ਲੈਵਲ ਨੂੰ ਬਿਲਕੁਲ ਵੀ assess ਨਹੀਂ ਕਰ ਰਹੇ ਕਿ ਕੁਝ ਹੋ ਵੀ ਰਿਹਾ ਹੈ ਕਿ ਨਹੀਂ। ਉਥੇ ਗਰਾਊਂਡ ਲੈਵਲ ਤੇ ਜੋ ਰਿਕੁਆਇਮੈਂਟ ਹੈ, ਮੈਂ ਸਮਝਦਾ ਹਾਂ ਕਿ ਸਾਨੂੰ ਘੱਟ ਨਾਲੇਜ ਹੈ, ਬਿਊਰੋਕਰੈਟ ਨੇ ਵੀ ਇੱਕ ਪੇਪਰ ਦਿੱਤਾ, ਹੋ ਸਕਦਾ ਹੈ ਕਿ ਉਹ ਕਿਸੇ ਫੀਲਡ ਦਾ ਐਕਸਪਰਟ ਹੋਵੇ, ਹੋ ਸਕਦਾ ਨਾ ਐਕਸਪਰਟ ਹੋਵੇ, ਪਰ ਆਪਾਂ ਕਿਉਂ ਨਹੀਂ ਐਕਸਪਰਟ ਲੋਕਾਂ ਨੂੰ ਇਨਵਾਲਵ ਨਹੀਂ ਕਰਦੇ। ਆਪਾਂ ਨੇ ਕਿਉਂ ਇੰਨਾ ਕਲੋਜ਼ ਕਰ ਰੱਖਿਆ ਹੈ, ਕਿਉਂ ਆਪਾਂ ਕਿਸੇ ਨੂੰ ਦੱਸਣਾ ਹੀ ਨਹੀਂ ਚਾਹੁੰਦੇ। ਅਸਲ ਵਿੱਚ ਡੈਮੋਕਰੇਸੀ ਦੀ ਬਿਊਟੀ ਇਹੋ ਹੈ ਕਿ ਜੇਕਰ ਇਸ ਦੇ ਚਾਰੇ ਪਿੱਲਰ ਠੀਕ ਕੰਮ ਕਰਨਗੇ ਤਾਂ ਹੀ ਗੱਲ ਬਣੇਗੀ। ਮੈਂ ਜਰਮਨੀ ਵਿੱਚ ਲੀਗ ਖੇਡਿਆਂ ਹਾਂ, ਹਾਲੈਂਡ ਵਿੱਚ ਲੀਗ ਖੇਡਿਆ ਹਾਂ ਤਾਂ ਉਥੇ ਕੋਚਾਂ ਨੂੰ ਕਿਹਾ ਜਾਂਦਾ ਹੈ ਕਿ No Coach, this is not right. ਸਾਡੇ ਵਾਲਾ ਕਹਿਣ ਦੀ ਹੀ ਜੁਰਅਤ ਨਹੀਂ ਕਰਦਾ ਕਿਉਂਕਿ ਸਾਡੀ ਮਾਨਿਸਕਤਾ ਵਿੱਚ ਹੀ ਇਹ ਚੀਜ਼ਾਂ ਭਰੀਆਂ ਹੋਈਆਂ ਹਨ ਕਿ ਨਾ, ਤੂੰ ਇਸ ਤਰ੍ਹਾਂ ਨਹੀਂ ਕਰਨਾ। ਸਾਡੇ ਤਾਂ ਪੁਲੀਟਿਕਲ ਸਿਸਟਮ ਵਿੱਚ ਇਹੋ ਚੀਜ਼ਾਂ ਭਰ ਦਿੱਤੀਆਂ ਕਿ ਬੰਦੇ ਬੋਲਣ ਨੂੰ ਹੀ ਤਿਆਰ ਹੀ ਨਹੀਂ ਹਨ, ਬੰਦੇ ਗੱਲ ਕਰਨ ਨੂੰ ਹੀ ਤਿਆਰ ਨਹੀਂ ਹਨ। ਜੇ ਅਸੀਂ ਆਪਣੇ ਹਲਕੇ ਦੀ ਗੱਲ ਨਹੀਂ ਕਰਨੀ, ਜੇ ਅਸੀਂ ਆਪਣੇ ਪੰਜਾਬ ਦੀ ਗੱਲ ਨਹੀਂ ਕਰਨੀ, ਮੈਨੂੰ ਲੱਗਦਾ ਹੈ ਕਿ ਸਾਨੂੰ ਇੱਥੇ ਹੋਣਾ ਹੀ ਨਹੀਂ ਚਾਹੀਦਾ। ਅਸੀਂ ਇੱਥੇ ਕੀ ਕਰਨਾ ਹੈ? Let the young people come forward. ਸੋ, ਇਸ ਕਰਕੇ ਅਸੀਂ ਉਸ ਮਾਨਸਿਕਤਾ ਤੋਂ ਉਭਰੀਏ। ਅਸੀਂ ਜੇ ਪੁਲਿਸ ਸਟੇਟ ਬਣਾ ਕੇ ਬਹਿ ਗਏ ਹਾਂ, ਮੈਂ ਕਹਿੰਦਾ ਹਾਂ ਕਿ ਪੁਲਿਸ ਸਟੇਟ ਬਣੀ ਹੈ, ਹਾਲਾਂਕਿ ਮੈਂ ਪੁਲਿਸ ਵਿੱਚ job ਕੀਤੀ ਹੈ, ਮੇਰੇ ਵੀ colleagues ਹਨ ਲੇਕਿਨ ਜਦੋਂ ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਆਹ 4 ਕੁ ਕੰਮ ਪੁੱਠੇ ਕਰ ਦਿਉ ਤਾਂ ਉਹ 10 ਪੁੱਠੇ ਕੰਮ ਆਪਣੇ ਕਰੇਗਾ। ਹੁਣ ਜਿਹੜਾ ਕੱਲ੍ਹ ਇੱਥੇ ਹੋਇਆ ਹੈ, ਕੀ ਹੁਣ ਡੈਮੋਕਰੇਸੀ ਵਿੱਚ ਇਹ ਵੀ right ਨਹੀਂ ਰਹਿ ਗਿਆ ਕਿਹ ਅਸੀਂ ਕੋਈ ਪੋਸਟਰ ਲੈ ਆਈਏ। ਇਹ ਕੱਲ੍ਹ ਨੂੰ ਤੁਹਾਡੇ ਨਾਲ ਵੀ ਹੋਣਾ ਹੈ, ਕਿਸੇ ਹੋਰ ਨਾਲ ਵੀ ਹੋਣਾ ਹੈ, ਆਪਾਂ ਗਲਤ ਪਿਰਤਾਂ ਪਾ ਰਹੇ ਹਾਂ।

ਆਪਾਂ ਇਸ ਕਰਕੇ ਗਲਤ ਪਿਰਤਾਂ ਪਾਉਂਦੇ ਹਾਂ ਕਿਉਂਕਿ ਸਾਡੀ ਕਮਜ਼ੋਰੀ ਹੀ ਇੰਨੀ ਆ ਗਈ ਹੈ ਕਿ ਕਿਸੇ ਨੂੰ ਕਹਿਣ ਜੋਗੇ ਹੀ ਨਹੀਂ ਰਹੇ ਹਾਂ।

**1310/mehak**

ਸੋ, ਇਸ ਕਰਕੇ ਮੈਂ ਇਸ ਸਬਜੈਕਟ ਤੇ ਇੱਕ ਹੋਰ ਬੇਨਤੀ ਵੀ ਕਰਨੀ ਚਾਹੁੰਦਾ ਹਾਂ, ਖਾਸ ਕਰਕੇ concurrent list ਤੋਂ ਸਟੇਟ ਸਬਜੈਕਟ ਤੇ ਲਿਆਉਣ ਦੇ ਕੀ ਕਾਰਨ ਹਨ ਤਾਂ ਕਿ ਸਾਡਾ ਸਿੱਖਿਆ ਮੰਤਰੀ ਖੜ੍ਹ ਕੇ ਇਹ ਕਹਿ ਸਕੇ ਕਿ ਅਸੀਂ ਆਪਣੇ ਰੂਲ ਬਣਾਉਂਦੇ ਹਾਂ। ਸਾਨੂੰ ਤਾਂ ਇਹ ਪ੍ਰੋਫੈਸਰ ਭਰਤੀ ਨਹੀਂ ਕਰਨ ਦਿੰਦੇ ਹਨ। ਅਸੀਂ ਵਾਈਸ-ਚਾਂਸਲਰ ਲਾਉਣ ਦੀ ਗੱਲ ਕਰਦੇ ਹਾਂ। ਇਹ ਸਾਨੂੰ ਪ੍ਰੋਫੈਸਰ ਨਹੀਂ ਲਾਉਣ ਦਿੰਦੇ ਹਨ। 1158 ਦੀ ਭਰਤੀ ਕਰਨ ਲਈ ਮੈਂ ਕਹਿੰਦਾ ਹਾਂ ਕਿ ਹੋ ਸਕਦਾ ਹੈ ਕਿ ਉਸ ਵਿੱਚ ਟੈਕਨੀਕਲੀ ਕੋਈ ਗਲਤੀ ਹੋ ਗਈ ਹੋਵੇ। ਪਿਛਲੇ 26 ਸਾਲਾਂ ਤੋਂ ਬਾਅਦ ਅਸੀਂ ਹਾਇਰ ਐਜੂਕੇਸ਼ਨ ਵਿੱਚ 1158 ਪ੍ਰੋਫੈਸਰ ਭਰਤੀ ਕੀਤੇ। ਹੋ ਸਕਦਾ ਹੈ ਕਿ ਮੇਰੇ ਤੋਂ ਕੋਈ ਗਲਤੀ ਹੋ ਰਹੀ ਹੋਵੇ ਤਾਂ ਮੈਨੂੰ ਫਾਂਸੀ ਲਾ ਦਿਓ ਲੇਕਿਨ at the same time ਸਾਡੇ ਕਾਲਜ ਵਿੱਚ ਸਾਡੀ ਹਾਇਰ ਐਜੂਕੇਸ਼ਨ ਨੂੰ ਵਿਧੀਵੱਤ ਤਰੀਕੇ ਨਾਲ ਖਤਮ ਕੀਤਾ ਗਿਆ ਹੈ ਤਾਂ ਕਿ ਸਾਡਾ ਬੱਚਾ, ਸਾਡਾ ਨੌਜਵਾਨ ਐਜੂਕੇਸ਼ਨ ਲੈ ਕੇ ਚੰਗੇ ਪਾਸੇ ਨੂੰ ਨਾ ਤੁਰ ਸਕੇ। ਸਾਡੇ ਇਹ ਹਾਲਾਤ ਹਨ ਲੇਕਿਨ ਅਸੀਂ ਬੜਕ ਮਾਰ ਕੇ ਬੈਠ ਜਾਂਦੇ ਹਾਂ ਕਿ ਅਸੀਂ ਇਹ ਵੀ ਕਰਾਂਗੇ, ਇਹ ਵੀ ਕਰਾਂਗੇ। ਸਿਰਫ ਰੈਜ਼ੋਲਿਊਸ਼ਨ ਤੱਕ ਨਾ ਰਹੋ। ਅਸੀਂ ਪਹਿਲਾਂ ਵੀ ਜਿਹੜੇ ਰੈਜ਼ੋਲਿਊਸ਼ਨ ਪਾਏ ਹਨ, ਉਨ੍ਹਾਂ ਨੂੰ ਵੀ ਪਰਸਿਊ ਕਰੀਏ ਤੇ ਕੋਰਟਾਂ ਵਿੱਚ ਜਾਈਏ। ਪੰਜਾਹ ਕਿਲੋਮੀਟਰ ਦਾ ਦਾਇਰਾ ਬੀ.ਐਸ.ਐਫ. ਨੇ ਕੰਟਰੋਲ ਕੀਤਾ ਹੋਇਆ ਹੈ। ਅਸੀਂ ਕੋਰਟ ਦੇ ਵਿੱਚ ਵੀ ਗਏ ਸੀ, ਉਸ ਤੋਂ ਬਾਅਦ pursuasion ਨਹੀਂ ਹੋਈ। ਹੋਮ ਮਨਿਸਟਰ ਦੀ ਮੋਗੇ ਵਿੱਚ ਕੀ ਸਟੇਟਮੈਂਟ ਸੀ ਕਿ ਸਾਨੂੰ ਡਬਲ ਇੰਜਨ ਸਰਕਾਰ ਦੇ ਦਿਓ ਫਿਰ ਅਸੀਂ ਪੰਜਾਬ ਨੂੰ ਠੀਕ ਕਰ ਦਿਆਂਗੇ। ਇਸ ਦਾ ਮਤਲਬ ਕਿ ਪੰਜਾਬ ਇਸ ਦਾ ਹਿੱਸਾ ਨਹੀਂ ਹੈ। ਇੱਕ ਹੋਮ ਮਨਿਸਟਰ ਇਹੋ ਜਿਹੀ ਸਟੇਟਮੈਂਟ ਦੇਵੇ ਤਾਂ ਕੀ ਅਸੀਂ ਉਸ ਤੇ ਰਿਐਕਟ ਵੀ ਨਾ ਕਰੀਏ। ਮੈਂ ਐਸੀ ਆਜ਼ਾਦੀ ਨੂੰ ਬਹੁਤੀ ਆਜ਼ਾਦੀ ਨਹੀਂ ਗਿਣਦਾ ਹਾਂ ਕਿ ਅਸੀਂ ਹੌਲੀ ਹੌਲੀ ਸ਼ਰਿੰਕ ਕਰਕੇ ਇੰਨੇ ਕਮਜ਼ੋਰ ਹੋ ਗਏ। ਮੈਨੂੰ ਲਗਦਾ ਹੈ ਕਿ ਸਾਨੂੰ ਉੱਥੇ ਤੱਕ ਲੈ ਆਂਦਾ ਹੈ ਕਿ ਇਹ ਜਿਹੜਾ ਆਪਾਂ ਕਾਨੂੰਨ ਲੈ ਕੇ ਆਏ ਹਾਂ, ਇਹ ਬੇਸੀਕਲੀ ਮਾਸਟਰ ਤਾਰਾ ਸਿੰਘ ਦਾ ਤੇ ਜਿਹੜਾ ਨਹਿਰੂ ਦਾ ਪੈਕਟ ਸੀ, ਇਹ ਸਿੱਖਾਂ ਦੇ ਧਾਰਮਿਕ ਕਾਨੂੰਨ ਵਿੱਚ ਡਾਇਰੈਕਟ ਐਂਟਰੀ ਹੈ। ਇਹ ਯਾਦ ਰੱਖਿਓ ਕਿਉਂਕਿ ਇਹ ਹਿਸਟਰੀ ਦਾ ਹਿੱਸਾ ਰਹਿਣਾ ਹੈ। ਸਾਲ 2018 ਵਾਲਾ ਜਿਹੜਾ ਕਾਨੂੰਨ ਸੀ, ਮੈਨੂੰ ਲਗਦਾ ਹੈ ਕਿ ਉਸ ਵਿੱਚ ਕੋਈ ਕਮੀ ਪੇਸ਼ੀ ਨਹੀਂ ਸੀ। ਮੈਂ ਉਸ ਦਿਨ ਸੀ.ਐਮ. ਸਾਹਿਬ ਨੂੰ ਰਿਕੁਐਸਟ ਵੀ ਕੀਤੀ ਸੀ। ਉਨ੍ਹਾਂ ਨੇ 2016 ਵਾਲੀ ਰਿਜੈਕਸ਼ਨ ਪੜ੍ਹ ਕੇ ਦੱਸ ਦਿੱਤੀ ਲੇਕਿਨ 2018 ਵਾਲੀ ਨੂੰ ਅੱਜ ਵੀ ਅਸੀਂ ਪਰਸਿਊ ਨਹੀਂ ਕੀਤਾ ਹੈ। ਮੈਨੂੰ ਕੋਈ ਲੀਗਲੀ ਪੁੱਛੇ ਤਾਂ ਮੈਨੂੰ ਥੋੜ੍ਹੀ ਜਿਹੀ ਨਾਲੇਜ ਹੈ, ਮੈਂ ਕਹਿੰਦਾ ਹਾਂ ਕਿ ਮੈਨੂੰ ਬਹੁਤੀ ਨਾਲੇਜ ਨਹੀਂ ਹੈ, ਐਕਸਪਰਟਸ ਬੰਦਿਆਂ ਨੂੰ ਪੁੱਛ ਲਈਏ। ਫਿਰ ਅਸੀਂ ਜਿਹੜਾ ਇਹ ਕਾਨੂੰਨ ਲਿਆਂਦਾ ਹੈ, ਜਿਹੜਾ 2025 ਵਿੱਚ ਵੀ ਲਿਆਂਦਾ ਸੀ ਤੇ ਹੁਣ ਵੀ ਆਪਾਂ ਜਿਸ ਦੇ ਮਗਰ ਮਗਰ ਫਿਰਦੇ ਹਾਂ, ਇਹ ਅਸੀਂ ਇੱਕ ਹੋਰ ਪਿਟਾਰਾ ਖੋਲ੍ਹ ਲਿਆ ਹੈ। ਪਤਾ ਨਹੀਂ ਕੌਣ ਗਾਈਡ ਕਰਦਾ ਹੈ ਤੇ ਪਤਾ ਨਹੀਂ ਇਹ ਗੱਲ ਕਿੱਥੋਂ ਆਉਂਦੀ ਹੈ। ਮੇਰੀ ਬੇਨਤੀ ਹੈ ਕਿ ਜਦੋਂ ਵੀ ਪੰਜਾਬ ਦੀ ਗੱਲ ਆਉਂਦੀ ਹੈ ਤਾਂ ਮੈਂ ਕਦੇ ਵੀ

ਇਸ ਤਰ੍ਹਾਂ ਦੀ ਗੱਲ ਨਹੀਂ ਕਰਦਾ ਹਾਂ। ਮੈਂ ਉਦੋਂ ਪੰਜਾਬ ਦੀ ਖੜ੍ਹਦੀ ਗੱਲ ਕਰਦਾ ਹੁੰਦਾ ਹਾਂ ਕਿ ਇਹ ਪੰਜਾਬ ਦੀ ਗੱਲ ਹੈ, ਇਹ ਕਿਸੇ ਪਾਰਟੀ ਦੀ ਗੱਲ ਨਹੀਂ ਹੈ। ਸੋ, ਅੱਜ ਸਾਨੂੰ ਇਨ੍ਹਾਂ ਚੀਜ਼ਾਂ ਤੇ ਧਿਆਨ ਦੇਣ ਦੀ ਲੋੜ ਹੈ। ਜੋ ਅਸੀਂ ਅੱਜ ਬੀਜ ਬੀਜਾਂਗੇ ਤਾਂ ਆਉਣ ਵਾਲੇ 10, 15, 20 ਸਾਲਾਂ ਵਿੱਚ ਸਾਡਾ ਸਟੂਡੈਂਟ ਉਸ ਨੇ ਅਲਟੀਮੇਟਲੀ ਇਸ ਦੇਸ਼ ਦੀ, ਇਸ ਸਮਾਜ ਦੀ ਵਾਗਡੋਰ ਸੰਭਾਲਣੀ ਹੈ। ਹੁਣ ਆਪਾਂ ਰੋਲ ਮਾਡਲ ਹਾਂ। ਮੇਰਾ ਹਾਕੀ ਵਿੱਚ ਰੋਲ ਮਾਡਲ ਸਰਦਾਰ ਸੁਰਜੀਤ ਸਿੰਘ ਹੁੰਦਾ ਸੀ, ਮੈਂ ਉਸ ਨੂੰ ਦੇਖ ਕੇ ਹਾਕੀ ਪਲੇਅਰ ਬਣਿਆ ਕਿਉਂਕਿ ਇੱਕ ਪੈਸ਼ਨ ਹੁੰਦਾ ਹੈ। ਆਪਣੇ ਵਾਲੇ ਲੋਕ ਕੀ ਰੋਲ ਮਾਡਲ ਲੈ ਕੇ ਜਾਣਗੇ? ਆਪਾਂ ਇੱਥੇ ਬੈਠ ਕੇ ਕੀ ਕਰਦੇ ਹਾਂ? ਇੱਕ ਦੂਜੇ ਨੂੰ ਟਿੱਚਰਾਂ ਤੋਂ ਸਿਵਾਏ ਕਰਦੇ ਕੀ ਹਾਂ? ਮੈਨੂੰ ਲਗਦਾ ਹੈ ਕਿ ਜਿਹੜੇ ਚੰਗੇ ਬੰਦੇ ਗੈਲਰੀਆਂ ਵਿੱਚ ਆਉਂਦੇ ਹਨ, ਉਹ ਸਾਡੇ ਵੱਲ ਦੇਖਦੇ ਹਨ ਕਿ ਇਹ ਕੀ ਕਰਦੇ ਹਨ। ਸਾਨੂੰ ਵੀ ਉਹ ਪੁੱਛਦੇ ਹਨ। ਉਹ ਕਹਿੰਦੇ ਕਿ ਇੱਥੇ ਤਾਂ ਰੇਤਾ ਵਿਕਦੀ ਹੈ, ਇੱਥੇ ਤਾਂ ਇਹ ਹੁੰਦਾ ਹੈ, ਇੱਥੇ ਇਹ ਹੁੰਦਾ ਹੈ। ਇਸ ਤੋਂ ਅੱਗੇ ਵੀ ਤਾਂ ਨਿਕਲੋ। ਜੇ ਆਪਾਂ ਉਸ ਗੱਲ ਤੇ ਖੜ੍ਹੇ ਹੋਵਾਂਗੇ ਤਾਂ ਕੌਣ ਰੋਲ ਮਾਡਲ ਬਣੇਗਾ? । ਥੋੜ੍ਹੀ ਥੋੜ੍ਹੀ ਜਿਹੀ ਗੱਲ ਹੈ, ਥੋੜ੍ਹੀ ਜਿਹੀ ਜਿੰਦਗੀ ਹੈ। ਮੈਨੂੰ ਲਗਦਾ ਹੈ ਕਿ ਆਪਣੇ ਤਾਂ ਥੋੜ੍ਹੇ ਹੀ ਸਾਲ ਰਹਿ ਗਏ ਹਨ, ਕੁਝ ਨਵੇਂ ਬੰਦੇ ਹੋਣਗੇ ਜਿਨ੍ਹਾਂ ਨੇ ਅੱਗੇ ਤੁਰਨਾ ਹੋਵੇਗਾ, ਜਿਨ੍ਹਾਂ ਨੇ ਅੱਗੇ ਜਾਣਾ ਹੋਵੇਗਾ।

**ਮਾਣਯੋਗ ਡਿਪਟੀ ਸਪੀਕਰ**: ਮੈਂਬਰ ਸਾਹਿਬ, ਤੁਹਾਨੂੰ ਖੁੱਲਾ ਸਮਾਂ ਮਿਲ ਗਿਆ ਹੈ, ਧੰਨਵਾਦ।

**ਸਰਦਾਰ ਪਰਗਟ ਸਿੰਘ ਪੋਆਰ**: ਧੰਨਵਾਦ ਜੀ।

**1315/Sukhpiar Singh**

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਜਿਸ ਨੂੰ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਜੀ ਲੈ ਕੇ ਆਏ ਹਨ, ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 634 ਸਕੂਲਾਂ ਵਿੱਚ 54 ਹਜ਼ਾਰ ਦੇ ਕਰੀਬ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀ ਪੜ੍ਹਦੇ ਹਨ ਜਿਨ੍ਹਾਂ ਨੂੰ ਕਰੀਬ 2500 ਦੇ ਕਰੀਬ ਅਧਿਆਪਕ ਸਾਹਿਬਾਨ ਅਤੇ ਸਾਰਾ ਸਟਾਫ ਪੜ੍ਹਾਉਂਦਾ ਹੈ। ਮੇਰੇ ਹਲਕਾ ਨਵਾਂ ਸ਼ਹਿਰ ਵਿੱਚ ਸਕੂਲ ਆਫ ਐਮੀਨੈਂਸ, ਨਵਾਂ ਸ਼ਹਿਰ ਲਈ ਮੈਂ, ਮਾਣਯੋਗ ਸਰਦਾਰ ਹਰਜੋਤ ਸਿੰਘ ਜੀ ਬੈਂਸ ਸਾਹਿਬ ਦਾ ਧੰਨਵਾਦ ਕਰਦਾ ਹਾਂ, ਉਹ ਬੈਠੇ ਹਨ, ਮੈਂ ਇਨ੍ਹਾਂ ਨੂੰ ਗੁਜ਼ਾਰਿਸ਼ ਕੀਤੀ ਸੀ ਅਤੇ ਇਨ੍ਹਾਂ ਨੇ ਉਹ ਗੱਲ ਮੰਨੀ ਹੈ। ਉਸ ਵਿੱਚ 1700 ਦੇ ਕਰੀਬ ਵਿਦਿਆਰਥੀ ਪੜ੍ਹਦੇ ਹਨ ਅਤੇ ਕਾਨਵੈਂਟ ਸਕੂਲਾਂ ਤੋਂ ਬੱਚੇ ਛੱਡ ਕੇ ਉਸ ਸਕੂਲ ਵਿੱਚ ਦਾਖਲ ਹੋਏ। (ਥੰਪਿੰਗ) ਅੱਜ ਉੱਥੇ ਅਧਿਆਪਕਾਂ ਦੀ ਕਮੀ ਹੈ ਅਤੇ ਪ੍ਰਿੰਸੀਪਲ ਦਾ ਵਿਵਾਦ ਚੱਲਦਾ ਹੈ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਸ ਨੂੰ ਜ਼ਰੂਰ ਸੁਲਝਾਇਆ ਜਾਵੇ ਤਾਂ ਕਿ ਬੱਚਿਆਂ ਤੇ ਉਸ ਦਾ ਕੋਈ ਅਸਰ ਨਾ ਪਵੇ ਔਰ ਪੀ.ਐਮ. ਸ਼੍ਰੀ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਰਾਹੋਂ ਜਿੱਥੇ 750 ਦੇ ਕਰੀਬ ਵਿਦਿਆਰਥੀ ਪੜ੍ਹਦੇ ਹਨ, ਉੱਥੇ ਮਾਣਯੋਗ ਮੰਤਰੀ ਸਾਹਿਬ ਨੇ ਇੱਕ ਰੈਗੂਲਰ ਪ੍ਰਿੰਸੀਪਲ ਸਾਹਿਬ ਦਿੱਤੇ ਹਨ ਅਤੇ ਉਹ ਸਕੂਲ ਹਮੇਸ਼ਾ ਬੱਚੇ ਮੈਰਿਟ ਵਿੱਚ ਲਿਆਉਂਦਾ ਹੈ, ਉੱਥੇ ਦਾ ਸਟਾਫ ਵਧੀਆ ਐਜੂਕੇਸ਼ਨ ਦਿੰਦੇ ਹਨ। ਮਾਣਯੋਗ ਡਿਪਟੀ

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਗੱਲ ਚੱਲੀ ਸੀ ਕਿ ਆਗੂਆਂ ਅਤੇ ਲੀਡਰਾਂ ਨੂੰ ਆਪਣੇ ਬੱਚੇ ਵੀ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣੇ ਚਾਹੀਦੇ ਹਨ ਪਰ ਜਦੋਂ ਐਜੂਕੇਸ਼ਨ ਕਾਨਵੈਂਟ ਸਕੂਲਾਂ ਦੇ ਲੈਵਲ ਦੀ ਮਿਲਣ ਲੱਗੀ ਤਾਂ ਮੇਰੀ ਬੇਟੀ ਅਤੇ ਮੇਰੀਆਂ ਦੋ ਭਤੀਜੀਆਂ ਜਿਹੜੀਆਂ ਕਾਨਵੈਂਟ ਸਕੂਲਾਂ ਵਿੱਚ ਪੜ੍ਹਦੀਆਂ ਸਨ, ਮੈਂ ਉਨ੍ਹਾਂ ਨੂੰ ਰਾਹੋਂ ਦੇ ਪੀ.ਐਮ. ਸ੍ਰੀ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਦਾਖਲ ਕਰਵਾਇਆ ਅਤੇ ਮੈਂ ਉੱਥੇ ਦੇ ਅਧਿਆਪਕਾਂ ਦੀ ਇਸ ਹਾਊਸ ਵਿੱਚ ਵੀ ਸ਼ਲਾਘਾ ਕਰਦਾ ਹਾਂ ਕਿ ਉਹ ਬਹੁਤ ਵਧੀਆ ਸਾਇੰਸ ਸਟ੍ਰੀਮ ਨੂੰ ਲੈ ਕੇ ਆਉਂਦੇ ਹਨ ਅਤੇ ਉਨ੍ਹਾਂ ਦੇ ਬੱਚੇ ਹਮੇਸ਼ਾ ਮੈਰਿਟ ਵਿੱਚ ਆਉਂਦੇ ਹਨ। ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਹਿਆਲਾ, ਸੈਦਪੁਰ, ਬੈਹਲੂਰ ਕਲਾਂ, ਲੰਗੜੋਆਂ, ਪੱਲੀ ਝਿਕੀ, ਕਰੀਹਾ, ਕੋਟਰਾਂਝਾ, ਮਜਾਰਾ, ਉਸਮਾਨਪੁਰ, ਜਾਡਲਾ, ਵਰੋਪਾਰ, ਚਕਦਾਨਾ ਅਤੇ ਹੋਰ ਸਕੂਲ ਜਿਨ੍ਹਾਂ ਦੇ ਅੱਗੇ ਨਾਲੋਂ ਐਜੂਕੇਸ਼ਨ ਵਿੱਚ ਬਹੁਤ ਸੁਧਾਰ ਕੀਤਾ ਹੈ, ਚਾਹੇ ਉਨ੍ਹਾਂ ਵਿੱਚ ਸਟਾਫ ਦੀ ਘਾਟ ਹੈ ਕਿਉਂਕਿ ਪੂਰੇ ਪੰਜਾਬ ਦੇ ਅੰਦਰ ਕਮੀ ਹੈ ਪਰ ਫਿਰ ਵੀ ਉਨ੍ਹਾਂ ਨੇ ਇਨ੍ਹਾਂ ਸਕੂਲਾਂ ਨੂੰ ਅੱਗੇ ਵਧਾਇਆ। ਸਾਡੇ ਜ਼ਿਲ੍ਹੇ ਵਿੱਚ ਹਮੇਸ਼ਾ ਬੱਚੇ ਮੈਰਿਟ ਤੇ ਆਏ ਅਤੇ ਉਨ੍ਹਾਂ ਦੀ ਗਿਣਤੀ ਅੱਗੇ ਨਾਲੋਂ ਵਧੀ ਹੈ ਅਤੇ ਲੰਬੇ ਸਮੇਂ ਤੋਂ ਪ੍ਰਿੰਸੀਪਲ ਅਤੇ ਹੈੱਡ ਮਾਸਟਰਾਂ ਦੀਆਂ ਪੋਸਟਾਂ ਖਾਲੀ ਪਈਆਂ ਸੀ, ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਜਲਦੀ ਭਰਿਆ ਜਾਵੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਹਲਕੇ ਅੰਦਰ ਲੜਕੀਆਂ ਦੇ ਸਕੂਲ ਲਈ ਤਿੰਨ ਏਕੜ ਜ਼ਮੀਨ ਮਹਿੰਦੀਪੁਰ ਦੀ ਪੰਚਾਇਤ ਨੇ ਸਿੱਖਿਆ ਵਿਭਾਗ ਦੇ ਨਾਮ ਤੇ ਕਰਵਾਈ ਅਤੇ ਉੱਥੇ ਲੜਕੀਆਂ ਦਾ ਸਰਕਾਰੀ ਸਕੂਲ ਖੋਲ੍ਹਿਆ ਜਾਵੇ। ਮਾਣਯੋਗ ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਉਸ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ ਤਾਂ ਕਿ ਸਾਡੀਆਂ ਲੜਕੀਆਂ ਨੂੰ ਉੱਥੇ ਵਧੀਆ ਐਜੂਕੇਸ਼ਨ ਮਿਲ ਸਕੇ। ਸਾਡੇ ਹਲਕੇ ਅੰਦਰ ਉਨ੍ਹਾਂ ਸਕੂਲਾਂ ਦੀ ਜਿਨ੍ਹਾਂ ਦੀ ਮੈਂ ਗੱਲ ਕਰਕੇ ਹਟਿਆ ਹਾਂ, ਉੱਥੇ ਕਈ ਜਗ੍ਹਾ ਕਲਾਸਰੂਮ, ਹਾਲ, ਸੁਖ-ਸੁਵਿਧਾਵਾਂ ਦੀ ਜ਼ਰੂਰਤ ਹੈ, ਉਨ੍ਹਾਂ ਦਾ ਪ੍ਰਬੰਧ ਵੀ ਜ਼ਰੂਰ ਕਰਵਾਇਆ ਜਾਵੇ। ਸਕੂਲਾਂ, ਕਾਲਜਾਂ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਰਾਹੀਂ ਪਿਛਲੇ ਸਮੇਂ ਨਾਲੋਂ ਵਿਦਿਆਰਥੀਆਂ ਦੀ ਗਿਣਤੀ ਵਧੀ, ਮੀਡ ਡੇਅ ਮਿਲ ਵਰਕਰ ਜਿਹੜੇ ਘੱਟ ਤਨਖਾਹ ਤੇ ਕੰਮ ਕਰ ਰਹੇ ਹਨ, ਉਨ੍ਹਾਂ ਦੀ ਤਨਖਾਹ ਵਿੱਚ ਵਾਧਾ ਕੀਤਾ ਜਾਵੇ ਔਰ ਕਿੱਤਾ ਮੁਖੀ ਕੋਰਸ ਜਿਹੜੇ ਵੋਕੇਸ਼ਨਲ ਵਾਲੇ ਟੀਚਰ ਸਾਹਿਬਾਨ ਹਨ, ਉਨ੍ਹਾਂ ਦੀ ਭਰਤੀ ਕੀਤੀ ਜਾਵੇ ਅਤੇ ਪੁਰਾਣਿਆਂ ਦੀਆਂ ਗੱਲਾਂ ਮੰਨੀਆਂ ਜਾਣ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਆਪਾਂ ਐਜੂਕੇਸ਼ਨ ਵਿੱਚ ਜਿੱਥੇ ਅਧਿਆਪਕਾਂ ਤੋਂ ਬਹੁਤ ਵਧੀਆ ਤਰੀਕੇ ਨਾਲ ਸੇਵਾਵਾਂ ਲੈ ਰਹੇ ਹਾਂ, ਉੱਥੇ ਈ.ਟੀ.ਟੀ. 4954 ਭਰਤੀ ਵਿੱਚ ਰਹਿੰਦੇ ਲਗਭਗ 2954 ਅਧਿਆਪਕ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਦੇਣੇ ਹਨ, ਉਹ ਵੀ ਦਿੱਤੇ ਜਾਣ। 4161 ਦੀ ਭਰਤੀ ਵਿੱਚ 253 ਅਧਿਆਪਕਾਂ ਦੇ ਸ਼ੋਅ-ਕਾਜ਼ ਨੋਟਿਸ ਰੱਦ ਕਰਕੇ ਉਨ੍ਹਾਂ ਨੂੰ ਵਾਪਸ ਲਿਆ ਜਾਵੇ। ਇਸੇ ਤਰ੍ਹਾਂ ਵਾਟਰ ਸਪਲਾਈ ਤੋਂ ਸਿੱਖਿਆ ਵਿਭਾਗ ਨੇ ਜੇ.ਈ. ਲਏ ਸੀ, ਉਨ੍ਹਾਂ ਦੇ ਨਾਲ ਦੇ ਸਾਥੀਆਂ ਦੀ ਪ੍ਰਮੋਸ਼ਨ ਹੋ ਗਈ ਪਰ ਇਸ ਵਿਭਾਗ ਵਿੱਚ ਆਉਣ ਕਰਕੇ ਉਨ੍ਹਾਂ ਦੀਆਂ ਪ੍ਰਮੋਸ਼ਨਾਂ ਨਹੀਂ ਹੋਈਆਂ, ਉਨ੍ਹਾਂ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ ਜਾਂ ਉਨ੍ਹਾਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗ ਵਿੱਚ ਭੇਜਿਆ ਜਾਵੇ।

*1:19 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਡਾਕਟਰ ਨਛੱਤਰ ਪਾਲ**: ਮਾਣਯੋਗ ਸਪੀਕਰ ਸਾਹਿਬ, ਸਿੱਖਿਆ ਨੂੰ ਵਧਾਉਣ ਲਈ ਸਾਨੂੰ ਜਿੱਥੇ ਭਾਰਤ ਦੇ ਸੰਵਿਧਾਨ ਨੂੰ ਸਿਲੇਬਸ ਵਿੱਚ ਜ਼ਰੂਰ ਐਡ ਕਰਨਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਆਪਣੇ ਬੁਨਿਆਦੀ ਹੱਕਾਂ ਦੀ ਜਾਣਕਾਰੀ ਹੋ ਸਕੇ ਔਰ ਉਨ੍ਹਾਂ ਨੂੰ ਸੰਵਿਧਾਨ ਮੁਤਾਬਿਕ ਜਾਣਕਾਰੀ ਹੋਵੇ। ਪਿਛਲੇ ਦਿਨੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਅਸੀਂ ਉਹ ਅਣਗੌਲੇ ਮਹਾਂਪੁਰਸ਼, ਰਹਿਬਰ ਜਿਨ੍ਹਾਂ ਨੇ ਆਜ਼ਾਦੀ ਦੇ ਸਮੇਂ ਆਪਣਾ ਯੋਗਦਾਨ ਪਾਇਆ, ਉਨ੍ਹਾਂ ਦੀ ਜੀਵਨੀ ਨੂੰ ਵੀ ਐਜੂਕੇਸ਼ਨ ਵਿੱਚ ਜ਼ਰੂਰ ਪਾਇਆ ਜਾਵੇ।

**1320/Manika Rani**

ਬਾਕੀ ਇਸ ਮਤੇ ਨੂੰ ਅੱਗੇ ਵਧਾਉਣ ਲਈ ਚਾਹੇ ਉਹ ਗਰਾਊਂਡਾਂ ਬਣਾਉਣ ਲਈ VB-G RAM G ਦੇ ਮੁਲਾਜ਼ਮ ਜੋ ਕਿ 2100 ਕਰੀਬ ਹਨ, ਚਾਹੇ ਉਹ ਸਿਹਤ ਵਿਭਾਗ ਦੇ ਮੁਲਾਜ਼ਮ, ਜੋ ਬੱਚਿਆਂ ਦੀ ਸਿਹਤ ਦਾ ਖਿਆਲ ਰੱਖਦੇ ਹਨ, ਉਹਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ। ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਜੈ ਭੀਮ, ਜੈ ਭਾਰਤ।

**ਮਾਣਯੋਗ ਸਪੀਕਰ**: ਜੈ ਭੀਮ, ਜੈ ਭਾਰਤ । ਹਾਂ ਜੀ, ਹਰਜੋਤ ਸਿੰਘ ਬੈਂਸ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਧੰਨਵਾਦ ਸਪੀਕਰ ਸਾਹਿਬ। ਸਾਡੇ ਸਾਥੀ ਵਿਧਾਇਕ ਅਤੇ ਬਹੁਤ ਹੀ ਸਤਿਕਾਰਯੋਗ ਪ੍ਰੋਫੈਸਰ ਗੱਜਣਮਾਜਰਾ ਜੀ ਵੱਲੋਂ ਇੱਕ ਬਹੁਤ ਇੰਪਾਰਟੈਂਟ ਮਤਾ ਲਿਆਂਦਾ ਗਿਆ ਹੈ। ਇਸ ਮਤੇ ਵਿੱਚ ਮੈਂਬਰ ਸਾਹਿਬ ਵੱਲੋਂ ਕਿਵੇਂ ਆਪਾਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰ ਸਕਦੇ ਹਾਂ, ਰੁਜ਼ਗਾਰ ਦੇ ਨਵੇਂ ਸਾਧਨ ਕਿਵੇਂ ਪੈਦਾ ਕਰ ਸਕਦੇ ਹਾਂ ਅਤੇ ਜੀਵਨ-ਜਾਚ ਕਿਸ ਤਰ੍ਹਾਂ ਲਿਆਂਦੀ ਜਾ ਸਕਦੀ ਹੈ, ਇਹ ਸਭ ਗੱਲਾਂ ਕੀਤੀਆਂ ਗਈਆਂ ਹਨ। ਸਪੀਕਰ ਸਾਹਿਬ, ਮੈਂ ਇਸ ਗੱਲ ਉੱਤੇ ਬੋਲਣ ਤੋਂ ਪਹਿਲਾਂ ਕੁਝ ਚੀਜ਼ਾਂ, ਜੋ ਕਿ ਸਰਦਾਰ ਪਰਗਟ ਸਿੰਘ ਜੀ ਵੱਲੋਂ ਕੁਝ ਗੱਲਾਂ ਪੁੱਛੀਆਂ ਗਈਆਂ ਸਨ ਕਿਉਂਕਿ ਉਹ ਮੇਰੇ ਤੋਂ ਸੀਨੀਅਰ ਹਨ ਅਤੇ ਸਾਡੇ ਦੇਸ਼ ਦਾ ਮਾਣ ਵੀ ਹਨ। ਮੈਂ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਉਨ੍ਹਾਂ ਗੱਲਾਂ ਦਾ ਜਵਾਬ ਦੇ ਦੇਵਾਂ। ਪਹਿਲੀ ਗੱਲ ਤਾਂ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੀ ਸਰਕਾਰ ਵਿੱਚ ਜੋ ਅੰਕੜੇ ਦਿੱਤੇ ਗਏ ਹਨ, ਉਹ ਸਾਰੇ ਇਹ ਫੈਕਟ ਵਿੱਚ ਹਨ।

**ਮਾਣਯੋਗ ਸਪੀਕਰ**: ਹਰਜੋਤ ਜੀ, ਹਰਜੋਤ ਜੀ। ਮੈਂ ਚਾਹੁੰਦਾ ਹਾਂ ਕਿ ਇਹ ਸਾਰਾ ਤੁਹਾਡੇ ਹੀ ਮਹਿਕਮੇ ਨਾਲ ਸਬੰਧਤ ਹੈ ਅਤੇ ਇਹ ਸਾਰੇ ਕੰਨਸਰਨ ਤੁਸੀਂ ਪਹਿਲਾਂ ਨੋਟ ਕਰ ਲਵੋ ਅਤੇ ਬਾਅਦ ਵਿੱਚ ਜਵਾਬ ਦੇ ਦਿਉ।

**ਸਿੱਖਿਆ ਮੰਤਰੀ**: ਸਰ, ਕੁਝ ਚੀਜ਼ਾਂ ਪਹਿਲਾਂ ਦੱਸ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਇਸ ਵਿੱਚ ਅੰਕੜੇ ਪੁੱਛੇ ਗਏ ਹਨ। ਮੈਂ ਮੀਡੀਆ ਸਾਥੀਆਂ ਨੂੰ ਵੀ ਬੇਨਤੀ ਕਰਾਂਗਾ। ਸਰ, ਜਿੰਨੀਆਂ ਪੋਸਟਾਂ, ਜਿੰਨੇ ਟਵੀਟ ਅਤੇ ਜਿੰਨੇ ਸੁਆਲ ਹੋਏ ਹਨ, ਇਹ ਕਰਨੇ ਇੱਕ ਚੰਗੀ ਗੱਲ ਹੈ। ਮੈਂ ਐਪਰੀਸ਼ੀਏਟ ਕਰਦਾ ਹਾਂ ਕਿ ਸਿੱਖਿਆ ਉੱਤੇ ਚਰਚਾ ਹੋਣ ਲੱਗ ਪਈ ਹੈ। ਸਰ, ਸਭ ਤੋਂ

ਪਹਿਲੀ ਕਾਮਯਾਬੀ ਸਾਡੀ ਸਰਕਾਰ ਦੀ ਇਹੀ ਹੈ ਕਿਉਂਕਿ 2022 ਤੋਂ ਪਹਿਲਾਂ ਤਾਂ ਟਵੀਟ ਅਤੇ ਪੋਸਟਾਂ ਹੀ ਹੁੰਦੀਆਂ ਸਨ ਪਰੰਤੂ ਹੁਣ ਇਹ ਚੰਗੀ ਗੱਲ ਹੈ ਕਿ ਸਿੱਖਿਆ ਤੇ ਚਰਚਾ ਅਸਲ ਵਿੱਚ ਹੋਣ ਲੱਗ ਪਈ ਹੈ। ਦੂਜੀ ਗੱਲ, ਜਦੋਂ ਮੈਨੂੰ ਇਹ ਮਹਿਕਮਾ ਮਿਲਿਆ ਕਿਉਂਕਿ ਹਰ ਬੰਦਾ ਪਾਲੀਟਿਕਸ ਵਿੱਚ ਆਉਂਦਾ ਹੈ ਅਤੇ ਜਿਹੜਾ ਬੰਦਾ ਰਾਜਨੀਤੀ ਕਰਦਾ ਹੈ, ਉਸ ਦਾ ਸੁਪਨਾ ਹਾਊਸ ਵਿੱਚ ਆਉਣਾ ਹੁੰਦਾ ਹੈ। ਮੇਰੇ ਲਈ ਇਹ ਸੀ ਕਿ ਅਗਰ ਮੈਂ ਜ਼ਿੰਦਗੀ ਵਿੱਚ ਕਦੇ ਮੰਤਰੀ ਬਣਾਂ ਤਾਂ ਮੈਨੂੰ ਇਹ ਮਹਿਕਮਾ ਮਿਲੇ ਅਤੇ ਪਰਮਾਤਮਾ ਨੇ, ਗੁਰੂ ਸਾਹਿਬ ਨੇ ਮੇਰੀ ਇਸ ਨਾ-ਚੀਜ਼ ਦੀ ਹਰ ਅਰਦਾਸ ਪ੍ਰਵਾਨ ਕੀਤੀ ਹੈ ਅਤੇ ਮੈਨੂੰ ਇਹ ਮਹਿਕਮਾ ਮਿਲਿਆ। ਸਪੀਕਰ ਸਾਹਿਬ, ਮੇਰੇ ਸਫਰ ਦੀ ਸ਼ੁਰੂਆਤ ਜੁਲਾਈ, 2022 ਵਿੱਚ ਹੋਈ। ਸਭ ਤੋਂ ਪਹਿਲਾਂ ਫੈਸਲਾ ਇਨਫਰਾਸਟਰੱਕਚਰ ਬਾਰੇ ਲਿਆ ਗਿਆ ਅਤੇ ਇਨਫਰਾਸਟੱਕਚਰ ਦਾ ਸਰਵੇ ਹੋਇਆ ਕਿ ਕੀ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਹਾਲਾਤ ਇਹੋ-ਜਿਹੇ ਹਨ, ਜੋ ਰਿਪੋਰਟ ਵਿੱਚ ਦਰਸਾਏ ਗਏ ਹਨ। ਪੰਜਾਬ ਦੇ ਟੋਟਲ 19,700 ਸਕੂਲ ਹਨ, ਜਿਨ੍ਹਾਂ ਵਿੱਚ ਅੱਠ ਹਜ਼ਾਰ ਤੋਂ ਵੱਧ ਸਕੂਲਾਂ ਵਿੱਚ ਚਾਰ-ਦੀਵਾਰੀ ਨਹੀਂ ਸੀ। 3200 ਸਕੂਲ ਅਜਿਹੇ ਸਨ, ਜਿੱਥੇ ਵਾਸ਼ਰੂਮਜ਼ ਨਹੀਂ ਸਨ। ਤਕਰੀਬਨ ਚਾਰ ਲੱਖ ਬੱਚਾ ਜ਼ਮੀਨ ਤੇ ਬੈਠਦਾ ਸੀ। ਸੋ, ਇਹ ਤਸਵੀਰ ਸੀ। ਉਸ ਤੋਂ ਬਾਅਦ ਮੇਰੀ ਆਦਤ ਹੈ, ਜ਼ਮੀਨ ਤੇ ਉਤਰਣਾ ਅਤੇ ਮੈਂ ਜ਼ਮੀਨ ਤੇ ਉਤਰਿਆ। ਮੈਂ 2000 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਗਿਆ। ਪੰਜਾਬ ਦੇ ਹਰ ਜ਼ਿਲ੍ਹੇ ਦੇ ਸਕੂਲ, ਬਾਰਡਰ ਏਰੀਏ ਦੇ ਸਕੂਲ, ਜ਼ੀਰੋ ਲਾਈਨ ਦੇ ਸਕੂਲਾਂ ਵਿੱਚ ਗਿਆ। ਪਠਾਨਕੋਟ, ਧਾਰ ਜਿਹੜਾ ਬਿਲਕੁਲ ਅਖੀਰ ਤੇ ਪੈਂਦਾ ਹੈ, ਉਥੇ ਗਿਆ, ਜਿੱਥੇ ਅੱਜ ਤੱਕ ਪੰਜਾਬ ਦਾ ਕੋਈ ਲੋਕਲ ਮਨਿਸਟਰ ਨਹੀਂ ਗਿਆ ਸੀ। ਮੈਂ ਪੰਜਾਬ ਦਾ ਪਹਿਲਾ ਮਨਿਸਟਰ ਹਾਂ, ਜੋ ਉਸ ਪਿੰਡ ਵਿੱਚ ਗਿਆ। ਪੰਜਾਬ ਦੇ ਸਕੂਲਾਂ ਵਿੱਚ ਜਾ ਜਾ ਕੇ ਸਕੂਲ ਟੀਚਰਜ਼ ਨਾਲ ਜ਼ਮੀਨੀ ਹਕੀਕਤ ਤੇ ਆਉਣ ਵਾਲੀਆਂ ਦਿੱਕਤਾਂ ਤੇ ਗੱਲ ਕੀਤੀ। ਸਰ, ਸਤੰਬਰ-ਅਕਤੂਬਰ ਆ ਗਿਆ ਸੀ ਅਤੇ ਮੈਨੂੰ ਇਹ ਪਤਾ ਲੱਗਾ ਕਿ ਬੱਚੇ ਸਕੂਲ ਵਿੱਚ ਫੋਟੋ-ਸਟੇਟ ਕਾਪੀਆਂ ਤੋਂ ਪੜ੍ਹ ਰਹੇ ਸਨ । ਮੈਂ ਕਲਾਸ ਟੀਚਰ ਨੂੰ ਪੁੱਛਿਆ ਕਿ ਕਿਤਾਬਾਂ ਕਿੱਥੇ ਹਨ। ਮੈਡਮ ਨੇ ਕਿਹਾ ਕਿ ਸਤੰਬਰ-ਅਕਤੂਬਰ ਤੱਕ ਹੀ ਕਿਤਾਬਾਂ ਆਉਂਦੀਆਂ ਹਨ ਅਤੇ ਇਹ ਆਉਣ ਵਾਲੀਆਂ ਹੀ ਹੋਣਗੀਆਂ। It was the set pattern. ਸਰ, 2022 ਤੋਂ ਪਹਿਲਾਂ ਇਹ ਸੈੱਟ ਪੈਟਰਨ ਸੀ ਅਤੇ ਇਹ ਨਾਰਮਲ ਗੱਲ ਸੀ ਕਿ ਅਕਤੂਬਰ-ਨਵੰਬਰ ਤੱਕ ਕਿਤਾਬਾਂ ਸਰਕਾਰੀ ਸਕੂਲਾਂ ਵਿੱਚ ਪਹੁੰਚ ਜਾਣਗੀਆਂ। ਸਰ, ਮਾਰਚ ਮਹੀਨੇ ਵਿੱਚ ਤਾਂ ਇਮਤਿਹਾਨ ਹੁੰਦੇ ਹਨ ਤਾਂ ਮੈਂ ਇਸ ਨੂੰ ਹੋਰ ਐਡਵਾਂਸ ਲੈ ਕੇ ਆਇਆ ਅਤੇ ਮੇਰਾ ਇਹ ਟਾਰਗੈੱਟ ਬਣ ਗਿਆ। ਸਰ, ਇਸ ਸਾਲ ਪਹਿਲੀ ਵਾਰੀ 15 ਫਰਵਰੀ ਨੂੰ ਕਿਤਾਬਾਂ ਸਾਰੇ ਡਿਸਟ੍ਰਿਕਟ ਹੈੱਡਕੁਆਰਟਰਾਂ ਵਿੱਚ ਪਹੁੰਚ ਗਈਆਂ। ਇਹ ਗੱਲ ਕਿਸੇ ਵੀ ਸਰਕਾਰੀ ਟੀਚਰ ਤੋਂ ਵੈਰੀਫਾਈ ਕਰ ਲਈ ਜਾਵੇ। ਹੁਣ 15 ਫਰਵਰੀ ਨੂੰ ਕਿਤਾਬਾਂ ਪਹੁੰਚ ਜਾਂਦੀਆਂ ਹਨ ਅਤੇ 31 ਮਾਰਚ ਤੱਕ ਅਗਲੀਆਂ ਕਿਤਾਬਾਂ ਡਿਸਟਰੀਬਿਊਟ ਹੋ ਜਾਂਦੀਆਂ ਹਨ। (ਥੰਪਿੰਗ) ਇਹੀ ਹਾਲ ਯੂਨੀਫਾਰਮਜ਼ ਦਾ ਸੀ। ਸਪੀਕਰ ਸਾਹਿਬ, ਜਿਵੇਂ ਮੈਂ ਇਨਫਰਾਸਟੱਕਚਰ ਸਬੰਧੀ ਆਖਿਆ ਹੈ, ਇਹ ਮੇਰੇ ਕੋਲ ਪਿਛਲੇ ਤਿੰਨ ਮਹੀਨੇ ਦਾ ਡਾਟਾ ਹੈ। (ਇਸ ਸਮੇਂ ਕਾਗਜ਼ ਦਿਖਾਉਂਦੇ ਹੋਏ।) ਇਹ 19125 ਸਕੂਲਾਂ ਦਾ ਕਾਂਸਟੀਚਿਊਸੀ ਵਾਈਜ਼ ਡਾਟਾ ਹੈ, ਜਿਸ ਮਰਜ਼ੀ ਵਿਧਾਨ ਸਭਾ ਦੀ ਮੇਰੇ ਤੋਂ ਡਿਟੇਲ ਲੈ ਲਵੋ। ਸਰ, 2638 ਕਰੋੜ ਰੁਪਏ ਦਾ ਕੰਮ ਹੋਇਆ ਹੈ। ਸਰ, ਅਸੀਂ ਪਲਾਨਿੰਗ ਕਰ ਰਹੇ ਹਾਂ ਕਿਉਂਕਿ ਵਰਲਡ ਬੈਂਕ ਵੱਲੋਂ ਇਨਫਰਾਸਟੱਕਚਰ ਲਈ ਪੈਸਾ ਆ ਗਿਆ ਹੈ। ਆਲਮੋਸਟ 95 ਪ੍ਰਤੀਸ਼ਤ ਸਕੂਲਾਂ ਵਿੱਚ ਪੈਸਾ ਲੱਗਿਆ ਹੈ। ਉਸ ਦੀ ਜ਼ਿੰਮੇਵਾਰੀ ਮੈਂ ਲੈਂਦਾ ਹਾਂ। (ਇਹ ਡਿਟੇਲ ਹੈ, ਦਿਖਾਉਂਦੇ ਹੋਏ।)

ਅੱਜ ਨੈਗੇਟਿਵ ਟਵੀਟ ਕਰਨਾ ਤਾਂ ਬਹੁਤ ਵੱਡੀ ਗੱਲ ਹੈ। ਪੰਜਾਬ ਦੇ ਬੱਚੇ ਹਨ। ਇਹ ਮੈਂ ਸਾਰੇ ਐਮ.ਐਲ.ਏਜ਼ ਦੇ ਗਰੁੱਪ ਵਿੱਚ ਪਾ ਦਿੰਦਾ ਹਾਂ। ਉਹ ਸਾਡੇ ਬੱਚੇ ਹਨ।ਸਾਨੂੰ ਮਾਣ ਹੋਣਾ ਚਾਹੀਦਾ ਹੈ।

**1325/Gurpreet kaur**

ਸਾਲ 2021 ਵਿੱਚ 80 ਤੋਂ ਘੱਟ ਬੱਚੇ NEET ਪਾਸ ਕਰਦੇ ਸਨ। ਹੁਣ 882 ਬੱਚੇ ਹਨ। This is the detail . I have a PDF file . (ਥੰਪਿੰਗ) ਸਾਰਿਆਂ ਦੇ ਹਲਕਿਆਂ ਵਿੱਚ ਬੱਚੇ ਟੈਸਟ ਪਾਸ ਕਰ ਰਹੇ ਹਨ। ਸਰ, ਮੈਂ ਦੇਖ ਕੇ ਹੈਰਾਨ ਰਹਿ ਗਿਆ। ਅੰਮ੍ਰਿਤਸਰ ਤੋਂ ਸ਼ੁਰੂ ਹੁੰਦਾ ਹੈ। ਸਰ, 06 ਸਕੂਲ ਮਜੀਠੇ ਦੇ ਹਨ। ਗੁਰਦਾਸਪੁਰ ਦੇ ਏਰੀਏ ਵਿੱਚੋਂ ਬੱਚੇ ਪਾਸ ਹੋਏ ਹਨ। ਮਨਿਸਟਰ ਸਾਹਿਬ ਦੇ ਏਰੀਏ ਵਿੱਚੋਂ ਬੱਚੇ ਪਾਸ ਹੋਏ ਹਨ। ਦੀਨਾਨਗਰ ਦੇ ਇੱਕ ਸਕੂਲ ਵਿੱਚੋਂ 17 ਬੱਚੇ ਪਾਸ ਹੋਏ ਹਨ। ਮੈਂ ਉਨ੍ਹਾਂ ਪ੍ਰਿੰਸੀਪਲਾਂ ਨਾਲ ਵੀ ਗੱਲ ਕੀਤੀ। ਮੈਂ ਮਜੀਠੇ ਦੇ ਸਕੂਲ ਦੇ ਪ੍ਰਿੰਸੀਪਲ ਨਾਲ ਵੀ ਗੱਲ ਕੀਤੀ। Sir, I analyse the data. ਸਕੂਲ ਆਫ ਐਮੀਨੈਂਸ ਪੱਟੀ ਦੇ ਬੱਚਿਆਂ ਨੇ ਵੀ ਟੈਸਟ ਪਾਸ ਕੀਤਾ। ਮੈਂ ਇੱਥੋਂ ਦੇ ਸਕੂਲ ਇੰਚਾਰਜਾਂ ਨਾਲ ਵੀ ਗੱਲ ਕੀਤੀ। ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਕਿ ਤੁਹਾਡੇ 06 ਬੱਚੇ ਪਾਸ ਹੋਏ ਹਨ। ਉਨ੍ਹਾਂ ਵਿੱਚੋਂ ਇੱਕ ਬੱਚੀ ਹਰਨੂਰਪ੍ਰੀਤ ਕੌਰ ਵੀ ਹੈ। 23 ਲੱਖ ਬੱਚਾ ਟੈਸਟ ਦੇਣ ਬੈਠਾ ਹੈ। She secured 8000. ਸਰ, ਉਹ ਬੱਚੀ ਐਸ.ਸੀ. ਸਮਾਜ ਤੋਂ ਆਉਂਦੀ ਹੈ ਜਿਸ ਦਾ ਆਲ ਇੰਡੀਆ ਰੈਂਕ 3140 ਹੈ। (ਥੰਪਿੰਗ) ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਕਦੋਂ ਤੋਂ ਇਸ ਸਕੂਲ ਵਿੱਚ ਹਨ। ਉਸ ਦਾ ਜਵਾਬ ਸੀ ਕਿ ਜੁਲਾਈ 2005 ਤੋਂ ਮੈਂ ਇਸ ਸਕੂਲ ਵਿੱਚ ਹਾਂ। ਮੈਂ ਸਾਰੇ ਸਟਾਫ ਨੂੰ ਮੁਬਾਰਕਾਂ ਦਿੱਤੀਆਂ। ਇਹ ਉਨ੍ਹਾਂ ਦੀ ਮਿਹਨਤ ਹੈ। ਇਸ ਤੋਂ ਪਹਿਲਾਂ NEET ਵਿੱਚ ਕਿੰਨੇ ਬੱਚੇ ਪਾਸ ਹੋਏ ਸਨ। ਉਹ ਕਹਿੰਦੇ ਕਿ ਮੈਰਿਟਾਂ ਜ਼ਰੂਰ ਆਈਆਂ, ਕੋਸ਼ਿਸ਼ ਵੀ ਕਰਦੇ ਹਨ ਪਰ ਇਹ ਪਹਿਲੀ ਵਾਰ ਹੋਇਆ ਕਿ ਇੱਕ ਸਕੂਲ ਵਿੱਚੋਂ NEET ਵਿੱਚ 06 ਬੱਚੇ ਪਾਸ ਹੋਏ ਹਨ। ਸਰ, ਇੱਥੇ ਲੀਡਰ ਆਫ ਆਪੋਜ਼ੀਸ਼ਨ ਵੀ ਬੈਠੇ ਹਨ। ਇਨ੍ਹਾਂ ਨੂੰ ਵੀ ਮੈਂ ਡਾਟਾ ਸ਼ੇਅਰ ਕਰਾਂਗਾ। ਗੁਰਦਾਸਪੁਰ ਦੇ ਇਕੱਲੇ ਰੂਰਲ ਸਕੂਲਾਂ ਵਿੱਚ ਕਾਦੀਆਂ ਵਿੱਚ ਪਹਿਲੀ ਵਾਰ ਮਾਨਵੀ ਨਾਮ ਦੀ ਬੱਚੀ ਨੇ ਵੀ NEET ਦਾ ਟੈਸਟ ਪਾਸ ਕੀਤਾ। ਮੇਰੇ ਕੋਲ ਉਸ ਦਾ ਮੋਬਾਇਲ ਨੰਬਰ ਵੀ ਹੈ। ਉਹ ਵੀ ਐਸ.ਸੀ. ਸਮਾਜ ਵਿੱਚ ਆਉਂਦੀ ਹੈ। ਇਹ ਬੱਚੀ ਵੀ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਤੋਂ ਹੈ। ਮੈਨੂੰ ਕੋਈ ਜ਼ਿੱਦ ਨਹੀਂ ਹੈ। ਸਾਨੂੰ ਸਿਰਫ ਇੱਕ ਜਨੂੰਨ ਹੈ। ਕੱਲ੍ਹ ਸਭ ਨੇ ਇੱਥੇ ਕਹਿ ਦਿੱਤਾ ਅਤੇ ਸਭ ਨੇ ਟਵੀਟ ਵੀ ਕਰ ਦਿੱਤਾ ਕਿ ਪੰਜਾਬ ਵਿੱਚ ਬੱਚੇ ਘਟ ਗਏ ਹਨ। ਅਖਬਾਰਾਂ ਵਿੱਚ ਖਬਰਾਂ ਵੀ ਲਗਾ ਦਿੱਤੀਆਂ ਗਈਆਂ। ਮੈਂ ਭੁੱਲਰ ਸਾਹਿਬ ਨਾਲ ਵੀ ਅੱਜ ਨਰਾਜ਼ਗੀ ਜ਼ਾਹਿਰ ਕੀਤੀ ਹੈ। ਮੇਰੇ ਖਿਲਾਫ ਜੋ ਮਰਜ਼ੀ ਲਿਖੀ ਜਾਣ ਪਰ ਸਰਕਾਰੀ ਸਕੂਲਾਂ ਨੂੰ ਟਾਰਗੈਟ ਕਰਕੇ ਕਿਉਂ ਮਜ਼ਾ ਆਉਂਦਾ ਹੈ। ਉਨ੍ਹਾਂ ਖਿਲਾਫ ਇੰਨਾ ਵੱਡੇ ਨੈਰੇਟਿਵ ਤਾਂ ਪਹਿਲਾਂ ਹੀ ਹੈ। ਲੋਕ ਤਾਂ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪਾਉਣਾ ਨਹੀਂ ਚਾਹੁੰਦੇ। ਅਸੀਂ ਸਰਕਾਰੀ ਸਕੂਲਾਂ ਨੂੰ ਹੋਰ ਵੀ ਭੰਡਦੇ ਰਹਿੰਦੇ ਹਾਂ। ਪੂਰੇ ਦੇਸ਼ ਵਿੱਚੋਂ 01 ਕਰੋੜ 80 ਲੱਖ ਬੱਚਾ ਘਟਿਆ। ਸਰ, ਕੀ ਅਸੀਂ ਕਦੇ ਗੂਗਲ ਕਰਕੇ ਨਹੀਂ ਦੇਖ ਸਕਦੇ। ਸਰ, ਮੈਨੂੰ ਕਿਸੇ ਵੀ ਅਫਸਰ ਤੋਂ ਪੁੱਛਣ ਦੀ ਲੋੜ ਨਹੀਂ ਹੈ। ਸਿੱਖਿਆ ਦਾ ਮੇਰਾ ਜਨੂੰਨ ਹੈ। ਸਰ, ਪਹਿਲਾਂ ਕੋਵਿਡ ਵਿੱਚ ਪੂਰੇ ਦੇਸ਼ ਵਿੱਚ ਬੱਚੇ ਵਧੇ ਹਨ। ਲੋਕਾਂ ਨੇ ਪ੍ਰਾਈਵੇਟ ਸਕੂਲਾਂ ਤੋਂ ਹਟਾ ਕੇ ਸਰਕਾਰੀ ਸਕੂਲਾਂ ਵਿੱਚ ਬੱਚੇ ਲਗਾਏ ਹਨ। ਉਸ ਤੋਂ ਬਾਅਦ ਸਾਲ 2023 ਵਿੱਚ ਭਾਰਤ ਸਰਕਾਰ ਅਪਾਰ ID ਲੈ ਕੇ ਆਈ। ਅਪਾਰ

ਆਈ.ਡੀ. ਦਾ ਮਤਲਬ ਕਿ ਹਰ ਬੱਚੇ ਨੂੰ ਇੱਕ ਯੂਨੀਕ ਨੰਬਰ ਦੇ ਦਿੱਤਾ। ਮੈਂ ਕੱਲ੍ਹ ਵੀ ਦੱਸ ਕੇ ਹਟਿਆ ਕਿ ਇੱਕੋ ਬੱਚਾ 6-6 ਸਕੂਲਾਂ ਵਿੱਚ ਬੋਲਦਾ ਸੀ ਅਤੇ ਉਹ 06 ਸਕੂਲਾਂ ਵਿੱਚ ਪੜ੍ਹਦਾ ਹੀ ਨਹੀਂ ਸੀ। ਅੱਜ ਮੇਰੇ ਕੋਲ ਡਾਟਾ ਹੈ। ਪੂਰੇ ਦੇਸ਼ ਵਿੱਚ ਸਾਲ 2019-20 ਵਿੱਚ 26.45 ਕਰੋੜ ਬੱਚੇ ਸੀ ਜੋ ਅੱਜ 26.69 ਕਰੋੜ ਰਹਿ ਗਏ। ਐਗਜ਼ੈਕਟ 1.76 ਕਰੋੜ ਬੱਚੇ ਪੂਰੇ ਦੇਸ਼ ਵਿੱਚ ਘਟੇ ਹਨ। ਇਹ ਪੰਜਾਬ ਨੂੰ ਬਦਨਾਮ ਕਰ ਰਹੇ ਹਨ। ਇਹ ਪੰਜਾਬ ਤੇ ਟੀਵਟ ਕਰਦੇ ਹਨ। ਇਨ੍ਹਾਂ ਨੂੰ ਪੰਜਾਬ ਨੂੰ ਬਦਨਾਮ ਕਰਕੇ ਮਜ਼ਾ ਆਉਂਦਾ ਹੈ। ਹੋਰ ਕੁਝ ਬੋਲ ਲਵੋ। ਬਿਹਾਰ ਵਿੱਚ 2.49 ਕਰੋੜ ਤੋਂ 2.13 ਕਰੋੜ ਬੱਚੇ ਰਹਿ ਗਏ। ਇਸ ਸਾਲ ਦਾ ਅੰਕੜਾ ਨਹੀਂ ਆਇਆ। ਐਸਟੀਮੇਟਡ ਹੈ ਕਿ 1.95 ਰਹਿ ਜਾਣਗੇ। ਉੱਤਰ ਪ੍ਰਦੇਸ਼ ਵਿੱਚ 4.44 ਕਰੋੜ ਬੱਚੇ ਸੀ ਅਤੇ 4.16 ਰਹਿ ਗਏ ਹਨ। ਇਸ ਸਾਲ ਦਾ ਅੰਕੜਾ ਨਹੀਂ ਆਇਆ। ਐਸਟੀਮੇਟਡ ਹੈ ਕਿ 4.1 ਕਰੋੜ ਰਹਿ ਜਾਣਗੇ। ਮਹਾਰਾਸ਼ਟਰ 2.32 ਕਰੋੜ ਤੋਂ 2.13 ਤੇ ਆ ਗਏ। ਹਰ ਸਟੇਟ ਵਿੱਚ ਬੱਚੇ ਘਟੇ ਹਨ ਪਰ ਟਾਰਗੈਟ ਪੰਜਾਬ ਨੂੰ ਹੀ ਕਰਦੇ ਹਨ। ਇਹ ਬਹੁਤ ਸੌਖਾ ਹੈ। ਇਹ ਮੇਰੀ ਕੋਈ ਪਰਸਨਲ ਲੜਾਈ ਨਹੀਂ ਹੈ। ਜੇਕਰ ਸਾਡੇ ਸਰਕਾਰੀ ਸਕੂਲਾਂ ਦਾ ਨਾਮ ਹੋਵੇਗਾ ਤਾਂ ਸਟੇਟ ਦਾ ਫਾਇਦਾ ਸਾਂਝਾ ਫਾਇਦਾ ਹੈ। ਅਸੀਂ ਬਹੁਤ ਵੱਡੀਆਂ ਆਦਰਸ਼ਵਾਦੀ ਗੱਲਾਂ ਕਰਦੇ ਹਾਂ। ਇਹ ਤਾਂ ਹਰ ਬੱਚੇ ਦਾ ਹੀ ਫਾਇਦਾ ਹੈ। ਜਿਹੜਾ ਮਿਡਲ ਕਲਾਸ ਹੈ, ਇਹ ਉਸ ਦੀ ਮਜਬੂਰੀ ਹੈ। ਪ੍ਰਾਈਵੇਟ ਸਕੂਲਾਂ ਦੇ ਨਾਲ ਇੱਕ ਸਟੇਟਸ ਸਿੰਬਲ ਜੋੜ ਦਿੱਤਾ ਗਿਆ ਹੈ। ਅਸੀਂ ਇੱਥੋਂ ਭੰਡਦੇ ਰਹਿੰਦੇ ਹਾਂ। ਸਰ, ਪੂਰੇ ਪੰਜਾਬ ਵਿੱਚ 100 ਸਕੂਲ ਅਜਿਹੇ ਹਨ ਜਿਹੜੇ ਕਿਸੇ ਗੁਰਦੁਆਰੇ, ਧਰਮਸ਼ਾਲਾ ਜਾਂ ਮੰਦਿਰ ਵਿੱਚ ਚੱਲਦੇ ਹਨ। ਉਹ ਸਕੂਲ ਸ਼ਹਿਰਾਂ ਵਿੱਚ ਹੀ ਹਨ। ਲੁਧਿਆਣਾ, ਜਲੰਧਰ ਵਰਗਿਆਂ ਕਸਬਿਆਂ ਵਿੱਚ ਜਿੱਥੇ ਪੁਰਾਣਾ ਸ਼ਹਿਰ ਵਧ ਗਿਆ ਅਤੇ ਜਗ੍ਹਾ ਨਹੀਂ ਹੈ। ਅਸੀਂ ਇੰਪਰੂਵਮੈਂਟ ਟਰੱਸਟਾਂ ਤੋਂ ਅਤੇ ਕਾਰਪੋਰੇਸ਼ਨਾਂ ਤੋਂ ਜਗ੍ਹਾ ਮੰਗਦੇ ਹਾਂ। ਇਹ ਫਿਰ ਉਸ ਦੀ ਖਬਰ ਲਗਾਉਣਗੇ। I do not claim ਕਿ ਮੇਰੇ 20 ਹਜਾਰ ਦੇ 20 ਹਜਾਰ ਸਕੂਲ ਸ਼ਾਨਦਾਰ ਹੋ ਗਏ। 07 ਲੱਖ ਕਮਰੇ ਹਨ। ਉਨ੍ਹਾਂ ਵਿੱਚ ਕਮੀਆਂ ਆਉਣਗੀਆਂ। ਕਿਤੇ ਕੋਈ ਮਾੜਾ ਸਰਪੰਚ ਜਾਂ ਮਾੜਾ ਟੀਚਰ ਅਤੇ ਮਾੜਾ ਅਧਿਕਾਰੀ ਹੋਵੇਗਾ। ਕਿਤੇ ਕੋਈ ਚੇਅਰਮੈਨ ਮਾੜਾ ਹੋਵੇਗਾ ਤਾਂ ਕਮੀਆਂ ਆਉਣਗੀਆਂ। I am ready to fix it. we are ready to fix it, ਸਾਡੇ ਕੋਲ ਪੈਸਾ ਪਿਆ ਹੈ।

**1330/Kuldeep kaur**

ਸਾਨੂੰ ਦੱਸੋ। ਇਸ ਤੋਂ ਬਾਅਦ ਸਰ, ਅਸੀਂ ਸਮਰੱਥ ਮਿਸ਼ਨ ਸ਼ੁਰੂ ਕੀਤਾ ਕਿ ਹਰ ਸਕੂਲ ਦੇ ਉੱਤੇ ਕੰਮ ਹੋਵੇ। ਅੱਜ ਪੰਜਾਬ ਦੀ ਨੀਤੀ ਆਯੋਗ ਨੂੰ ਅੱਜ ਕਿਉਂ ਲਿਖਣਾ ਪਿਆ ਕਿ ਪੰਜਾਬ ਨੰਬਰ-1 ਤੇ ਹੈ? ਇਹ ਮੇਰਾ ਪਲਾਨ ਹੈ, ਮੇਰਾ ਮਿਸ਼ਨ ਹੈ, ਜਿਸਦਾ ਨਾਮ ਸਮਰੱਥ ਹੈ ਭਾਵ ਕਿ ਹਰ ਬੱਚੇ ਨੂੰ ਸਮਰੱਥ ਕਰੀਏ। ਸਰ, ਬੱਚਾ ਅੱਠਵੀਂ ਵਿੱਚ ਪੜ੍ਹਦਾ ਸੀ, ਉਸ ਨੂੰ ਲਿਖਣਾ ਤਾਂ ਆਉਂਦਾ ਨਹੀਂ ਸੀ। ਪੰਜਵੀਂ ਵਿੱਚ ਪੜ੍ਹਦਾ ਸੀ, ਉਸ ਨੂੰ ਲਿਖਣਾ ਤਾਂ ਆਉਂਦਾ ਨਹੀਂ ਸੀ। ਅਸੀਂ ਬੱਚਿਆਂ ਨੂੰ ਆਈਡੈਂਟੀਫਾਈ ਕੀਤਾ, ਬੱਚਿਆਂ ਨੂੰ segregate ਕੀਤਾ ਕਿ ਕਿਹੜਾ ਬੱਚਾ ਕਿਸ ਕਲਾਸ ਦੇ ਲੈਵਲ ਤੇ ਹੈ। ਅਸੀਂ ਆਈਡੈਂਟੀਫਾਈ ਕੀਤਾ ਕਿ ਕਿਹੜਾ ਬੱਚਾ ਇਸ ਕਾਲਸ ਦੇ ਲੈਵਲ ਤੇ ਹੈ, ਕਿਹੜਾ ਉਸ ਤੋਂ ਥੱਲੇ ਵਾਲੀ ਕਲਾਸ ਦੇ ਲੈਵਲ ਤੇ ਹੈ ਅਤੇ ਕਿਹੜੇ ਬੱਚੇ ਨੂੰ ਬਿਲਕੁਲ ਵੀ ਕੁਝ ਨਹੀਂ ਆਉਂਦਾ। ਇਸ ਤਰ੍ਹਾਂ ਦੇ ਬੱਚੇ ਵੀ ਪਾਏ ਗਏ ਜੋ ਅੱਠਵੀਂ ਜਮਾਤ ਵਿੱਚ ਪੜ੍ਹਦੇ ਸੀ ਪਰ ਸਿੰਪਲ ਜੋੜ-ਘਟਾਉ ਵੀ ਨਹੀਂ ਆਉਂਦਾ ਸੀ। ਸਰ, ਉਨ੍ਹਾਂ ਨੂੰ ਫਿਰ ਤੀਜੀ ਕਲਾਸ ਦਾ ਸਿਲੇਬਸ ਪੜ੍ਹਾਇਆ

ਗਿਆ। ਅੱਜ ਤਾਂ ਕੇਰਲਾ ਨੂੰ ਪਿੱਛੇ ਛੱਡਿਆ ਹੈ। ਇਸ ਦਾ ਨਾਮ, ਇਸ ਦਾ ਡਿਜ਼ਾਇਨ ਅਤੇ ਹਰ ਹਫਤੇ ਵਿਊ ਹੁੰਦਾ ਹੈ। ਸਰ, ਹੁਣ ਵੀ ਇਲੈਕਸ਼ਨ ਟਾਈਮ ਹੈ, ਲੋਕ ਆਪਣੇ ਹਲਕਿਆਂ ਵਿੱਚ ਹਨ ਪਰ ਮੈਂ ਕਿਹਾ ਨਹੀਂ ਮਿਸ਼ਨ ਸਮਰੱਥ-4 ਲੈ ਕੇ ਆ ਰਹੇ ਹਾਂ ਤਾਂ ਕਿ ਹੋਰ ਅੱਗੇ ਲੈ ਕੇ ਜਾ ਸਕੀਏ। ਇੰਨਾ ਹੀ ਨਹੀਂ PACE portal, Punjab Academic Coaching For Excellence ਇਹ ਵੀ ਮੇਰਾ ਦਿੱਤਾ ਹੋਇਆ ਨਾਮ ਹੈ। ਲੋਅਰ ਅਤੇ ਐਵਰੇਜ ਸਟੂਡੈਂਟਸ ਦੇ ਉੱਤੇ ਤਾਂ ਸਮਰੱਥ ਮਿਸ਼ਨ ਚਲਾ ਦਿੱਤਾ ਹੈ ਪਰ ਜਿਹੜੇ ਹੋਣਹਾਰ ਦਿਮਾਗ ਦੇ ਬੱਚੇ ਹਨ, ਉਨ੍ਹਾਂ ਨੇ ਕਿਵੇਂ 882 ਬੱਚਿਆਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ ਹੈ। ਇਨ੍ਹਾਂ ਨੂੰ ਅਸੀਂ extra coaching ਦੇਣੀ ਸ਼ੁਰੂ ਕਰ ਦਿੱਤੀ ਹੈ। Physics Wallah, Avanti, Mantra4Change, Residential Camps ਲਗਾਏ ਗਏ। We provided them the best. ਸਰ, might be ਉੱਥੇ ਲੈਕਚਰਾਰ ਨਾ ਹੋਵੇ ਪਰ ਇੰਟਰੈਕਟਿਵ ਪੈਨਲ ਲਗਾ ਕੇ online classes were helped. ਸਰ, summer camp, winter camp ਲਗਾਏ ਗਏ। ਉਨ੍ਹਾਂ ਬੱਚਿਆਂ ਨੂੰ ਹਰ ਉਹ ਸਹੂਲਤ ਦਿੱਤੀ ਕਿ ਅੱਜ 882 ਬੱਚੇ ਹੋ ਗਏ। ਇਸ ਤੋਂ ਬਾਅਦ ਟੀਚਰਾਂ ਦੀ ਟਰੇਨਿੰਗ ਕਰਵਾਈ ਗਈ। ਬੜੇ ਸਵਾਲ ਉੱਠੇ ਸਨ, ਅੱਜ ਸਾਡੇ ਲਗਭਗ 800 ਟੀਚਰਜ਼ some are trained in Singapore, some are trained in Finland, some are trained in IIM Ahmedabad, ਜਿੱਥੇ ਜਿੱਥੇ ਵੱਡੇ ਵੱਡੇ MNCs ਦੇ ਇੰਪਲਾਈਜ਼ ਜਾਂਦੇ ਹਨ। ਸਰ, ਅੱਜ ਤੇਲੰਗਾਨਾ ਸਰਕਾਰ ਨੇ officially ਸਾਨੂੰ ਲਿਖ ਕੇ ਪੁੱਛਿਆ ਹੈ ਕਿ ਜਿੱਥੋਂ ਤੁਸੀਂ ਟਰੇਨਿੰਗ ਕਰਵਾਈ ਹੈ, ਅਸੀਂ ਉੱਥੋਂ ਆਪਣੇ ਟੀਚਰਾਂ ਦੀ ਟਰੇਨਿੰਗ ਕਰਵਾਉਣਾ ਚਾਹੁੰਦੇ ਹਾਂ। ਸਰ, ਇਸ ਤੋਂ ਅੱਗੇ confidence building ਵੱਲ ਧਿਆਨ ਦਿੱਤਾ ਗਿਆ। ਸਰਕਾਰੀ ਸਕੂਲਾਂ ਦੇ ਬੱਚਿਆਂ ਦਾ ਆਤਮ ਵਿਸ਼ਵਾਸ ਬਹੁਤ ਕਮਜ਼ੋਰ ਸੀ। ਉਨ੍ਹਾਂ ਦੀਆਂ exposure visits ਕਰਵਾਈਆਂ ਗਈਆਂ। ਬੱਚਿਆਂ ਨੂੰ ਇਸਰੋ ਲੈ ਕੇ ਗਏ। ਬੱਚੇ ਪਹਿਲੀ ਵਾਰ ਜਹਾਜ਼ ਵਿੱਚ ਬੈਠੇ। ਬੱਚਿਆਂ ਨੂੰ Indian Institute of Science, Bangalore ਲੈ ਕੇ ਗਏ। ਬੱਚਿਆਂ ਨੂੰ ਆਪਣੀਆਂ ਲੋਕਲ ਆਈ.ਆਈ.ਟੀਜ਼, ਆਈ.ਆਈ.ਐਮਜ਼ ਵਿਜ਼ੀਟ ਕਰਵਾਇਆ। ਸਰ, ਜਿਹੜਾ ਬੱਚਾ ਕਹਿੰਦਾ ਹੈ ਕਿ ਮੈਂ NDA ਵਿੱਚ ਜਾਣਾ ਚਾਹੁੰਦਾ ਹਾਂ, ਉਸ ਨੂੰ cantonments ਵਿਜ਼ੀਟ ਕਰਵਾਇਆ ਗਿਆ ਤਾਂ ਜੋ ਬੱਚਾ ਆਪਣੇ ਸੁਪਨੇ ਨੂੰ ਮਹਿਸੂਸ ਕਰ ਸਕੇ। ਜਿਹੜਾ ਬੱਚਾ ਕਹਿੰਦਾ ਹੈ ਕਿ ਮੈਂ ਆਈ.ਏ.ਐਸ., ਆਈ.ਪੀ.ਐਸ. ਅਫਸਰ ਬਣਨਾ ਚਾਹੁੰਦਾ ਹਾਂ, ਉਨ੍ਹਾਂ ਦਾ ਇੱਕ ਦਿਨ ਆਈ.ਏ.ਐਸ. ਅਤੇ ਆਈ.ਪੀ.ਐਸ. ਅਫਸਰਾਂ ਨਾਲ ਬਿਤਾਇਆ ਤਾਂ ਕਿ they can live their dream. ਬੱਚੇ ਦੇਖਣ, exposure visits ਕੀਤੀਆਂ। ਇਸ ਤੋਂ ਇਲਾਵਾ ਆਈ.ਸੀ.ਟੀ. ਵਿੱਚ ਅੱਜ ਅਗਰ 400 ਕਰੋੜ ਰੁਪਏ ਦਾ ਏ.ਆਈ ਸ਼ੁਰੂ ਕਰ ਰਿਹਾ ਹੈ ਤਾਂ ਪਹਿਲਾਂ ਇਨਫ੍ਰਾਸਟਰੱਕਚਰ ਫਿਕਸ ਕੀਤਾ। ਸਾਡੇ ਸਾਰੇ ਸਕੂਲਾਂ ਵਿੱਚ ਇੰਟਰੈਕਟਿਵ ਪੈਨਲਜ਼, ਨਵੇਂ ਕੰਪਿਊਟਰ ਆਏ ਹਨ। ਇਸ ਤੋਂ ਇਲਾਵਾ ਮੈਂ ਕੁਝ ਸਕੂਲਾਂ ਦੀਆਂ ਉਦਾਹਰਨਾਂ ਦੇਣਾ ਚਾਹੁੰਦਾ ਹਾਂ। ਇੱਕ ਸਕੂਲ ਬਾਰੇ ਹਰ ਸਾਲ ਖਬਰ ਲਗਦੀ ਸੀ। ਆਪਾਂ ਇੱਥੋਂ ਹੀ ਸ਼ੁਰੂ ਕਰ ਲੈਂਦੇ ਹਾਂ, ਵਿਧਾਨ ਸਭ ਤੋਂ ਉਸ ਸਕੂਲ ਦਾ 10 ਮਿੰਟ ਦਾ ਰਸਤਾ ਹੈ। ਗੂਗਲ ਤੇ ਇੱਕ ਪਿੰਡ ਸਰਚ ਕਰ ਲਵੋ, ਮਸੌਲ। ਹਰ ਇਲੈਕਸ਼ਨ ਵਿੱਚ ਪੱਤਰਕਾਰਾਂ ਵੱਲੋਂ ਉਸ ਨੂੰ ਕਵਰ ਕੀਤਾ ਜਾਂਦਾ ਸੀ, ਮਸੌਲ is a story ਕਿ ਉਸ ਦੇ ਸਕੂਲ ਦਾ ਬੁਰਾ ਹਾਲ ਸੀ। ਇੱਥੋਂ exactly 10 ਮਿੰਟ ਲਗਦੇ ਹਨ। ਸਾਰੇ ਲੀਡਰਾਂ ਦੇ ਉੱਥੇ ਫਾਰਮ ਹਾਊਸ ਹੋਣਗੇ ਪਰ ਕਦੇ ਵੀ ਕਿਸੇ ਨੇ ਉਸ ਪਿੰਡ ਦੀ ਸਾਰ ਨਹੀਂ ਲਈ। ਅੱਜ ਮੇਰੀ ਸਾਰੇ ਮੀਡੀਆ ਨੂੰ ਅਤੇ ਆਪ ਜੀ ਨੂੰ ਰਿਕੂਐਸਟ ਹੈ ਕਿ ਜਾ ਕੇ ਮਸੌਲ ਦਾ ਸਕੂਲ ਦੇਖਿਓ। ਸਰ, ਮੈਂ ਕੁਝ ਸਕੂਲਾਂ ਦੀਆਂ ਉਦਾਹਰਣਾਂ ਦੇਣੀਆਂ

ਚਾਹੁੰਦਾ ਹਾਂ। ਡੇਰਾਬੱਸੀ ਦਾ ਸੂਕਲ ਆਫ ਐਮੀਨੈਂਸ ਹੈ, ਅੰਮ੍ਰਿਤਸਰ ਦੇ ਟਪਿਆਲੇ ਸਕੂਲ ਦਾ ਪਿੰਡ ਹੈ ਜੋ ਰਾਜਾਸਾਂਸੀ ਹਲਕੇ ਵਿੱਚ ਪੈਂਦਾ ਹੈ। ਅੰਮ੍ਰਿਤਸਰ ਸ਼ਹਿਰ ਦੇ ਬੱਚੇ ਟਪਿਆਲਾ ਸਕੂਲ ਵਿੱਚ ਜਾਣ ਲੱਗ ਪਏ। ਅੰਮ੍ਰਿਤਸਰ ਦੇ ਬਿਲਕੁਲ ਬਾਰਡਰ ਤੇ ਹੈ। ਅੰਮ੍ਰਿਤਸਰ ਦਾ  ਇੱਕ ਝੀਟਾ ਕਲਾਂ ਪਿੰਡ ਦਾ ਸਕੂਲ ਹੈ। ਇਸ ਤਰ੍ਹਾਂ ਦੇ 200-300 ਸਕੂਲਾਂ ਦੇ ਨਾਮ ਮੈਂ ਤੁਹਾਨੂੰ ਜ਼ੁਬਾਨੀ ਦੱਸ ਸਕਦਾ ਹਾਂ। ਮੇਰੇ ਹਲਕੇ ਦੇ ਕੀਰਤਪੁਰ ਸਾਹਿਬ ਦਾ ਸਕੂਲ ਆਫ ਐਮੀਨੈਂਸ ਹੈ। ਇਸ ਤੇ 12 ਕਰੋੜ ਰੁਪਿਆ ਲੱਗ ਰਿਹਾ ਹੈ, ਅੱਜ ਕਿਸੇ ਨੇ ਟਵੀਟ ਕੀਤਾ ਹੈ ਕਿ ਸਿਰਫ 2 ਸਕੂਲ ਹੀ ਬਣੇ ਹਨ, ਅੱਜ ਉਹ ਉੱਥੇ ਆ ਕੇ ਦੇਖ ਸਕਦੇ ਹਨ। ਸਰ, ਇਸ ਤੋਂ ਅੱਗੇ ਸਕੂਲ ਆਫ ਐਮੀਨੈਂਸ, ਸ਼ਹੀਦ ਸੁਖਦੇਵ ਥਾਪਰ ਜੀ ਦੇ ਨਾਮ ਤੇ ਹੈ। ਸਰ, ਲੁਧਿਆਣੇ ਕਚਹਿਰੀ ਦੇ ਪਿੱਛੇ ਪ੍ਰਾਈਮ ਲੈਂਡ ਸੀ। ਉਸ ਸਕੂਲ ਨੂੰ ਡੰਪ ਕੀਤਾ ਹੋਇਆ ਸੀ। 18 ਕਰੋੜ ਰੁਪਏ ਵਿੱਚ ਅਸੀਂ ਉਹ ਸਕੂਲ ਬਣਾ ਰਹੇ ਹਾਂ। ਉਸ ਸਕੂਲ ਵਿੱਚੋਂ ਇਸ ਸਾਲ 17 ਬੱਚੇ ਆਲਰੇਡੀ ਨੀਟ ਪਾਸ ਕਰ ਗਏ ਹਨ। ਅਜੇ ਬਿਲਡਿੰਗ ਦਾ ਕੰਮ ਚੱਲ ਰਿਹਾ ਹੈ once it is completed, ਲੁਧਿਆਣੇ ਦਾ ਕੋਈ ਪ੍ਰਾਈਵੇਟ ਸਕੂਲ ਉਸ ਦਾ ਮੁਕਾਬਲਾ ਨਹੀਂ ਕਰ ਪਾਵੇਗਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਤੋਂ ਇਲਾਵਾ ਸਕੂਲ ਆਫ ਐਮੀਨੈਂਸ, ਇੰਦਰਾਪੁਰੀ, ਸਕੂਲ ਆਫ ਐਮੀਨੈਂਸ, ਖਡੂਰ ਸਾਹਿਬ, ਸਕੂਲ ਆਫ ਐਮੀਨੈਂਸ ਕੁੰਦਨਪੁਰੀ, ਸਕੂਲ ਆਫ ਐਮੀਨੈਂਸ, ਅਮਲੋਹ ਹਨ। ਸਰ, ਐਮ.ਐਲ.ਏ. ਸਾਹਿਬ ਦਾ ਏਰੀਆ ਹੈ, ਇਸ ਵਿੱਚ ਮੇਰਾ ਕੀ ਇੰਟਰਸਟ ਹੋ ਸਕਦਾ ਹੈ ਪਰ ਮੈਨੂੰ ਲੱਗਿਆ ਕਿ ਸ਼ਹੀਦ-ਏ-ਆਜ਼ਮ ਦੀ ਧਰਤੀ ਹੈ। ਉਸ ਸਕੂਲ ਵਿੱਚ ਮੈਂ 4 ਵਾਰ ਗਿਆ ਹਾਂ। ਉਸ ਦਾ ਡਿਜ਼ਾਈਨ, ਉਸ ਦੇ ਬਾਥਰੂਮਜ਼, ਮਲਟੀਪਰਪਜ਼ ਹਾਲਜ਼, ਲਿਫਟ ਲੱਗਣੀ ਇਹ ਸਭ ਕੰਮ ਕੀਤੇ ਗਏ ਹਨ। ਇਹ ਮੇਰਾ passion ਹੈ। ਇੰਨਾ ਹੀ ਨਹੀਂ ਫਿਰ ਇੱਕ ਖਬਰ ਲੱਗੀ, ਮੈਂ ਇਹ ਨਹੀਂ ਕਹਿੰਦਾ ਕਿ I fixed things. ਇੱਕ ਪਿੰਡ ਦੀ ਖਬਰ ਲੱਗੀ ਹੈ, ਸ਼ਾਮ ਚੁਰਾਸੀ ਵਿੱਚ ਕੂਕਾਨੇਟ ਪਿੰਡ ਹੈ। ਸਰ, ਇਸ ਪਿੰਡ ਵਿੱਚ ਜੰਗਲ ਵਿੱਚ ਸਕੂਲ ਹੈ। ਉੱਥੇ ਆਹ ਖਬਰ ਲੱਗੀ ਹੈ, (ਫੋਨ ਵਿੱਚੋਂ ਖਬਰ ਪੜ੍ਹ ਕੇ ਸੁਣਾਉਂਦੇ ਹੋਏ) ਸਰ ਇਹ ਖਬਰ ਹੈ reality check. At this Government School in Punjab, a Desi Jugad to keep strays away. ਸਰ ਇਹ 12 ਸਿਤੰਬਰ, 2022 ਦੀ ਖਬਰ ਹੈ।

**1335/Pawan sharma**

ਸਰ, ਅੱਜ ਇਸ ਸਕੂਲ ਬਾਰੇ ਪਤਾ ਕਰਨ। ਕਦੇ ਫੋਲੋ ਅੱਪ ਸਟੋਰੀ ਨਹੀਂ ਆਈ। ਸਰ, ਕਦੀ ਨਹੀਂ ਆਈ। ਸਰ, ਅੱਜ ਸਕੂਲ ਦੇ ਬਾਰੇ ਪਤਾ ਕਰਨ। ਸਰ, ਉਸ ਤੋਂ ਬਾਅਦ ਕੁਝ ਚੀਜ਼ਾਂ ਹੋਰ ਜਿਵੇਂ ਇੱਥੇ ਕਹੀਆਂ ਗਈਆਂ ਹਨ, ਪ੍ਰਗਟ ਸਿੰਘ ਜੀ ਜਿਵੇਂ ਤੁਸੀਂ ਕਿਹਾ ਹੈ ਕਿ ਅਫ਼ਸਰ ਮਿਸ ਗਾਈਡ ਕਰ ਦਿੰਦੇ ਹਨ, ਸਰ ਮੈਂ ਤੁਹਾਨੂੰ ਡਾਕੂਮੈਂਟਸ ਦਿਖਾ ਦੇਵਾਂਗਾ। ਸਰ, ਆਪਾਂ ਜਨਵਰੀ ਵਿੱਚ ਨੌਕਰੀਆਂ ਦਾ ਇਸ਼ਤਿਹਾਰ ਕੱਢ ਗਏ ਸੀ। ਆਨ ਫਾਈਲ ਇਹ ਭਰਤੀ ਖ਼ਤਮ ਕਰ ਦਿੱਤੀ ਸੀ। ਉਸ ਤੋਂ ਬਾਅਦ It took me time, ਮੈਂ ਦੁਬਾਰਾ ਕੈਬਨਿਟ ਵਿੱਚ ਪੋਸਟਾਂ ਅਪਰੂਵ ਕਰਵਾਈਆਂ, ਜੋ ਬੱਚੇ ਉਹ ਕਹਿੰਦੇ ਸੀ ਕਿ as per the Supreme Court ruling, ਹੁਣ ਉਹ ਪੋਸਟਾਂ ਲੈ ਕੇ ਐਡਵਰਟਾਈਜ਼ ਚੱਲ ਰਹੀ ਹੈ। ਇਸ ਤੋਂ ਪਹਿਲਾਂ ਵੀ, ਡੇਢ ਸਾਲ ਪਹਿਲਾਂ ਕੱਢੀ ਸੀ, ਹਾਈ ਕੋਰਟ ਵਿੱਚ ਸਟੇਅ ਲੱਗ ਗਿਆ ਸੀ, ਉਹ ਵੀ ਫਿਕਸ ਕੀਤਾ ਹੈ। ਸਰ, ਤੁਸੀਂ ਤਾਂ ਕਹਿ

ਦਿੱਤਾ ਕਿ ਮੈਂ ਸਾਰਾ ਕੁਝ ਜਲਦਬਾਜ਼ੀ ਵਿੱਚ ਕੱਢ ਦਿੱਤਾ, 5994, 4161, 2364 ਸਟੇਅ ਹੋਈਆਂ। ਇਸ ਸਾਰੀਆਂ ਨੂੰ ਕਰਕੇ I got it fixed from High Court. ਸਰ, ਅਸੀਂ ਇੱਕ ਵਾਰੀ 1158 ਵੀ ਜਿੱਤ ਗਏ ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਿੱਖਿਆ ਮੰਤਰੀ**: ਇੱਕ ਮਿੰਟ ਸਰ, ਮੈਨੂੰ ਕੰਪਲੀਟ ਕਰ ਲੈਣ ਦਿਓ। I heard you very patiently. You can give rebuttal to me. ਸਰ, ਮੈਂ ਬਹੁਤ ਸਤਿਕਾਰ ਨਾਲ ਤੁਹਾਡੀ ਗੱਲ ਸੁਣੀ ਹੈ। ਸਰ, ਇਹ ਇਸ਼ੂਜ ਹਨ। ਸਰ, ਇਹ ਤਾਂ ਹੋ ਗਿਆ ਅਕੈਡਮਿਕ ਪੱਖ, ਹੁਣ ਅਧਿਆਤਮਕ ਪੱਖ ਦੀ ਗੱਲ ਕਰਦੇ ਹਾਂ। ਸਰ, ਅਸੀਂ ਬੜੀ ਅਰਾਮ ਨਾਲ ਇੱਕ mindfulness campaign ਚਲਾਇਆ। ਪਿਛਲੇ 06 ਮਹੀਨਿਆਂ ਤੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਸ਼ੁਰੂ ਹੈ। ਸਰ, 30 ਮਿੰਟ ਮੈਡੀਟੇਸ਼ਨ। ਤੁਹਾਡੀ ਜਿਸ ਧਰਮ ਵਿੱਚ ਆਸਥਾ ਹੈ, ਤੁਸੀਂ ਜਿਸ ਨੂੰ ਮੰਨਦੇ ਹੋ, 30 ਮਿੰਟ ਬੱਚੇ ਨੂੰ ਦਿੰਦੇ ਹਾਂ ਔਰ ਉਸ ਦਾ ਇੰਨਾ ਪਾਜ਼ੇਟਿਵ ਅਸਰ ਹੈ। ਸਰ, ਉਸ ਤੋਂ ਇਲਾਵਾ ਬੱਚਿਆਂ ਨੂੰ ਇਹ ਕਿਹਾ ਕਿ ਘਰੇ ਜਦੋਂ ਜਾਣਾ ਹੈ ਤਾਂ ਰੋਜ਼ ਜਾ ਕੇ ਆਪਣੇ ਬਜ਼ੁਰਗਾਂ, ਮਾਤਾ ਪਿਤਾ, ਦਾਦਾ ਦਾਦੀ, ਨਾਨਾ ਨਾਨੀ ਨੂੰ ਕਿ ਅੱਜ ਮੈਂ ਕੀ ਸਿੱਖ ਕੇ ਆਇਆ ਹਾਂ ਅਤੇ ਸਕੂਲ ਆਉਣ ਤੋਂ ਪਹਿਲਾਂ ਪੈਰੀਂ ਹੱਥ ਲਾਉਣਾ ਹੈ। ਸਰ, ਅਸੀਂ ਇਨ੍ਹਾਂ ਚੀਜ਼ਾਂ ਦੇ ਉੱਤੇ ਵੀ ਕੰਮ ਕਰ ਰਹੇ ਹਾਂ ਕਿ ਕਿਵੇਂ ਇੱਕ ਇਨਸਾਨ, ਇੱਕ ਬੱਚਾ ਬੈਟਰ ਇਨਸਾਨ ਬਣ ਸਕੇ ਜਿਵੇਂ ਗੱਜਣਮਾਜਰਾ ਸਾਹਿਬ ਨੇ ਕਿਹਾ ਹੈ, ਹੋਰ ਵੀ ਬਹੁਤ ਸਾਰੇ ਕੰਮ ਪ੍ਰਾਇਮਰੀ ਅਤੇ ਸੀਨੀਅਰ ਐਜੂਕੇਸ਼ਨ ਵਿੱਚ ਕੀਤਾ ਹੈ। ਸਰ, ਮੈਂ ਕੱਲ੍ਹ ਵੀ ਦੱਸਿਆ ਸੀ, ਉਹ ਤਾਂ ਹੈੱਡ ਲਾਈਨ ਬਣ ਗਈ ਕਿ 31000 ਟੀਚਰ, ਪੰਜਾਬ ਦਾ ਟੀਚਰ, Pupil Ratio ਦੇਸ਼ ਵਿੱਚ ਬੈੱਸਟ ਹੈ, ਉਹ ਹੈੱਡ ਲਾਈਨ ਹੈ। ਸਰ, ਮੇਰਾ ਮਕਸਦ ਇਹ ਹੈ ਕਿ ਅਗਰ ਪੰਜਾਬ ਦਾ ਸਰਕਾਰੀ ਸਕੂਲਾਂ ਦਾ ਸਰਟੀਫਿਕੇਟ ਕਿੱਥੇ ਜਾਵੇ ਤਾਂ ਸਾਡੇ ਬੱਚਿਆਂ ਦੀ ਸੁਣਵਾਈ ਹੋਵੇ। ਸਰ, ਵੈਸੇ ਤਾਂ ਮੈ ਹਾਇਰ ਐਜੂਕੇਸ਼ਨ ਤੇ ਕੱਲ੍ਹ ਬੋਲਣਾ ਸੀ, ਅੱਜ ਇੱਕ ਫੈਕਟ ਦੱਸ ਦਿੰਦਾ ਹਾਂ , ਇਹ ਤਾਂ ਕਹਿ ਦਿੱਤਾ ਕਿ ਮਾਈਗਰੇਸ਼ਨ ਕਰਕੇ ਬੱਚੇ ਵੱਧ ਗਏ। ਸਰ, ਫੈਕਟ ਹੈ, ਫਿਰ ਸਟੱਡੀ ਕਰ ਲਓ, All India Survey on Higher Education ਦੇ ਵਿੱਚ Punjab is becoming the first choice, ਸਰ ਪੂਰੇ ਦੇਸ਼ ਵਿੱਚ 58 ਹਜ਼ਾਰ foreign ਸਟੂਡੈਂਟਸ ਪੜ੍ਹਦੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪ੍ਰਗਟ ਸਿੰਘ ਪੋਆਰ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਿੱਖਿਆ ਮੰਤਰੀ**: ਇੱਕ ਮਿੰਟ ਸੁਣ ਤਾਂ ਲਵੋ। ਮੈਂ ਕਿਹਾ ਕਿ ਸੁਣ ਤਾਂ ਲਵੋ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ)**: ਸਰ, ਪ੍ਰਾਈਵੇਟ ਨੂੰ ਕਲੇਮ ਨਾ ਕਰੀ ਚੱਲੀਏ, ਲਵਲੀ ਵਿੱਚ ਹੀ ਬਹੁਤ ਪੜ੍ਹਦੇ ਹਨ, ਅਸੀਂ ਪ੍ਰਾਈਵੇਟ ਨੂੰ ਪ੍ਰਮੋਟ ਕਰਨ ਲੱਗੇ ਹਾਂ।

**ਸਿੱਖਿਆ ਮੰਤਰੀ**: ਇੱਕ ਸੈਕੰਡ ਸਰ, ਮੈਂ ਵੀ ਵਿੱਚੋਂ ਖੜ੍ਹਾ ਹੋ ਸਕਦਾ ਸੀ। ਕੀ ਅਸੀਂ ਨਹੀਂ ਬੋਲ ਸਕਦੇ, ਮੇਰਾ ਹੱਕ ਹੈ। ਸਰ, ਮੈਨੂੰ ਇੱਕ ਫੈਕਟ ਤਾਂ ਦੱਸ ਲੈਣ ਦਿਓ, 58000 ਬੱਚੇ ਸੀ। ਸਰ, ਦੇਖੋ ਜਿੱਥੇ ਪੰਜਾਬ ਦੀ ਕੋਈ ਕਾਮਯਾਬੀ ਆਉਂਦੀ ਹੈ, ਤਕਲੀਫ਼ ਹੁੰਦੀ ਹੈ ਕਿ ਪੰਜਾਬ ਦਾ ਨਾਂ ਕਿਵੇਂ ਆ ਜਾਵੇਗਾ? ਸਰ, ਸਾਡੀ ਹਾਇਰ ਐਜੂਕੇਸ਼ਨ ਹੈ, Sir We have foreign Students in GNDU. We have foreign students in Punjabi University. We are having foreign students in PAU, Ludhiana. ਸਰ, ਇਕੱਲੇ ਪ੍ਰਾਈਵੇਟ ਵਿੱਚ ਥੋੜ੍ਹੀ ਹੈ। Sir, why. ਮੇਰੀ ਇੱਕ ਗੱਲ ਸੁਣੋ।

**ਮਾਣਯੋਗ ਸਪੀਕਰ**: ਸਾਡੇ GADVASU ਵਿੱਚ ਵੀ ਹੈ।

**ਸਿੱਖਿਆ ਮੰਤਰੀ**: ਸਰ, GADVASU ਵਿੱਚ ਹੈ। ਇਸ ਤੋਂ ਇਲਾਵਾ ਅਸੀਂ ਇਸ ਸਾਲ ਜਿਹੜੀ ਸਾਡੀ ਗੁਰਦਾਸਪੁਰ ਵਰਗੀ ਯੂਨੀਵਰਸਿਟੀਆਂ ਹਨ, ਜਿੱਥੇ ਸਿਰਫ ਤਿੰਨ-ਤਿੰਨ ਸੌ ਬੱਚਾ ਸੀ, ਉੱਥੇ ਅੱਜ ਦੋ-ਦੋ ਹਜ਼ਾਰ ਬੱਚਾ ਹੋ ਗਿਆ ਹੈ। ਗੁਰਦਾਸਪੁਰ ਵਿੱਚ ਵੀ foreign students ਪੜ੍ਹਦੇ ਹਨ। ਸਰ, ਅਸੀਂ ਐਮ.ਆਰ.ਐਫ. ਪੀ.ਟੀ.ਯੂ., ਬਠਿੰਡਾ ਵਿੱਚ ਵੀ ਕੋਸ਼ਿਸ਼ ਕਰ ਰਹੇ ਹਾਂ। ਸਰ, ਕੀ ਸਾਡੇ ਸਾਰੇ ਬੱਚੇ Cambridge, Oxford ਜਾਂ Stanford ਜਾਂਦੇ ਸੀ। ਅਗਰ ਪੰਜਾਬ ਦੀ ਪ੍ਰਾਈਵੇਟ ਐਜੂਕੇਸ਼ਨ ਵੀ ਵਧੀਆ ਹੋ ਰਹੀ ਹੈ ਤਾਂ It is a matter of pride ਕਿ Students from Nepal, UAE, ਜਿਹੜੇ ਸਾਡੇ ਅਫ਼ਗ਼ਾਨਿਸਤਾਨ, ਅਫਰੀਕਨ ਕੰਟਰੀਜ਼ ਤੋਂ ਅੱਜ ਪੰਜਾਬ ਵਿੱਚ ਆ ਰਹੇ ਹਨ। ਚਾਰ ਗੁਣਾ ਹੋ ਗਏ ਹਨ। ਅਸੀਂ ਕਰਨਾਟਕਾ ਤੋਂ ਸਿਰਫ਼ 12 ਬੱਚੇ ਪਿੱਛੇ ਹਾਂ। ਕਰਨਾਟਕਾ 11000 ਤੇ 7000 ਆ ਗਿਆ। ਅਗਰ ਪੰਜਾਬ ਇੱਕ ਐਜੂਕੇਸ਼ਨ ਹੱਬ ਬਣ ਰਿਹਾ ਹੈ ਤਾਂ ਕੀ ਤਕਲੀਫ ਹੈ। ਜੇਕਰ ਪ੍ਰਾਈਵੇਟ ਯੂਨੀਵਰਸਿਟੀ ਉੱਥੇ ਆ ਕੇ, ਸਾਡੀ ਐਲ.ਪੀ.ਯੂ, ਚਿਤਕਾਰਾ, ਥਾਪਰ, ਚੰਡੀਗੜ੍ਹ ਯੂਨੀਵਰਸਿਟੀ, ਸਰ ਕੱਲ੍ਹ ਤਿੰਨ ਯੂਨੀਵਰਸਿਟੀਆਂ ਹੋਰ ਆ ਰਹੀਆਂ ਹਨ। ਫਿਜ਼ਿਕਸ ਵਾਲਾ ਵੀ ਪੰਜਾਬ ਵਿੱਚ ਆਉਣ ਚਾਹੁੰਦਾ ਹੈ। Punjab is becoming Education hub. ਸਰ, ਜੇਕਰ ਅਜਿਹਾ ਹੋ ਰਿਹਾ ਹੈ ਤਾਂ ਕਾਮਯਾਬੀ ਹੈ। ਬਹੁਤ ਬਹੁਤ ਧੰਨਵਾਦ ਸਰ।

**ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ)**: ਜਦੋਂ ਪੰਜਾਬ ਸਾਲ 2021-22 ਵਿੱਚ ਫ਼ਸਟ ਆਇਆ ਤਾਂ ਉਦੋਂ ਤੁਸੀਂ ਕੋਈ ਗੱਲ ਕੀਤੀ ਨਹੀਂ।

**ਸਿੱਖਿਆ ਮੰਤਰੀ**: ਸਰ, ਇੱਕ ਸੈਕੰਡ, ਹੁਣ ਮੈਂ ਇਸ ਦਾ ਜਵਾਬ ਦੇਵਾਂਗਾ।

**ਮਾਣਯੋਗ ਸਪੀਕਰ**: ਬੈਂਸ ਸਾਹਿਬ।

**ਰਾਣਾ ਗੁਰਜੀਤ ਸਿੰਘ (ਬੈਠੇ, ਬੈਠੇ)**: ਹਾਇਰ ਐਜੂਕੇਸ਼ਨ ਬਾਰੇ ਕੱਲ੍ਹ ਬੋਲਣਾ ਹੈ।

**ਸਿੱਖਿਆ ਮੰਤਰੀ**: ਸਰ, ਮੈਂ ਬੜੇ ਵਿਸਥਾਰ ਅਤੇ ਫੈਕਟਸ ਨਾਲ ਫਿਰ ਕਹਾਂਗਾ ਕਿ ਇਹ ਕੋਈ ਨਿੱਜੀ ਜੰਗ ਨਹੀਂ।

**1340/Beant kaur**

It is not a personal fight. ਮੈਂ ਨਹੀਂ ਕਹਿੰਦਾ ਕਿ ਮੇਰੇ ਤੋਂ ਵਧੀਆ ਕੋਈ ਨਹੀਂ ਹੋ ਸਕਦਾ ਪਰ ਮੈਨੂੰ ਇੰਨਾ ਵਿਸ਼ਵਾਸ ਹੈ ਕਿ ਇਸ ਮਹਿਕਮੇ ਨੂੰ I am trying to give my best. ਆਪਣਾ 100% ਦਿੱਤਾ ਹੈ। ਇਹ ਜਿਹੜਾ ਸਾਲ 2021-22 ਦੀ ਗੱਲ ਕਰਦੇ ਹਨ, ਇਕ ਅਫਸਰ ਦੀ ਮਿਹਨਤ ਨਾਲ ਹਾਲਾਤ ਬਦਲਣੇ ਸ਼ੁਰੂ ਹੋਏ ਸਨ। ਅੱਜ ਉਹ ਅਫਸਰ ਇਰੀਗੇਸ਼ਨ ਡਿਪਾਰਟਮੈਂਟ ਵਿੱਚ ਵੀ ਬਹੁਤ ਵਧੀਆ ਕੰਮ ਕਰ ਰਿਹਾ ਹੈ। I respect him. ਇਹ ਉਨ੍ਹਾਂ ਦਾ ਕ੍ਰੈਡਿਟ ਹੈ। ਉਸ ਸਮੇਂ ਸਕੂਲਾਂ ਦੇ ਹਾਲਾਤ ਕੀ ਸਨ। (ਵਿਘਨ, ਸ਼ੋਰ) ਸਰਦਾਰ ਪਰਗਟ ਸਿੰਘ ਜੀ, ਇਹ ਫੈਕਟ ਹੈ। ਇਹ ਤਾਂ ਜੱਗ ਜਾਹਿਰ ਹੈ। ਸਰਕਾਰੀ ਸਕੂਲਾਂ ਨੂੰ ਦਾਨ ਘਰ ਬਣਾ ਦਿੱਤਾ ਗਿਆ ਸੀ। ਮੇਰੇ ਟੀਚਰ ਮੰਗਣ ਜਾਂਦੇ ਸਨ। ਅਸੀਂ ਇਹ ਪਾਲਿਸੀ ਬਣਾ ਦਿੱਤੀ ਸੀ ਕਿ 40% ਸਰਕਾਰ ਦੇਵੇਗੀ ਅਤੇ 60% ਮੰਗ ਲਓ। ਜਿਸ ਕਾਰਨ ਟੀਚਰ ਮੰਗਦੇ ਰਹਿੰਦੇ ਸਨ। ਅਸੀਂ ਪ੍ਰਥਾ ਬੰਦ ਕਰ ਦਿੱਤੀ। ਅਸੀਂ ਕਿਹਾ ਕਿ we have enough of funds. ਅਸੀਂ ਆਪਣੇ ਸਕੂਲਾਂ ਤੇ ਕੰਮ ਕੀਤਾ ਹੈ।

**ਸ੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ)** : ਸਪੀਕਰ ਸਾਹਿਬ, ਮੇਰਾ ਸਿਰਫ ਇਕ ਪੁਆਇੰਟ ਹੈ। ਮੈਂ ਇਨ੍ਹਾਂ ਪੰਜ ਸਾਲਾਂ ਵਿੱਚ ਦੋ ਵਾਰੀ ਕਹਿ ਚੁੱਕੀ ਹਾਂ ਕਿ ਮੇਰਾ ਸਿੱਧਪੁਰ ਦਾ ਡਿਗਰੀ ਕਾਲਜ ਹੈ, ਜਿਸ ਨੂੰ ਗ੍ਰਾਂਟ ਲਿਆ ਕੇ ਬੜੀ ਮਿਹਨਤ ਨਾਲ ਬਣਾਇਆ ਸੀ। ਮੈਂ ਇਸ ਵਾਸਤੇ ਦੋ ਵਾਰੀ ਸਵਾਲ ਵੀ ਪੁੱਛ ਚੁੱਕੀ ਹਾਂ, ਇਨ੍ਹਾਂ ਨੇ ਮੈਨੂੰ ਐਸ਼ਰੈਂਸ ਵੀ ਦਿੱਤੀ ਸੀ। ਉੱਥੇ ਸਟਾਫ ਹੀ ਕੋਈ ਨਹੀਂ ਹੈ। ਉੱਥੇ 79 ਬੱਚੇ ਸਨ, ਜਿਹੜੇ ਛੱਡ ਕੇ ਜਾ ਚੁੱਕੇ ਹਨ। 17 ਬੱਚੇ ਰਹਿ ਗਏ ਹਨ, ਜਿਨ੍ਹਾਂ ਵਿਚੋਂ 7 ਬੱਚੇ ਗੁਰਦਾਸਪੁਰ ਦੇ ਕਿਸੇ ਕਾਲਜ ਵਿੱਚ ਪੜ੍ਹ ਰਹੇ ਹਨ। ਉਸ ਕਾਲਜ ਵਿੱਚ ਕੋਈ ਐਡਮਿਸ਼ਨ ਨਹੀਂ ਹੋ ਰਹੀ ਕਿਉਂਕਿ ਕੋਈ ਸਟਾਫ਼ ਨਹੀਂ ਹੈ। ਸੋ, ਸਹੀ ਮਾਅਨੇ ਵਿੱਚ ਜਿਹੜੀ true picture ਹੈ, ਉਹ ਵੀ ਦੱਸਣੀ ਚਾਹੀਦੀ ਹੈ। ਇਹ ਮੈਂ ਤੁਹਾਨੂੰ ਪੁਆਇੰਟ ਆਊਟ ਨਹੀਂ ਕਰ ਰਹੀ, ਤੁਸੀਂ ਅੱਛਾ ਕੰਮ ਵੀ ਕੀਤਾ ਹੈ ਲੇਕਿਨ ਜਿੱਥੇ ਜਿੱਥੇ ਕਮੀਆਂ ਹਨ, ਉਹ ਵੀ ਦੂਰ ਕਰੋ। ਪੰਜ ਸਾਲ ਹੋ ਗਏ ਹਨ ਪਰ ਅੱਜ ਤੱਕ ਉੱਥੇ ਕੋਈ ਸਟਾਫ਼ ਨਹੀਂ ਪਹੁੰਚਿਆ। Thank you.

**ਰਾਣਾ ਗੁਰਜੀਤ ਸਿੰਘ (ਕਪੂਰਥਲਾ)** : ਸਪੀਕਰ ਸਾਹਿਬ, ਧੰਨਵਾਦ। ਹਾਇਰ ਐਜੂਕੇਸ਼ਨ ਦੀ ਗੱਲ ਹੋਈ ਹੈ। ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਆਪਾਂ ਗੱਲ ਕਰੀਏ, ਇਸ ਵਿੱਚ ਕੋਈ ਬੁਰਾਈ ਨਹੀਂ ਹੈ ਲੇਕਿਨ ਮੰਤਰੀ ਜੀ ਨੂੰ ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਵਾਰ ਆਪਾਂ ਇਸ ਸਦਨ ਵਿੱਚ ਦੋ ਨਵੀਂਆਂ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਪਰਮਿਸ਼ਨ ਦਿੱਤੀ ਸੀ। ਉਸ ਦਿਨ ਅਤੇ ਉਸ ਤੋਂ ਪਹਿਲਾਂ ਵੀ ਮੈਂ ਵਾਰ ਵਾਰ ਇਹ ਸਵਾਲ ਚੁੱਕਿਆ ਸੀ ਕਿ ਜੇ ਨੇਪਾਲ ਤੋਂ, ਬਿਹਾਰ ਤੋਂ, ਅਫਗਾਨਿਸਤਾਨ ਤੋਂ ਬੱਚੇ ਪੜ੍ਹਨ ਆਉਂਦੇ ਹਨ ਤਾਂ ਪ੍ਰਾਈਵੇਟ ਯੂਨੀਵਰਸਿਟੀਆਂ ਖੁੱਲ੍ਹਣੀਆਂ ਚਾਹੀਦੀਆਂ ਹਨ, ਇਸ ਵਿੱਚ ਕੋਈ ਬੁਰਾਈ ਨਹੀਂ ਹੈ ਕਿਉਂਕਿ ਇਸ ਨਾਲ ਸਾਡੀ ਇਕਾਨਮੀ ਬੂਸਟ ਹੁੰਦੀ ਹੈ but at the same time, ਇਨ੍ਹਾਂ ਯੂਨੀਵਰਸਿਟੀਆਂ ਵਿੱਚ ਐਜੂਕੇਸ਼ਨ ਦਾ ਬੁਰਾ ਹਾਲ ਹੈ। ਮੈਂ ਰੈਗੂਲੇਟਰੀ ਅਥਾਰਟੀ ਦੀ ਗੱਲ ਕੀਤੀ ਸੀ, ਕਿਉਂਕਿ ਪ੍ਰਾਈਵੇਟ ਯੂਨੀਵਰਸਿਟੀਆਂ ਆਪਣੀ ਮਰਜ਼ੀ ਨਾਲ ਕੰਮ ਕਰਦੀਆਂ ਹਨ। ਉਹ ਰਿਕਰੂਟਮੈਂਟ

ਆਪਣੀ ਮਰਜ਼ੀ ਨਾਲ ਕਰਦੀਆਂ ਹਨ, ਉਸ ਤੇ ਸਾਡਾ ਕੋਈ ਕੰਟਰੋਲ ਨਹੀਂ ਹੈ। ਅਸੀਂ ਉਸ ਯੂਨੀਵਰਸਿਟੀ ਨੂੰ ਮਾਨਤਾ ਦਿੰਦੇ ਹਾਂ, ਉਹ ਗਵਰਨਰ ਦੇ ਅੰਡਰ ਹਨ। ਤੁਹਾਡੀ ਵਿਧਾਨ ਸਭਾ ਦੇ ਅੰਡਰ ਨਹੀਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਲੇਬਸ ਵੀ ਉਨ੍ਹਾਂ ਦਾ ਹੈ, ਬੱਚਿਆਂ ਦੀ ਸਿਲੈਕਸ਼ਨ ਕਰਨਾ ਵੀ ਉਨ੍ਹਾਂ ਕੋਲ ਹੈ, ਪੇਪਰ ਵੀ ਉਨ੍ਹਾਂ ਦਾ ਆਪਣਾ ਹੁੰਦਾ ਹੈ। ਜੇਕਰ ਹਾਜ਼ਰੀਆਂ ਘੱਟ ਹਨ ਤਾਂ ਬੱਚਾ ਡੇਢ ਲੱਖ ਰੁਪਿਆ ਦੇਵੇ ਅਤੇ ਹਾਜ਼ਰੀਆਂ ਪੂਰੀਆਂ ਹੋ ਜਾਂਦੀਆਂ ਹਨ। They are ripping off Aam Janta. What are we doing? ਕੀ ਤੁਸੀਂ ਅੱਜ ਫੈਸਲਾ ਕਰੋਗੇ ਕਿ ਅਸੀਂ ਰੈਗੂਲੇਟਰੀ ਅਥਾਰਟੀ ਬਣਾਵਾਂਗੇ? Speaker Sahib, this is the need of the hour. ਤੁਸੀਂ ਅੱਜ ਫੈਸਲਾ ਕਰੋ, ਤੁਹਾਡੇ ਤੋਂ ਸਿਆਣਾ ਕੋਈ ਨਹੀਂ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ।

**ਰਾਣਾ ਗੁਰਜੀਤ ਸਿੰਘ** : ਅਸੀਂ ਕੋਈ ਸੇਧ ਲਈਏ। ਪੰਜਾਬ ਦੇ ਲੋਕਾਂ ਦਾ, ਬੱਚਿਆਂ ਦੇ ਮਾਪਿਆਂ ਦਾ hard earned money, ਉਹ ਕਿਸ ਪ੍ਰਕਾਰ ਕਰਜ਼ੇ ਲੈ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਅਤੇ ਉਸ ਡਿਗਰੀ ਦਾ ਮੁੱਲ ਹੀ ਕੋਈ ਨਹੀਂ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। ਨੈਕਸਟ, ਡਾਕਟਰ ਅਮਰਦੀਪ ਕੌਰ ਅਰੋੜਾ।

**ਰਾਣਾ ਗੁਰਜੀਤ ਸਿੰਘ** : ਮੰਤਰੀ ਜੀ ਸਿਆਣੇ ਹਨ। ਇਹ ਇਸ ਵਾਸਤੇ ਕੁਝ ਕਰਨ।

**ਸਰਦਾਰ ਪਰਗਟ ਸਿੰਘ ਪੋਆਰ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਜੀ। 15-20 ਮਿੰਟ ਹੋ ਗਏ। ਮੈਕਸੀਮਮ ਟਾਈਮ ਤੁਹਾਨੂੰ ਦੇ ਦਿੱਤਾ।

**ਸਰਦਾਰ ਪਰਗਟ ਸਿੰਘ ਪੋਆਰ** : ਸਪੀਕਰ ਸਾਹਿਬ, ਮੈਂ ਤਾਂ ਇਕ ਗੱਲ ਹੀ ਕਰਨੀ ਸੀ। ਮੈਂ ਐਪਰੀਸ਼ੀਏਟ ਹੀ ਕਰਨਾ ਹੈ।

**ਮਾਣਯੋਗ ਸਪੀਕਰ** : ਤੁਸੀਂ ਬਾਅਦ ਵਿੱਚ ਮਿਲ ਕੇ ਗੱਲ ਕਰ ਲੈਣਾ। ਹਾਂ ਜੀ, ਅਮਨਦੀਪ ਕੌਰ ਅਰੋੜਾ ਜੀ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ)** : ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਨ ਵਿਸ਼ੇ ਤੇ ਬੋਲਣ ਦਾ ਟਾਈਮ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ, ਸਾਡੀ ਪਾਰਟੀ ਇਕ ਅੰਦੋਲਨ ਵਿਚੋਂ ਨਿਕਲੀ ਹੋਈ ਪਾਰਟੀ ਹੈ। ਸਾਡੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਪੰਜਾਬ ਪ੍ਰਭਾਰੀ ਸ਼੍ਰੀ ਮਨੀਸ਼ ਸਿਸੋਦੀਆ ਜੀ ਅਤੇ

ਸਾਡੇ ਸਾਰੇ ਨੇਤਾ, ਜਦੋਂ ਦਿੱਲੀ ਵਿੱਚ ਅੰਦੋਲਨ ਵਿੱਚ ਬੈਠੇ ਸੀ ਤਾਂ ਪੂਰੇ ਵਿਚੋਂ ਲੱਖਾਂ ਨੌਜਵਾਨ ਸਾਡੀ ਪਾਰਟੀ ਨਾਲ ਇਸ ਕਰਕੇ ਜੁੜੇ ਸੀ ਕਿਉਂਕਿ ਉਹ ਗੱਲ ਐਜੂਕੇਸ਼ਨ ਅਤੇ ਹੈਲਥ ਬਾਰੇ ਕਰ ਰਹੇ ਸਨ।

**1345/Karamjit kaur**

ਕਿਉਂਕਿ ਜਿਸ ਦੇਸ਼ ਦੀ ਔਰ ਜਿਸ ਸਟੇਟ ਦੀ ਨੀਂਹ ਸਿੱਖਿਆ ਤੇ ਟਿਕੀ ਹੋਵੇ, ਉਸਦੀ ਤਰੱਕੀ ਨੂੰ ਕੋਈ ਨਹੀਂ ਰੋਕ ਸਕਦਾ। ਮੈਨੂੰ ਮਾਣ ਹੈ, ਸਾਡੇ ਐਜੂਕੇਸ਼ਨ ਮਨਿਸਟਰ ਸਰਦਾਰ ਹਰਜੋਤ ਸਿੰਘ ਬੈਂਸ ਜੀ ਤੇ, ਇਨ੍ਹਾਂ ਦੀ ਰਹਿਨੁਮਾਈ ਹੇਠ ਸਾਡੇ ਪੰਜਾਬ ਨੇ ਪੂਰੇ ਦੇਸ਼ ਵਿੱਚੋਂ ਪ੍ਰੋਫਾਰਮਿੰਗ ਗਰੇਡਿੰਗ ਇੰਡੈਕਸ 2.0 ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ ਔਰ Prachesta ਵਿੱਚ ਵੀ ਗਰੇਡ ਵਨ ਹਾਸਲ ਕੀਤਾ ਹੈ। ਨੀਤੀ ਆਯੋਗ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਕਲਾਸ ਰੂਮ ਸਿੱਖਿਆ ਸਰਵੇਖਣ ਵਿੱਚ ਪੂਰੇ ਦੇਸ਼ ਵਿੱਚੋਂ ਪੰਜਾਬ ਨੂੰ ਪਹਿਲਾ ਸਥਾਨ ਦਿੱਤਾ ਹੈ । ਉੱਥੇ ਹੀ ਭਾਰਤ ਸਰਕਾਰ ਵੱਲੋਂ ਵੀ ਸਾਡੇ ਪੰਜਾਬ ਨੂੰ ਸਿੱਖਿਆ ਖੇਤਰ ਵਿੱਚ ਨੰਬਰ ਇੱਕ ਸੂਬਾ ਕਰਾਰ ਦਿੱਤਾ ਗਿਆ ਹੈ। ਸੋ, ਇਹ ਸਾਡੇ ਪੰਜਾਬ ਲਈ ਬੜੇ ਮਾਣ ਦੀ ਗੱਲ ਹੈ ਕਿਉਂਕਿ ਅਸੀਂ ਜੋ ਗੱਲਾਂ ਕਰ ਰਹੇ ਹਾਂ, ਅਸੀਂ ਫੈਕਟਸ ਤੇ ਕਰ ਰਹੇ ਹਾਂ। ਜਿੱਥੇ ਸਾਡੇ ਸਕੂਲ ਆਫ ਐਮੀਨੈਂਸ ਬਣਾਏ ਗਏ, ਨਵੇਂ ਸਕੂਲ ਬਣਾਏ ਗਏ। ਉਨ੍ਹਾਂ ਸਕੂਲਾਂ ਵਿੱਚ 7300 ਨਵੇਂ ਕਲਾਸ ਰੂਮਜ ਬਣਾਏ ਗਏ ਹਨ ਜਿੱਥੇ ਪਹਿਲਾਂ ਬੱਚਿਆਂ ਦੇ ਬੈਠਣ ਲਈ ਕਮਰੇ ਨਹੀਂ ਸੀ। ਸਾਡੇ ਸਰਕਾਰੀ ਸਕੂਲਾਂ ਵਿੱਚ 400 ਕਰੋੜ ਰੁਪਏ ਦੀ ਲਾਗਤ ਨਾਲ, ਚਾਹੇ ਪ੍ਰਾਇਮਰੀ ਸਕੂਲ ਹਨ, ਚਾਹੇ ਸੈਕੰਡਰੀ ਸਕੂਲ ਹਨ, ਉੱਥੇ interactive panels ਸਾਡੇ ਬੱਚਿਆਂ ਲਈ ਲਗਾਏ ਗਏ ਹਨ। ਸਕੂਲਾਂ ਵਿੱਚ 5010 ਨਵੀਆਂ ਕੰਪਿਊਟਰ ਲੈਬਜ ਬਣਾਈਆਂ ਗਈਆਂ ਹਨ। ਅੱਜ ਅਸੀਂ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਾਂ ਪਰ ਪੰਜਾਬ ਦੇ 4700 ਸਕੂਲਾਂ ਵਿੱਚ ਸਾਲ 2022 ਤੱਕ ਚਾਰ ਦੀਵਾਰੀ ਨਹੀਂ ਸੀ। ਜੋ ਕਿ ਅੱਜ 99 ਪਰਸੈਂਟ ਸਕੂਲਾਂ ਵਿੱਚ ਚਾਰ ਦੀਵਾਰੀ ਹੋ ਚੁੱਕੀ ਹੈ ਅਤੇ ਪਹਿਲਾਂ 3700 ਸਕੂਲ ਇਹੋ ਜਿਹੇ ਸੀ, ਜਿੱਥੇ ਗਰਲਜ਼ ਸਟੂਡੈਂਟਸ ਦੇ ਲਈ ਵੱਖਰੇ ਟੁਆਲਿਟਸ ਤੱਕ ਨਹੀਂ ਬਣਾਏ ਹੋਏ ਸੀ, ਉਨ੍ਹਾਂ ਸਾਰੇ ਸਕੂਲਾਂ ਵਿੱਚ ਸਾਡੀਆਂ ਬੱਚੀਆਂ ਲਈ ਸੈਪਰੇਟ ਟੁਆਲਿਟਸ ਬਣਾਏ ਗਏ ਹਨ ਤਾਂ ਜੋ ਉਨ੍ਹਾਂ ਬੱਚੀਆਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮਿਲ ਸਕਣ।

ਸਾਡੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਸਾਡੀ ਸਰਕਾਰ ਵੱਲੋਂ JEE and NEET Exam ਦੀ ਟਰੇਨਿੰਗ ਲਈ 10 ਰਿਹਾਇਸ਼ੀ ਕੈਂਪ ਲਗਾਏ ਗਏ ਹਨ। ਪੰਜਾਬ ਸਰਕਾਰ ਨੇ ਪਹਿਲੀ ਵਾਰ 'ਫਿਜੀਕਸ ਵਾਲਾ' ਦੇ ਸਹਿਯੋਗ ਦੇ ਨਾਲ ਸਾਡੇ ਸਕੂਲ ਆਫ ਐਮੀਨੈਂਸ ਵਿੱਚ ਜਿਹੜੇ ਬੱਚੇ ਪੜ੍ਹਦੇ ਹਨ, ਉਨ੍ਹਾਂ ਨੂੰ JEE and NEET Exam ਲਈ ਕੋਚਿੰਗ ਦਿੱਤੀ ਗਈ ਹੈ। ਜਿਸ ਦਾ ਰਿਜਲਟ ਇਹ ਹੋਇਆ ਹੈ ਕਿ ਹੁਣ ਤੱਕ 2166 ਬੱਚਿਆਂ ਨੇ ਹੁਣ ਤੱਕ ਪਿਛਲੇ ਤਿੰਨ ਸਾਲਾਂ ਦੌਰਾਨ ਨੀਟ ਦਾ ਐਗਜ਼ਾਮ ਕਲੀਅਰ ਕੀਤਾ ਔਰ ਇਸ ਸਾਲ ਵੀ ਨੀਟ ਦਾ ਪਹਿਲਾ ਐਗਜਾਮ ਜੋ ਸੈਂਟਰ ਸਰਕਾਰ ਵੱਲੋਂ ਲੀਕ ਹੋਣ ਦੇ ਕਾਰਨ ਰੱਦ ਕਰ ਦਿੱਤਾ ਗਿਆ ਸੀ, ਔਰ ਜਦੋਂ ਇਹ ਐਗਜਾਮ ਦੁਬਾਰਾ ਹੋਇਆ ਤਾਂ ਸਾਡੇ 882 ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੇ ਇਹ ਐਗਜਾਮ ਕਲੀਅਰ ਕੀਤਾ ਹੈ। ਜੋ ਸਾਡੇ ਲਈ ਬੜੇ ਮਾਣ ਦੀ ਗੱਲ ਹੈ ਕਿ ਆਮ ਘਰਾਂ ਦੇ ਬੱਚੇ ਅੱਜ ਡਾਕਟਰ ਬਣਨਗੇ। ਇਸ ਦੇ ਨਾਲ 786 ਸਟੂਡੈਂਟਸ ਨੇ ਜੇ.ਈ.ਈ. ਦਾ ਐਗਜਾਮ ਕਲੀਅਰ ਕੀਤਾ ਹੈ। ਬੜੇ

ਮਾਣ ਵਾਲੀ ਗੱਲ ਹੈ ਕਿ ਸਾਡੇ ਸਰਕਾਰੀ ਸਕੂਲਾਂ ਦੇ ਬੱਚੇ ਜੇ.ਈ.ਈ. ਅਤੇ ਨੀਟ ਵਰਗੇ ਐਗਜਾਮ ਕਲੀਅਰ ਕਰ ਰਹੇ ਹਨ। ਸਾਡੇ ਪ੍ਰਿੰਸੀਪਲਜ ਅਤੇ ਹੈੱਡਮਾਸਟਰਜ ਨੂੰ ਟਰੇਨਿੰਗ ਲਈ Singapore ਵਰਗੇ ਕੰਟਰੀਜ ਵਿੱਚ ਭੇਜਿਆ ਜਾ ਰਿਹਾ ਹੈ, ਫਿਨਲੈਂਡ ਵਰਗੇ ਕੰਟਰੀ ਵਿੱਚ ਭੇਜਿਆ ਜਾ ਰਿਹਾ ਹੈ। ਮੈਂ ਇੱਕ ਗੱਲ ਹੋਰ ਐਡ ਕਰਨੀ ਚਾਹੁੰਦੀ ਹਾਂ ਕਿ ਅਸੀਂ ਆਪਣੀਆਂ ਬੇਟੀਆਂ ਦੀ ਗੱਲ ਕਰਦੇ ਹਾਂ, ਧੀਆਂ ਦੀ ਗੱਲ ਕਰਦੇ ਹਾਂ। ਜਿੱਥੇ ਦੂਜੀਆਂ ਸਰਕਾਰਾਂ ਵੱਲੋਂ ਅੱਜ ਵੀ ਸਾਡੀਆਂ ਔਰਤਾਂ ਪ੍ਰਤੀ ਭੱਦੀਆਂ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ, ਉੱਥੇ ਇੱਕ ਸਾਡੀ ਸਰਕਾਰ ਹੈ, ਸਾਡੇ ਮਾਣਯੋਗ ਸੀ.ਐਮ. ਸਾਹਿਬ ਹਨ, ਜਿਨ੍ਹਾਂ ਨੇ ਪੰਜਾਬ ਨੂੰ ਪਹਿਲਾ ਸੂਬਾ ਬਣਾਇਆ ਜਿੱਥੇ ਔਰਤਾਂ ਨੂੰ ਵਿਧਵਾ ਜਾਂ ਬੁਢਾਪਾ ਪੈਨਸ਼ਨਾਂ ਤੋਂ ਇਲਾਵਾ ਕਿਸੇ ਹੋਰ ਸਕੀਮ ਵਿੱਚ ਲਿਆ ਗਿਆ ਹੈ। ਸਾਡੇ ਪੰਜਾਬ ਦੀਆਂ ਉਹ ਆਮ ਘਰਾਂ ਦੀਆਂ, ਗਰੀਬ ਘਰਾਂ ਦੀਆਂ ਧੀਆਂ-ਭੈਣਾਂ ਹਨ, ਜਿਨ੍ਹਾਂ ਨੂੰ ਮਾਵਾਂ-ਧੀਆਂ ਸਤਿਕਾਰ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ, ਸਾਡੀਆਂ ਜੋ ਲੜਕੀਆਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਜ ਵਿੱਚ ਪੜ੍ਹਦੀਆਂ ਹਨ, ਉਹ ਵੀ ਇਸ ਸਕੀਮ ਵਿੱਚ ਸ਼ਾਮਲ ਹਨ, ਮੈਂ ਇਸ ਦੇ ਲਈ ਵੀ ਮਾਣਯੋਗ ਸੀ.ਐਮ. ਸਾਹਿਬ ਦਾ ਧੰਨਵਾਦ ਕਰਦੀ ਹਾਂ। ਮੈਂ ਸਦਨ ਨੂੰ ਇਹ ਵੀ ਦੱਸਣਾ ਚਾਹੁੰਦੀ ਹਾਂ ਅਤੇ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਵੀ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਸਿਰਫ ਮੇਰੇ ਹਲਕੇ ਮੋਗਾ ਵਿੱਚ ਪਿਛਲੇ ਚਾਰ ਸਾਲਾਂ ਵਿੱਚ ਜਿੱਥੇ ਅਸੀਂ ਨਵੇਂ ਕਲਾਸ ਰੂਮਜ ਬਣਾਏ ਹਨ, ਸਾਇੰਸ ਲੈਬਜ ਬਣਾਈਆਂ ਹਨ, ਉੱਥੇ ਹੀ ਬਿਲਕੁਲ ਚਾਰ ਨਵੇਂ ਸਕੂਲ ਵੀ ਬਣਾ ਚੁੱਕੇ ਹਾਂ। ਮੈਂ ਦੱਸਣਾ ਚਾਹੁੰਦੀ ਹਾਂ ਕਿ ਇਹ ਵਾਰਡ ਨੰਬਰ 33, ਵਾਰਡ ਨੰਬਰ 36 ਅਤੇ ਵਾਰਡ ਨੰਬਰ 9 ਵਿੱਚ ਬਣੇ ਹਨ, ਪੂਰੇ ਪੰਜਾਬ ਦੇ ਰਿਕਾਰਡ ਵਿੱਚ ਜੋ ਸਭ ਤੋਂ ਛੋਟਾ ਸਕੂਲ ਸੀ, ਉਹ ਦੱਤ ਰੋਡ ਤੇ ਚੱਲ ਰਿਹਾ ਸੀ, ਸਿਰਫ ਢਾਈ ਮਰਲੇ ਜਗ੍ਹਾ ਦੇ ਵਿੱਚ ਇਹ ਚੱਲ ਰਿਹਾ ਸੀ।

**1350/harpreet singh**

ਉਸ ਸਕੂਲ ਨੂੰ ਡੇਢ ਏਕੜ ਜ਼ਮੀਨ ਦੇ ਕੇ ਅੱਜ ਉਹ ਸਕੂਲ ਡਬਲ ਸਟੋਰੀ ਬਣ ਕੇ ਸਵਾ ਕਰੋੜ ਦੀ ਲਾਗਤ ਦੇ ਨਾਲ ਤਿਆਰ ਹੋ ਚੁੱਕਿਆ ਹੈ। ਉੱਥੇ ਬੱਚਿਆਂ ਦੀਆਂ ਕਲਾਸਾਂ ਲੱਗ ਰਹੀਆਂ ਹਨ, ਜਿੱਥੇ ਪਹਿਲਾਂ ਬੱਚੇ ਇਕੋ ਕਮਰੇ ਵਿਚ ਪੜ੍ਹਦੇ ਸੀ। ਸੋ, ਮੈਂ ਸਾਡੇ ਮਾਣਯੋਗ ਸਿੱਖਿਆ ਮੰਤਰੀ ਜੀ ਅਤੇ ਮੁੱਖ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਜੀ। ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਜਿਹੜਾ ਮਤਾ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਜੀ ਨੇ ਪੇਸ਼ ਕੀਤਾ ਹੈ, ਇਹ ਮਾਇਨੇਖੇਜ਼ ਹੈ। ਬੱਚਿਆਂ ਦੇ ਭਵਿੱਖ ਵਾਸਤੇ ਅਤੇ ਉਨ੍ਹਾਂ ਨੂੰ ਜੀਵਨ ਜਾਚ ਸਿਖਾਉਣ ਵਾਸਤੇ ਫਾਰਮਲ ਐਜੂਕੇਸ਼ਨ ਤੋਂ ਹੱਟ ਕੇ ਇਕ ਚੰਗਾ ਇਨਸਾਨ ਬਣਾਉਣ ਵਾਸਤੇ ਇਸ ਸਦਨ ਵਿਚ ਬਹਿਸ ਹੋ ਰਹੀ ਹੈ। ਮੇਰੇ ਤੋਂ ਪਹਿਲਾਂ ਸਰਦਾਰ ਪਰਗਟ ਸਿੰਘ ਹੋਰਾਂ ਨੇ ਕੁੱਝ ਫੰਡਾਮੈਂਟਲ ਗੱਲਾਂ ਕੀਤੀਆਂ। ਮੈਂ ਅੰਕੜਿਆਂ ਵਿਚ ਨਹੀਂ ਪੈ ਰਿਹਾ। ਜਿਹੜੀ ਜ਼ਮੀਨੀ ਹਕੀਕਤ ਹੈ ਕਿ Over a period of year, ਪਿਛਲੇ ਕੁੱਝ ਦਹਾਕਿਆਂ ਤੋਂ ਸਾਡੇ ਬੱਚਿਆਂ ਦੀ ਸੋਚਣ ਸ਼ਕਤੀ ਵਿਚ, ਉਨ੍ਹਾਂ ਦੇ ਰਹਿਣ ਸਹਿਣ, ਉਨ੍ਹਾਂ ਦੀ ਜਿਸਮਾਨੀ ਸ਼ਕਤੀ ਵਿਚ ਅਤੇ ਉਨ੍ਹਾਂ ਦੀ ਨੈਤਿਕਤਾ ਵਿਚ ਨਿਘਾਰ ਆਇਆ ਹੈ। ਇਹ

ਸਾਰੀ ਦੁਨੀਆ ਸਵੀਕਾਰ ਕਰਦੀ ਹੈ। ਇੱਥੋਂ ਤੱਕ ਨਿਘਾਰ ਆਇਆ ਹੈ ਕਿ 15-16 ਸਾਲ ਦੇ ਬੱਚਿਆਂ ਤੇ ਵੀ ਨਸ਼ੇ ਦੇ ਇਲਜ਼ਾਮ ਲੱਗ ਰਹੇ ਹਨ। ਇਸ ਦਾ ਮਤਲਬ ਹੈ ਕਿ Something is wrong in our education system and in our society. ਜਿਹੜੀ ਗੱਲ ਪਰਗਟ ਸਿੰਘ ਹੋਰਾਂ ਨੇ ਕਹੀ ਸੀ ਕਿ ਫੰਡਾਮੈਂਟਲ ਤਾਂ ਇਹ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਸੀ ਤਾਂ ਉਸ ਸਮੇਂ ਸਭ ਤੋਂ ਵੱਧ ਲਿਟਰੇਸੀ ਰੇਟ ਸੀ। ਜਦੋਂ ਅੰਗਰੇਜ਼ਾਂ ਨੇ 1849 ਵਿਚ ਉਸਦਾ ਰਾਜ ਖੋਹਿਆ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਕੀ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਜਿਹੜੇ ਸਤਲੁੱਜ ਤੋਂ ਪਾਰ ਖਾਲਸਾ ਰਾਜ ਦੇ ਬਾਸ਼ਿੰਦੇ ਹਨ, ਇਹ ਤਾਂ ਪੜ੍ਹੇਲਿਖੇ ਹਨ, ਇਹ ਤਾਂ ਸਾਨੂੰ ਸਵਾਲ ਪੁੱਛਣਗੇ, ਸਾਨੂੰ ਚੈਲੰਜ ਕਰਨਗੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪੈਸੇ ਦੇ ਕੇ ਕਾਇਦਾ ਵਾਪਸ ਲਿਆ, ਉਥੋਂ ਸਾਡਾ ਨਿਘਾਰ ਸ਼ੁਰੂ ਹੋਇਆ ਤੇ ਕੁੱਝ ਸਦੀਆਂ ਤੋਂ ਇਹ ਨਿਘਾਰ ਹੋਰ ਨੀਵਾਂ ਹੁੰਦਾ ਆ ਰਿਹਾ ਹੈ। ਤੁਸੀਂ ਆਪਣੇ ਬਜ਼ੁਰਗਾਂ ਦਾ ਲੈਵਲ ਵੇਖ ਲਓ, ਹੋ ਸਕਦਾ ਹੈ ਉਨ੍ਹਾਂ ਨੂੰ ਤਾਲੀਮ ਘੱਟ ਆਉਂਦੀ ਹੋਵੇ ਤਾਂ ਉਨ੍ਹਾਂ ਵਿਚ ਇਨਸਾਨੀ ਮਾਦਾ ਬਹੁਤ ਸੀ, ਸੱਚ ਬੋਲਣ ਦਾ ਮਾਦਾ ਸੀ ਅਤੇ ਪੰਜਾਬ ਦੇ ਲੋਕ ਬੜੇ ਇਨਸਾਫ਼ ਪਸੰਦ, ਬੜੇ ਗੈਰਤ ਵਾਲੇ ਅਤੇ ਬੜੇ ਇਖਲਾਕੀ ਮੰਨੇ ਜਾਂਦੇ ਸਨ। ਇਸੇ ਲਈ ਜਿੰਨੀਆਂ ਵੀ ਕ੍ਰਾਂਤੀਆਂ ਦੇਸ਼ ਵਿਚ ਹੋਈਆਂ, ਚਾਹੇ ਗਦਰ ਲਹਿਰ ਸੀ, 1857 ਦੀ ਲੜਾਈ ਸੀ, ਹੁਣ ਵੀ ਜਿਹੜੀ ਅੰਨਾ ਹਜ਼ਾਰੇ ਨੇ ਮੂਵਮੈਂਟ ਸ਼ੁਰੂ ਕੀਤੀ। ਸਭ ਤੋਂ ਜ਼ਿਆਦਾ ਇਸ ਨੂੰ ਪੰਜਾਬ ਦੇ ਨੌਜੁਆਨਾਂ ਨੇ ਪਕੜਿਆ ਸੀ ਕਿਉਂਕਿ ਉਨ੍ਹਾਂ ਵਿਚ ਇਖਲਾਕ ਤੇ ਕਦਰਾਂ ਕੀਮਤਾਂ ਕੁੱਟ ਕੁੱਟ ਕੇ ਭਰੀਆਂ ਹੋਈਆਂ ਸਨ। ਮੇਰੇ ਪਿਤਾ ਜੀ ਸਰਦਾਰ ਸੁਖਜਿੰਦਰ ਸਿੰਘ ਕਰਤਾਰਪੁਰ ਦੇ ਸਰਕਾਰੀ ਸਕੂਲ ਵਿਚੋਂ ਪੜ੍ਹੇ ਸੀ, ਉਨ੍ਹਾਂ ਦਾ ਪ੍ਰਿੰਸੀਪਲ ਮੁਸਲਮਾਨ ਸੀ ਅਤੇ ਉਹ ਤੁਰਲੇ ਵਾਲੀ ਪੱਗ ਬੰਨ ਕੇ ਰੱਖਦਾ ਸੀ। ਮੈਨੂੰ ਵੀ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ। ਮੈਂ ਉਨ੍ਹਾਂ ਕੋਲੋਂ ਥੋੜ੍ਹੀ ਦੇਰ ਟਿਊਸ਼ਨ ਵੀ ਲਈ ਸੀ। ਉਹ ਪਹਿਲਾਂ ਸਕੂਲ ਵਿਚ ਆਉਂਦਿਆ ਹੀ ਵਿਦਿਆਰਥੀਆਂ ਦੇ ਨਹੁੰ ਚੈੱਕ ਕਰਦੇ ਸੀ, ਕੱਪੜੇ, ਚਿਹਰਾ, ਪੱਗ, ਪਟਕਾ ਚੈੱਕ ਕਰਦੇ ਸੀ, ਚੱਪਲਾਂ ਤੱਕ ਚੈੱਕ ਕਰਦੇ ਸਨ। ਉਨ੍ਹਾਂ ਦੇ ਸਕੂਲ ਵਿਚ ਇਕ ਪੀਰੀਅਡ ਇਹ ਵੀ ਹੁੰਦਾ ਸੀ ਕਿ ਵਿਦਿਆਰਥੀਆਂ ਨੂੰ ਕਦਰਾਂ ਕੀਮਤਾਂ ਸਿਖਾਉਣੀਆਂ ਹਨ ਕਿ ਤੁਸੀਂ ਕਿਸ ਤਰ੍ਹਾਂ ਦੇ ਹੋ, ਤੁਹਾਡਾ ਇਤਿਹਾਸ ਕੀ ਹੈ, ਤੁਹਾਡੇ ਪੁਰਖਿਆਂ ਨੇ ਕੀ ਕੀਤਾ। ਕਿਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਹੋਈਆਂ, ਸਾਹਿਬਜ਼ਾਦਿਆਂ ਦੀ ਕੁਰਬਾਨੀ ਹੋਈ। ਬਾਬਾ ਬੰਦਾ ਸਿੰਘ ਜੀ, ਨੌਵੇਂ ਪਾਤਸ਼ਾਹ ਜੀ, ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਬਾਰੇ ਸਾਰਾ ਕੁੱਝ ਸਿਖਾਇਆ ਜਾਂਦਾ ਸੀ। ਬਦਕਿਸਮਤੀ ਨਾਲ ਜਦੋਂ ਅਸੀਂ ਆਜ਼ਾਦ ਹੋਏ ਤਾਂ ਅਸਲ ਸੱਟ ਉਸ ਵੇਲੇ ਸਾਨੂੰ ਵੱਜੀ ਜਦੋਂ ਸਾਰਾ ਕੁੱਝ ਕੇਂਦਰੀਕਰਨ ਕੀਤਾ ਜਾਣ ਲੱਗਿਆ। ਪੰਜਾਬ ਦੀ ਅਗਵਾਈ ਬਹੁਤ ਦੇਰ ਸ਼੍ਰੋਮਣੀ ਅਕਾਲ ਦਲ ਨੇ ਕੀਤੀ ਹੈ। ਇਸ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਇਕੋ ਹੈ ਕਿ ਇਸ ਨੂੰ ਫੈਡਰਲ ਢਾਂਚੇ ਨਾਲ ਚਲਾਇਆ ਜਾਵੇ ਅਤੇ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ। ਆਨੰਦਪੁਰ ਦਾ ਮਤਾ ਇਸੇ ਦਿਸ਼ਾ ਵਿਚ ਸੀ। ਸਪੀਕਰ ਸਾਹਿਬ, ਉਹ ਤਾਂ ਕੀ ਹੋਣਾ ਸੀ ਹੌਲੀ ਹੌਲੀ ਕੇਂਦਰੀ ਸਰਕਾਰਾਂ ਨੇ ਹੋਰ ਕੇਂਦਰੀਕਰਨ ਕਰਨਾ ਸ਼ੁਰੂ ਕਰ ਦਿੱਤਾ। ਪਿਛਲੀ ਸਰਕਾਰ ਵਿਚ ਜਦੋਂ ਮੈਂ ਬਤੌਰ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਵੱਜੋਂ ਸਦਨ ਵਿਚ ਬੈਠਦਾ ਸੀ ਤਾਂ ਉਸ ਵੇਲੇ ਸ਼੍ਰੀ ਕੰਵਰ ਸੰਧੂ ਜੀ ਨੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੂੰ ਬੜਾ ਟੋਕਿਆ। ਉਸ ਵੇਲੇ ਜੀ.ਐਸ.ਟੀ. ਦਾ ਕਾਨੂੰਨ ਆ ਰਿਹਾ ਸੀ ਤੇ ਬਾਦਲ ਸਾਹਿਬ ਨੇ ਕਿਹਾ ਕਿ ਬੜਾ ਇਤਿਹਾਸਕ ਐਕਟ ਬਣਨ ਲੱਗਿਆ ਹੈ। But that was actually going to kill us - the States. ਉਦੋਂ ਇਹ ਸੀ ਕਿ One Nation-One Tax ਕੰਵਰ ਸੰਧੂ ਜੀ ਨੇ ਬਹੁਤ ਸਮਝਾਇਆ ਸੀ ਕਿ ਆਪਾਂ ਮਾਰੇ

ਜਾਵਾਂਗੇ, ਆਪਣੇ ਵਿਤੀ ਅਧਿਕਾਰ ਖੁੱਸ ਜਾਣਗੇ ਅਤੇ ਆਪਾਂ ਮਿਉਂਸੀਪਾਲਟੀਆਂ ਬਣ ਕੇ ਰਹਿ ਜਾਵਾਂਗੇ, ਆਪਾਂ ਮੰਗਤੇ ਬਣ ਕੇ ਰਹਿ ਜਾਵਾਂਗੇ। ਬੇਸ਼ੱਕ ਸਾਰਾ ਦੇਸ਼ ਇਸ ਨੂੰ ਲਾਗੂ ਕਰ ਰਿਹਾ ਹੈ ਪਰ ਤੁਸੀਂ ਇਸ ਦਾ ਵਿਰੋਧ ਤਾਂ ਕਰੋ। ਲੇਕਿਨ ਉਸ ਵੇਲੇ ਸ਼ਾਇਦ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਆਪਾਂ ਪਤਾ ਨਹੀਂ ਜੀ.ਐਸ.ਟੀ. ਵਿਚੋਂ ਕੀ ਕੱਢ ਲੈਣਾ ਹੈ। ਹੁਣ ਆਪਾਂ ਰੋਜ਼ ਕੇਂਦਰ ਕੋਲੋਂ ਜੀ.ਐਸ.ਟੀ. ਮੰਗਦੇ ਫਿਰਦੇ ਹਾਂ। ਸੋ, One Nation-One Tax is a flop show. ਫਿਰ ਹੁਣ ਚਰਚਾ ਚੱਲ ਰਹੀ ਹੈ One Nation-One Election. ਇਹ ਉਸ ਤੋਂ ਵੀ ਜ਼ਿਆਦਾ ਖਤਰਨਾਕ ਹੈ।

**1355/amandeep kaur**

ਉਸ ਨਾਲ ਭਗਵਾਂਕਰਨ ਯਾਨੀ ਕਿ pan India ਇੱਕੋ stroke ਨਾਲ ਹੋ ਜਾਵੇਗਾ। ਇਸ ਤਰ੍ਹਾਂ ਹੀ ਆਇਆ One Nation-One Education System. ਉਸ ਵੇਲੇ Southern States ਨੇ, ਕੇਰਲਾ ਦੀ ਸਟੇਟ ਨੇ, ਡੀ.ਐਮ.ਕੇ ਨੇ triple language formula (Three Language Formula) ਨੂੰ ਬਹੁਤ oppose ਕੀਤਾ। ਆਪਾਂ ਨੂੰ ਪਤਾ ਵੀ ਨਹੀਂ ਲੱਗਿਆ ਕਿਹੜੇ ਵੇਲੇ ਆਪਾਂ ਇਹ ਅਡਾਪਟ ਕਰ ਲਿਆ। ਉਨ੍ਹਾਂ ਨੇ ਕਿਹਾ ਅਸੀਂ ਤੁਹਾਡੇ ਵੱਲੋਂ ਥੋਪੀ ਗਈ ਜ਼ੁਬਾਨ ਆਪਣੇ ਬੱਚਿਆਂ ਨੂੰ ਨਹੀਂ ਸਿਖਾਵਾਂਗੇ। ਸਪੀਕਰ ਸਾਹਿਬ, ਉਨ੍ਹਾਂ ਨੇ ਆਪਣਾ ਕਲਚਰ, ਆਪਣਾ ਇਤਿਹਾਸ ਪੜਾਉਣ ਦੀ ਜ਼ਿੱਦ ਕੀਤੀ ਤੇ ਪੜਾਇਆ ਵੀ ਹੈ। ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਜਿਹੜਾ curriculum ਹੈ, syllabus ਹੈ, ਉਹ Government of India ਤਹਿ ਕਰ ਰਹੀ ਹੈ। ਆਪਣੇ ਕੋਲ ਅਧਿਕਾਰ ਹੀ ਨਹੀਂ ਹੈ ਕਿ ਆਪਾਂ ਆਪਣਾ ਪਿਛੋਕੜ ਆਪਣੇ ਬੱਚਿਆਂ ਨੂੰ ਪੜਾ ਸਕੀਏ। ਸਾਨੂੰ ਸਭ ਤੋਂ ਜ਼ਿਆਦਾ ਇਹ injury ਹੋਈ ਹੈ। ਅਸਲ ਜਿਹੜਾ ਉਹ ਮਤਾ ਪਾਸ ਕਰ ਗਏ, ਭਾਵੇਂ ਹੁਣ ਕਿਸੇ ਨੇ ਮੰਨਣਾ ਤਾਂ ਨਹੀਂ ਹੈ ਕਿਉਂਕਿ ਹੁਣ ਉਹ One Nation-One Tax, One Nation-One Education, One Nation-One Election ਅਤੇ ਹੌਲੀ ਹੌਲੀ One Nation-One Labour Law ਲੈ ਕੇ ਆ ਗਏ। ਮਾਣਯੋਗ ਸਪੀਕਰ ਸਾਹਿਬ, ਇੱਕ ਮਤਾ ਇੱਥੋਂ ਵਿਧਾਨ ਸਭਾ ਤੋਂ ਜ਼ਰੂਰ ਜਾਣਾ ਚਾਹੀਦਾ ਹੈ ਕਿ ਘੱਟੋ-ਘੱਟ ਇਸ education ਨੂੰ Concurrent List (List III) ਤੋਂ divert ਕਰਕੇ State List (List II)ਤੇ ਲਿਆਂਦਾ ਜਾਵੇ।

**ਮਾਣਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਂ ਤਾਂ ਸਿਰਫ ਛੇ ਮਿੰਟ ਹੀ ਬੋਲਿਆ ਹਾਂ। ਸਾਰੇ 20-20 ਮਿੰਟ ਬੋਲੇ ਹਨ, 2-3 ਮਿੰਟ ਮੈਨੂੰ ਹੋਰ ਦੇ ਦਿਉ ਜੀ।

**ਮਾਣਯੋਗ ਸਪੀਕਰ:** ਤੁਸੀਂ ਵਧੀਆ ਗੱਲ ਕੀਤੀ ਹੈ। ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇੱਕ ਮਿੰਟ ਜੀ, ਸਿਰਫ 30 ਸੈਕਿੰਡ ਦੇ ਦਿਉ ਜੀ। ਮੈਂ ਤੁਹਾਨੂੰ ਇੱਕ ਗੱਲ ਕਹਿਣੀ ਸੀ, ਤੁਹਾਡੀ ਤਾਰੀਫ ਕਰਨੀ ਸੀ। (ਹਾਸਾ)

**ਮਾਣਯੋਗ ਸਪੀਕਰ**: ਤੁਸੀਂ ਕੱਲ੍ਹ ਟਾਈਮ ਲੈ ਲੈਣਾ। ਖੁਸ਼ ਰਹੋ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਸਾਡੇ ਬਹੁਤ ਹੀ ਸਤਿਕਾਰਯੋਗ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਜੀ ਜੋ ਮਤਾ ਲੈ ਕੇ ਆਏ ਹਨ ਜਿਸ ਵਿੱਚ ਵਿਦਿਆਰਥੀਆਂ ਨੂੰ ਜਵਾਨੀ ਦੀ ਰੱਖਿਆ ਅਤੇ ਨਸ਼ਿਆਂ ਤੋਂ ਦੂਰ ਕਰਨ ਦੀ ਗੱਲ ਕੀਤੀ ਗਈ ਹੈ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਅੱਜ ਸਾਡੇ ਸਮਾਜ ਦੇ ਵਿੱਚ ਜ਼ਰੂਰ ਹੋਣੀ ਚਾਹੀਦੀ ਹੈ। ਅੱਜ ਬੜੀ ਖੁਸ਼ੀ ਦੀ ਗੱਲ ਹੈ, ਮਨ ਨੂੰ ਬੜੀ ਤਸੱਲੀ ਹੈ ਕਿ ਕੋਈ ਇਸ ਤਰ੍ਹਾਂ ਦੀ ਵਿਧਾਨ ਸਭਾ ਆਈ ਹੈ, ਕੁਝ ਇਸ ਤਰ੍ਹਾਂ ਦੇ ਲੋਕ ਆਏ ਹਨ, ਜਿਹੜੇ ਕਿ ਸਾਡੇ ਬੱਚਿਆਂ ਦੇ ਬਾਰੇ ਚਿੰਤਤ ਹਨ, ਨਸ਼ਿਆਂ ਦੇ ਬਾਰੇ ਚਿੰਤਤ ਹਨ, ਬੱਚਿਆਂ ਦੀ ਜਵਾਨੀ ਨੂੰ ਬਚਾਉਣ ਦੇ ਲਈ ਚਿੰਤਤ ਹਨ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਚਿੰਤਤ ਹਨ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਵੀ ਉਸ ਟੀਮ ਦਾ ਹਿੱਸਾ ਹਾਂ ਜਿਸ ਟੀਮ ਨੇ ਸਾਡੇ ਬੱਚਿਆਂ ਨੂੰ ਇੱਕ ਮਿਆਰੀ ਐਜੂਕੇਸ਼ਨ ਦੇਣ ਦੇ ਲਈ ਪਹਿਲੇ ਦਿਨ ਤੋਂ ਹੀ ਨਾਅਰਾ ਦਿੱਤਾ ਕਿਉਂਕਿ ਸਾਡੀ ਪਾਰਟੀ ਦੇ ਸੁਪਰੀਮੋ ਮਾਣਯੋਗ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਇੱਕੋ-ਇੱਕ ਨਿਸ਼ਾਨਾ ਹੈ ਕਿ ਅਸੀਂ ਚੰਗੀ ਐਜੂਕੇਸ਼ਨ ਦੇਣੀ ਹੈ ਅਤੇ ਚੰਗੀ ਹੈਲਥ ਦੇਣੀ ਹੈ। ਇਹ ਦੋ ਗੱਲਾਂ ਇਹੋ ਜਿਹੀਆਂ ਹਨ ਜਿਸ ਦੇ ਨਾਲ ਜੇਕਰ ਆਪਾਂ nation build-up ਕਰਨਾ ਹੈ ਤਾਂ ਐਜੂਕੇਸ਼ਨ ਦੇ ਨਾਲ ਨਾਲ ਚੰਗੀ ਸਿਹਤ ਦੋਨੋਂ ਚੀਜ਼ਾਂ ਬਹੁਤ ਜ਼ਰੂਰੀ ਹੈ। ਇਹ ਦੋਨੋਂ ਕੰਮ ਕਰਨ ਦੇ ਲਈ ਬੜੇ ਤਰੀਕੇ ਦੇ ਨਾਲ ਸਾਡੇ ਪੰਜਾਬ ਦੇ ਵਿੱਚ ਸਾਡੇ ਸੂਬੇ ਦੇ ਵਿੱਚ, ਬੜੇ remarkable ਕੰਮ ਹੋ ਰਹੇ ਹਨ, ਸਾਡੇ ਬੱਚਿਆਂ ਨੂੰ ਬੜੀ ਅੱਛੀ ਐਜੂਕੇਸ਼ਨ ਮਿਲ ਰਹੀ ਹੈ। ਸਾਰਿਆਂ ਨੇ ਗੱਲ ਕੀਤੀ ਹੈ ਕਿ NEET ਅਤੇ JEE ਵਰਗੀਆਂ ਜਿਹੜੀਆਂ ਵੱਕਾਰੀ ਪ੍ਰੀਖਿਆਵਾਂ ਹਨ, ਉਸ ਵਿੱਚ ਬੱਚੇ ਪਾਸ ਹੋ ਰਹੇ ਹਨ ਅਤੇ ਅੱਗੇ ਜਾ ਕੇ ਐਡਮਿਸ਼ਨ ਵੀ ਲੈ ਰਹੇ ਹਨ। ਮੈਂ ਇਸ ਤੋਂ ਅੱਗੇ ਦੀ ਗੱਲ ਕਰਾਂਗਾ ਕਿਉਂਕਿ ਸਾਡੀ ਸਰਕਾਰ ਨੇ ਜੇਕਰ ਇੱਕ ਪਾਸੇ ਐਜੂਕੇਸ਼ਨ ਦਿੱਤੀ ਹੈ ਤਾਂ 70 ਹਜ਼ਾਰ ਨੌਕਰੀਆਂ ਵੀ ਦਿੱਤੀਆਂ ਹਨ।

**1400/Tarlochan Singh**

ਰੁਜ਼ਗਾਰ ਪੈਦਾ ਕਰਨ ਲਈ ਜਿਸ ਤਰੀਕੇ ਨਾਲ ਪੰਜਾਬ ਵਿੱਚ ਇੰਡਸਟਰੀ ਆ ਰਹੀ ਹੈ, ਬੜੇ ਮਾਣ ਦੀ ਗੱਲ ਹੈ ਕਿ ਟਾਟਾ ਵਰਗੇ ਪਲਾਂਟ ਪੰਜਾਬ ਵਿੱਚ ਲੱਗ ਰਹੇ ਹਨ ਜਿਸ ਵਿੱਚ ਪੰਜਾਬ ਦੇ ਲੱਖਾਂ ਬੱਚਿਆਂ ਨੂੰ ਰੋਜ਼ਗਾਰ ਮਿਲੇਗਾ। ਮੈਂ ਬਹੁਤ short ਵਿੱਚ ਕਨਕਲੂਜ਼ਨ ਕਰ ਦਿਆਂ ਤਾਂ ਕਹਿੰਦਾ ਹਾਂ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਦੀ ਲੱਤ ਤੋਂ ਬਚਾਉਣਾ ਹੈ ਤਾਂ ਇਸ ਲਈ ਸਾਨੂੰ ਕੁਝ ਮਾਡਰਨ ਤਰੀਕੇ ਅਪਨਾਉਣੇ ਪੈਣਗੇ। ਜੇ ਅਸੀਂ ਅੱਜ ਵਿਧਾਨ ਸਭਾ ਵਿੱਚ ਬੋਲਦੇ ਹਾਂ ਤਾਂ ਅਸੀਂ ਕੋਈ ਨਾ ਕੋਈ ਰਿਜ਼ਲਟ ਕੱਢ ਕੇ ਜਾਈਏ, ਕੋਈ ਨਾ ਕੋਈ ਨਤੀਜੇ ਤੇ ਪਹੁੰਚੀਏ, ਕੋਈ ਨਾ ਕੋਈ ਨਵਾਂ thought ਵਿਧਾਨ ਸਭਾ ਵਿੱਚ ਰੱਖ ਕੇ ਜਾਈਏ। ਮਾਣਯੋਗ ਸਪੀਕਰ ਸਾਹਿਬ ਮੈਂ ਬੜਾ ਪ੍ਰਭਾਵਿਤ ਹਾਂ ਤੇ ਆਪਾਂ ਸਾਰਿਆਂ ਨੇ ਹੀ ਦੇਖਿਆ ਹੋਣਾ ਹੈ ਕਿ ਆਮੀਰ ਖਾਨ ਨੇ ਦੋ ਫਿਲਮਾਂ ਬਣਾਈਆਂ, ਇੱਕ ਸੀ ਤਾਰੇ ਜ਼ਮੀਨ ਪੇ ਅਤੇ ਦੂਜੀ ਸੀ ਥਰੀ ਟੀਡੀਅਟਸ। ਦੋਨਾਂ ਫਿਲਮਾਂ ਨੇ ਸਾਨੂੰ ਬਹੁਤ ਚੰਗਾ ਲੈਸਨ ਦਿੱਤਾ। ਇੱਕ ਫਿਲਮ ਨੇ ਲੈਸਨ ਦਿੱਤਾ ਕਿ ਕੋਈ ਵੀ ਸਪੈਸ਼ਲ

ਬੱਚਾ ਹੋਵੇ ਉਸ ਨੂੰ ਕਿਸੇ ਵੀ ਮੁਕਾਮ ਤੇ ਲਿਜਾ ਸਕਦੇ ਹਾਂ ਜੇ ਉਸ ਮੁਤਾਬਕ ਉਸ ਦੀ ਐਜੂਕੇਸ਼ਨ ਕਰਵਾਈ ਜਾਵੇ। ਦੂਜੀ ਫਿਲਮ ਨੇ ਸਾਨੂੰ ਇਹ ਲੈਸਨ ਦਿੱਤਾ ਕਿ ਕਿਸੇ ਵੀ ਬੱਚੇ ਤੇ ਆਪਾਂ ਕੈਰੀਅਰ ਥੋਪੀਏ ਨਾ। ਉਹ ਬੱਚਾ ਜਿਹੜੇ ਫੀਲਡ ਵਿੱਚ ਜਾਣਾ ਚਾਹੁੰਦਾ ਹੈ ਤਾਂ ਜੇ ਉਸ ਨੂੰ ਉਸੇ ਫੀਲਡ ਵਿੱਚ ਇਨਕਰੇਜ ਕਰੀਏ ਤਾਂ ਉਹ ਬੱਚਾ ਕਦੇ ਵੀ ਪਿੱਛੇ ਨਹੀਂ ਰਹਿ ਸਕਦਾ। ਅੱਜ ਨਸ਼ੇ ਦੀ ਗੱਲ ਕਰੀਏ ਤਾਂ ਮੈਂ ਸਮਝਦਾ ਹਾਂ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਨਸ਼ੇ ਦੀ ਲੱਤ ਵਿੱਚੋਂ ਬਾਹਰ ਕੱਢਣਾ ਹੈ ਤਾਂ visually ਫਿਲਮਾਂ ਜ਼ਰੀਏ ਆਪਣੇ ਬੱਚਿਆਂ ਨੂੰ ਲੈਸਨ ਦੇਈਏ, ਕੁਝ ਨਾ ਕੁਝ ਪੜ੍ਹਾਈਏ ਤਾਂ ਮੈਨੂੰ ਲੱਗਦਾ ਹੈ ਆਪਣੇ ਬੱਚੇ ਨਸ਼ੇ ਦੀ ਲੱਤ ਵਿੱਚ ਨਹੀਂ ਜਾਣਗੇ। ਅੱਜ ਸਵੇਰੇ ਵੀ ਗੱਲ ਹੋਈ ਸੀ ਕਿ ਕਈ ਲੱਖ ਗੋਲੀਆਂ ਜੇਲ੍ਹਾਂ ਵਿੱਚ ਦੇਣੀਆਂ ਪੈ ਰਹੀਆਂ ਹਨ। ਮੈਨੂੰ ਲੱਗਦਾ ਹੈ ਕਿ ਸਾਡੇ ਬਾਬਾ ਨਾਨਕ ਦੀ ਧਰਤੀ, ਗੁਰੂਆਂ ਪੀਰਾਂ ਦੀ ਧਰਤੀ, ਮੇਰੇ ਗੁਰੂ ਦਾ ਘੋੜਾ ਜਿਹੜਾ ਕਿ ਤੰਬਾਕੂ ਦੇ ਬਾਗ ਵਿੱਚ ਵੀ ਨਹੀਂ ਵੜਿਆ ਅਤੇ ਅੱਜ ਨੌਜਵਾਨ, ਜਿਹੜੇ ਕਿ ਕੌਮ ਦੇ ਰਾਖੇ ਹਨ, ਉਹ ਖੁਦ ਤੰਬਾਕੂ ਖਾਂਦੇ ਹਨ ਅਤੇ ਉਧਰਲੇ ਬਾਗਾਂ ਵਿੱਚ ਸਾਨੂੰ ਜਾਣ ਬੁੱਝ ਕੇ ਉਡਦਾ ਪੰਜਾਬ ਕਹਿੰਦੇ ਹਨ ਤਾਂ ਕਿ ਪੰਜਾਬ ਨੂੰ ਬਦਨਾਮ ਕੀਤਾ ਜਾ ਸਕੇ। ਮਾਣਯੋਗ ਸਪੀਕਰ ਸਾਹਿਬ, ਜੇ ਆਪਾਂ ਗੱਲ ਕਰੀਏ ਕਿ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣੀ ਹੈ ਤਾਂ ਬੱਚਿਆਂ ਨੂੰ 6ਵੀਂ ਕਲਾਸ ਤੋਂ ਇੱਕ ਇਸ ਤਰ੍ਹਾਂ ਦਾ ਪੀਰੀਅਡ ਰੱਖਿਆ ਜਾਵੇ ਕਿ ਕੋਈ ਚੰਗੀ ਨਸ਼ਿਆਂ ਖਿਲਾਫ ਫਿਲਮ ਦਿਖਾਈ ਜਾਵੇ। ਸਰਕਾਰ ਕੋਈ 10, 15, 20 ਫਿਲਮਾਂ ਬੱਚਿਆਂ ਦੇ ਮੈਂਟਲ ਲੈਵਲ ਦੇ ਹਿਸਾਬ ਨਾਲ ਬਹੁਤ ਅੱਛੇ ਪ੍ਰੋਡਿਊਸਰਾਂ ਤੋਂ, ਬਹੁਤ ਅੱਛੇ ਕਲਾਕਾਰਾਂ ਤੋਂ ਤਿਆਰ ਕਰਵਾਏ। ਇਸੇ ਤਰੀਕੇ ਨਾਲ 6ਵੀਂ ਵਿੱਚ ਹਰ ਮਹੀਨੇ ਸਿਰਫ ਇੱਕ ਦਿਨ ਫਿਲਮ ਵਾਸਤੇ ਰੱਖਿਆ ਜਾਵੇ। ਬਹੁਤ ਅੱਛੀ ਗੱਲ ਹੈ ਕਿ ਸਾਡੇ ਸਿੱਖਿਆ ਮੰਤਰੀ ਹਰਜੋਤ ਬੈਂਸ ਜੀ ਨੇ ਹਰ ਸਕੂਲ ਨੂੰ ਮਾਡਰਨ ਕਰ ਦਿੱਤਾ ਹੈ, ਹਰ ਸਕੂਲ ਵਿੱਚ ਪ੍ਰਾਜੈਕਟਰ ਲੱਗੇ ਹਨ। ਅਸੀਂ ਹਰ ਮਹੀਨੇ ਆਪਣੇ ਬੱਚਿਆਂ ਨੂੰ ਇੱਕ ਫਿਲਮ ਦਿਖਾ ਸਕਦੇ ਹਾਂ। 6ਵੀਂ ਦਾ ਅਲੱਗ ਸਿਲੇਬਸ ਹੋਵੇ, 8 ਵਿੱਚ ਅਲੱਗ ਸਿਲੇਬਸ ਦੀ ਫਿਲਮ ਹੋਵੇ, 9ਵੀਂ ਵਿੱਚ ਵੱਖ ਅਤੇ 10ਵੀਂ ਵਿੱਚ ਵੱਖ ਸਿਲੇਬਸ ਦੀ ਫਿਲਮ ਹੋਵੇ। ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਜਦੋਂ ਬੱਚਾ 12ਵੀਂ ਤੱਕ ਪਹੁੰਚੇਗਾ ਤਾਂ ਉਸ ਦੇ ਮਨ ਵਿੱਚ ਇਹ ਗੱਲ ਆ ਜਾਵੇਗੀ ਕਿ ਜਿਹੜਾ ਨਸ਼ਾ ਹੈ ਇਹ ਬਹੁਤ ਹੀ ਖਤਰਨਾਕ ਅਤੇ ਘਾਤਕ ਚੀਜ਼ ਹੈ। ਜੇਕਰ ਮੈਂ ਤੁਹਾਨੂੰ ਆਪਣੀ ਗੱਲ ਦੱਸਾਂ ਤਾਂ ਮੈਂ ਇੰਜੀਨੀਅਰਿੰਗ ਕੀਤੀ ਹੈ, ਮੈਂ ਗੁੜਗਾਉਂ ਨੌਕਰੀ ਵੀ ਕੀਤੀ ਹੈ, ਮੈਂ ਜੀ.ਐਮ. ਵੀ ਰਿਹਾ ਹਾਂ। ਮੇਰੇ ਨਾਲ ਕਈ ਵਾਰ ਵੱਡੀਆਂ ਵੱਡੀਆਂ ਪਾਰਟੀਆਂ ਵੀ ਹੁੰਦੀਆਂ ਰਹੀਆਂ ਹਨ ਪਰ ਮੈਂ ਜ਼ਿੰਦਗੀ ਵਿੱਚ ਅੱਜ ਤੱਕ ਕਦੇ ਨਸ਼ੇ ਨੂੰ ਹੱਥ ਵੀ ਲਗਾ ਕੇ ਨਹੀਂ ਦੇਖਿਆ ਹੈ। ਇਸ ਦਾ ਕਾਰਨ ਹੈ ਕਿ ਸਾਡੇ ਘਰ ਵਿੱਚ ਹਰ ਰੋਜ਼ ਮੈਨੂੰ ਇਹੋ ਲੈਸਨ ਮਿਲਦਾ ਸੀ ਕਿ ਨਸ਼ਾ ਨਹੀਂ ਕਰਨਾ ਹੈ, ਨਸ਼ੇ ਵਾਲੇ ਪਾਸੇ ਨਹੀਂ ਜਾਣਾ ਹੈ।

**ਮਾਣਯੋਗ ਸਪੀਕਰ** : ਕਨਕਲੂਡ ਕਰੋ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਮੈਂ ਸਮਝਦਾ ਹਾਂ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਇਸ ਤੋਂ ਬਚਾਉਣਾ ਹੈ ਤਾਂ ਸਾਨੂੰ ਬੱਚਿਆਂ ਦੇ ਸਿਲੇਬਸ ਵਿੱਚ ਇਹੋ ਜਿਹੇ ਉਪਰਾਲੇ ਕਰਨੇ ਪੈਣਗੇ। ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇੰਨੇ ਮਹੱਤਵਪੂਰਨ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।

**ਸ੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)** : ਮਾਣਯੋਗ ਮੈਂਬਰ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਜੀ ਵੱਲੋਂ ਮਤਾ ਪੇਸ਼ ਕੀਤਾ ਗਿਆ ਹੈ ਅਤੇ ਸਿੱਖਿਆ ਵਿੱਚ ਜੀਵਨ ਜਾਂਚ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਸੁਝਾਅ ਪੇਸ਼ ਕੀਤੇ ਗਏ ਹਨ, ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ। ਬਾਕੀ ਮੈਂਬਰ ਸਾਹਿਬਾਨ ਨੇ ਵੀ ਬੜੇ ਮਹੱਤਵਪੂਰਨ ਸੁਝਾਅ ਦਿੱਤੇ ਹਨ। ਇਹ ਬਿਲਕੁਲ ਠੀਕ ਹੈ ਕਿ ਅੱਜ ਦੀ ਸਿੱਖਿਆ ਵਿੱਚ ਡਾਕਟਰ, ਇੰਜੀਨੀਅਰ ਪੈਦਾ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਜੀਵਨ ਜਾਚ ਸਿਖਾਉਣੀ ਬਹੁਤ ਜ਼ਰੂਰੀ ਹੈ। ਇਸ ਵਿੱਚ ਚਾਹੇ ਨਸ਼ਿਆਂ ਤੋਂ ਦੂਰ ਰਹਿਣ ਦੀ ਗੱਲ ਹੋਵੇ, ਚਾਹੇ ਕੋਈ ਵੀ ਚੰਗੀ ਮਾੜੀ ਖੁਰਾਕ ਦੀ ਸਿੱਖਿਆ ਦੇਣ ਦੀ ਗੱਲ ਹੋਵੇ, ਇਸ ਨੂੰ ਅੱਜ ਦੇ ਸਿਲੇਬਸ ਦਾ ਵਿਸ਼ਾ ਬਣਾਇਆ ਜਾਣਾ ਲਾਜ਼ਮੀ ਹੈ।

**1405/mehak**

ਪਰ ਇਸ ਸਭ ਲਈ ਇਹ ਵੀ ਜ਼ਰੂਰੀ ਹੈ ਕਿ ਸਾਡੀਆਂ ਵਿਦਿਅਕ ਸੰਸਥਾਵਾਂ ਖੜ੍ਹੀਆਂ ਰਹਿਣ ਅਤੇ ਕਾਇਮ ਰਹਿਣ। ਇਸ ਗੱਲ ਲਈ ਮੈਂ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ ਕਿ ਜਿੱਥੇ ਪੂਰੇ ਸੂਬੇ ਵਿੱਚ ਉਨ੍ਹਾਂ ਨੇ ਐਜੂਕੇਸ਼ਨ ਉੱਪਰ ਬਹੁਤ ਵੱਡਾ ਕੰਮ ਕੀਤਾ ਉੱਥੇ ਹੀ ਰੋਪੜ ਵਿਧਾਨ ਸਭਾ ਹਲਕੇ ਵਿੱਚ ਜਿੱਥੇ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਪਿਛਲੇ ਦਹਾਕੇ ਵਿੱਚ ਬੁਰੀ ਤਰ੍ਹਾਂ ਲਿਤਾੜਿਆ ਗਿਆ ਸੀ, ਉਨ੍ਹਾਂ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਮੁੜ ਕੇ ਮੁੱਖ ਮੰਤਰੀ ਸਾਹਿਬ ਨੇ ਖੜ੍ਹਾ ਕੀਤਾ ਹੈ। ਚਾਹੇ ਉਸ ਵਿੱਚ ਰੋਪੜ ਦੇ ਸਰਕਾਰੀ ਕਾਲਜ ਦੀ ਗੱਲ ਹੋਵੇ ਜਿਹੜਾ ਕਿ ਬਹੁਤ ਪੁਰਾਣਾ ਕਾਲਜ ਹੈ ਪਰ ਪਿਛਲੇ ਇੱਕ ਦਹਾਕੇ ਤੋਂ ਕਿਸੇ ਨੇ ਉੱਥੇ ਵਾਈਟਵਾਸ਼ ਤੱਕ ਵੀ ਨਹੀਂ ਕਰਵਾਇਆ ਸੀ ਤੇ ਉਸ ਦੀ ਬਿਲਡਿੰਗ ਦੀ ਖਸਤਾ ਹਾਲਤ ਹੋ ਚੁੱਕੀ ਸੀ। ਪਰ ਸਰਕਾਰ ਬਣਦੇ ਸਾਰ ਹੀ ਕਰੀਬ ਦੋ ਕਰੋੜ ਰੁਪਏ ਉਸ ਕਾਲਜ ਤੇ ਖਰਚ ਕੀਤਾ ਗਿਆ ਤੇ ਹੁਣ ਉਸ ਕਾਲਜ ਦੀ ਇਮਾਰਤ ਸ਼ਾਨਦਾਰ ਬਣੀ ਹੈ। ਇਸ ਤਰ੍ਹਾਂ ਹੀ ਰੋਪੜ ਜ਼ਿਲ੍ਹੇ ਵਿੱਚ ਇੱਕੋ ਇੱਕ ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਕਾਲਜ ਗੁਰੂ ਕਾ ਖੂਹ, ਮੁੰਨੇ ਸਰਕਾਰੀ ਕਾਲਜ ਲੜਕੀਆਂ ਦਾ ਹੈ। ਉਹ ਕਾਲਜ ਸਾਲ 2016 ਵਿੱਚ ਸਰਕਾਰੀ ਹੋ ਗਿਆ ਸੀ ਪਰ 2016 ਤੋਂ ਲੈ ਕੇ ਅੱਜ ਤੱਕ ਉਸ ਕਾਲਜ ਨੂੰ ਸਰਕਾਰ ਵੱਲੋਂ ਇੱਕ ਰੁਪਿਆ ਵੀ ਗ੍ਰਾਂਟ ਮਿਲਣੀ ਤਾਂ ਦੂਰ ਦੀ ਗੱਲ ਹੈ, ਸਗੋਂ ਉਸ ਕਾਲਜ ਦਾ ਖਾਤਾ ਹੀ ਨਹੀਂ ਖੋਲਿਆ ਗਿਆ ਸੀ। ਉਸ ਦੀਆਂ ਡੀ.ਡੀ.ਓ. ਪਾਵਰਾਂ ਹੀ ਨਹੀਂ ਸਨ ਅਤੇ ਨਾ ਹੀ ਉੱਥੇ ਪ੍ਰਿੰਸੀਪਲ ਦੀ ਆਸਾਮੀ ਕ੍ਰੀਏਟ ਕੀਤੀ ਗਈ ਸੀ। ਜਿਹੜਾ ਕਾਰ ਸੇਵਾ ਵਾਲੇ ਬਾਬਿਆਂ ਨੇ ਕਾਲਜ ਬਣਾਇਆ ਸੀ ਉਹ as it is ਹੀ ਪਿਆ ਸੀ ਪਰ ਇਸ ਸਰਕਾਰ ਦੇ ਆਉਂਦੇ ਸਾਰ ਉਸ ਕਾਲਜ ਦਾ ਖਾਤਾ ਵੀ ਖੁੱਲ੍ਹ ਗਿਆ, ਪ੍ਰਿੰਸੀਪਲ ਦੀ ਅਸਾਮੀ ਵੀ ਆ ਗਈ ਤੇ ਨਾਲ ਹੀ ਖਾਤੇ ਵਿੱਚ ਪੰਜ-ਛੇ ਲੱਖ ਰੁਪਏ ਹੀ ਨਹੀਂ ਸਗੋਂ ਛੇ ਕਰੋੜ ਰੁਪਏ ਦੀ ਗ੍ਰਾਂਟ ਵੀ ਆ ਗਈ। ਇਸੇ ਤਰੀਕੇ ਨਾਲ ਰੋਪੜ ਦਾ ਸਰਕਾਰੀ ਪੋਲੀਟੈਕਨਿਕ ਕਾਲਜ 14 ਸਾਲਾਂ ਤੋਂ ਬੰਦ ਪਿਆ ਸੀ। 14 ਸਾਲਾਂ ਤੋਂ ਉਸ ਦਾ ਸਟਾਫ ਤਨਖਾਹ ਲੈਂਦਾ ਰਿਹਾ ਪਰ ਸਰਕਾਰੀ ਪੋਲੀਟੈਕਨਿਕ ਕਾਲਜ ਬੰਦ ਪਿਆ ਰਿਹਾ। ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਸਰਕਾਰ ਨੇ ਆਉਂਦਿਆਂ

ਸਾਰ ਹੀ ਉਸ ਸਰਕਾਰੀ ਪੋਲੀਟੈਕਨਿਕ ਕਾਲਜ ਨੂੰ ਮੁੜ ਕੇ ਸਿਰਫ ਚਲਾਇਆ ਹੀ ਨਹੀਂ ਸਗੋਂ ਉਸ ਵਿੱਚ ਫਾਰਮੇਸੀ ਵਰਗੇ ਨਵੇਂ ਕੋਰਸ ਵੀ ਲਿਆਂਦੇ ਗਏ ਤੇ ਅੱਜ ਸਰਕਾਰੀ ਪੋਲੀਟੈਕਨਿਕ ਕਾਲਜ, ਅਕਾਦਮਿਕ ਕੋਰਸਿਜ਼ ਦੇ ਨਾਲ ਨਾਲ ਸਕਿੱਲ ਦਾ ਹੱਬ ਵੀ ਬਣ ਗਿਆ ਹੈ ਤੇ ਸੈਂਕੜੇ ਵਿਦਿਆਰਥੀਆਂ ਦੀ ਆਈ.ਆਈ.ਟੀ. ਰੋਪੜ ਦੀ ਮਦਦ ਨਾਲ, ਪ੍ਰਾਈਵੇਟ ਕੰਪਨੀਆਂ ਦੀ ਮਦਦ ਨਾਲ ਸਕਿੱਲਿੰਗ ਕੀਤੀ ਜਾ ਰਹੀ ਹੈ ਅਤੇ ਸਕਿੱਲਿੰਗ ਹੋਣ ਉਪਰੰਤ ਉਨ੍ਹਾਂ ਨੂੰ ਡਾਇਰੈਕਟ ਨੌਕਰੀ ਮਿਲ ਰਹੀ ਹੈ। ਇਸੇ ਤਰੀਕੇ ਨਾਲ ਰੋਪੜ ਵਿਧਾਨ ਸਭਾ ਹਲਕੇ ਦੇ ਸਰਕਾਰੀ ਸਕੂਲਾਂ ਦੇ ਉੱਪਰ ਕਰੀਬ 20 ਤੋਂ 25 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ ਸਾਰੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰੀ ਗਈ ਹੈ। ਮੈਂ ਆਪ ਵੀ ਸਰਕਾਰੀ ਪ੍ਰਾਇਮਰੀ ਸਕੂਲ, ਬੜਵਾ ਦਾ ਵਿਦਿਆਰਥੀ ਹਾਂ। ਸੋ, ਸਰਕਾਰੀ ਸਕੂਲਾਂ ਤੇ ਪੈਸਾ ਲੱਗਣ ਨਾਲ ਉਨ੍ਹਾਂ ਸਕੂਲਾਂ ਵਿੱਚ ਵੱਡਾ ਸੁਧਾਰ ਹੋਇਆ ਹੈ। ਇੱਥੋਂ ਤੱਕ ਕਿ ਮੇਰੇ ਆਪਣੇ ਸਰਕਾਰੀ ਪ੍ਰਾਇਮਰੀ ਸਕੂਲ, ਬੜਵਾ ਨੂੰ ਵੀ 40-50 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ ਤੇ ਉਸ ਨੂੰ ਸਕੂਲ ਆਫ ਹੈਪੀਨੈੱਸ ਵਿੱਚ ਕਨਵਰਟ ਕੀਤਾ ਗਿਆ ਹੈ। ਇਸ ਦੇ ਨਾਲ ਹੀ ਡਿਸਟ੍ਰਿਕਟ ਲਾਇਬ੍ਰੇਰੀ, ਰੋਪੜ ਤੇ ਇੱਕ ਕਰੋੜ ਰੁਪਏ ਖਰਚ ਕੇ ਉਸ ਵਿੱਚ ਬੜਾ ਵੱਡਾ ਸੁਧਾਰ ਕੀਤਾ ਗਿਆ ਹੈ ਤੇ ਯੂ.ਪੀ.ਐਸ.ਸੀ. ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਅਲੱਗ ਏ.ਸੀ. ਹਾਲ ਬਣਾਇਆ ਗਿਆ ਹੈ। ਸੋ, ਬਹੁਤ ਵੱਡੇ ਸੁਧਾਰ ਰੋਪੜ ਵਿਧਾਨ ਸਭਾ ਹਲਕੇ ਦੀ ਐਜੂਕੇਸ਼ਨ ਵਿੱਚ ਕੀਤੇ ਗਏ ਹਨ। ਜਿਹੜੀ ਰੋਪੜ ਵਿੱਚ NIELIT ਇੰਸਟੀਚਿਊਟ ਸੀ, ਸਰਕਾਰ ਬਣਨ ਤੋਂ ਬਾਅਦ ਜਦੋਂ ਉਸ ਇੰਸਟੀਚਿਊਟ ਦੀ ਵਿਜ਼ਿਟ ਕੀਤੀ ਗਈ ਤਾਂ ਉੱਥੋਂ ਦੇ ਨੁਮਾਇੰਦਿਆਂ ਨੇ ਇਹ ਗੱਲ ਕਹੀ ਕਿ ਉੱਥੇ ਪਹਿਲੀ ਵਾਰ ਕੋਈ ਨੁਮਾਇੰਦਾ ਆਇਆ ਹੈ ਨਹੀਂ ਤਾਂ ਸਰਕਾਰੀ ਨੁਮਾਇੰਦਿਆਂ ਨੇ ਸਾਨੂੰ ਕਦੇ ਅਪਰੋਚ ਹੀ ਨਹੀਂ ਕੀਤਾ ਸੀ। ਜਿਹੜੇ ਇੰਸਟੀਚਿਊਟ ਦੇ ਨੁਮਾਇੰਦਿਆਂ ਵੱਲੋਂ ਸੁਝਾਅ ਦਿੱਤੇ ਗਏ ਸੀ, ਉਹ ਸੁਝਾਅ ਜਦੋਂ ਸਰਕਾਰ ਤੱਕ ਪੇਸ਼ ਕੀਤੇ ਗਏ ਤਾਂ ਸਰਕਾਰ ਨੇ ਤੁਰੰਤ ਸੁਧਾਰ ਕੀਤੇ ਤੇ ਉਸ ਦਾ ਨਤੀਜਾ ਇਹ ਨਿਕਲਿਆ ਕਿ NIELIT ਰੋਪੜ ਜ਼ਿਲ੍ਹੇ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ ਜਿਸ ਦੇ ਅਲੱਗ ਅਲੱਗ ਕੈਂਪਸ ਹੋਰ ਸੂਬਿਆਂ ਵਿੱਚ ਵੀ ਹਨ। ਇਸ ਤਰ੍ਹਾਂ ਹੀ ਰੋਪੜ ਦੀ ਆਈ.ਟੀ.ਆਈ. ਉੱਪਰ 4.5 ਕਰੋੜ ਰੁਪਏ ਖਰਚ ਕੀਤੇ ਗਏ ਹਨ। ਰੋਪੜ ਵਿਧਾਨ ਸਭਾ ਹਲਕੇ ਵਿੱਚ ਸਿੰਘਪੁਰ ਦੀ ਆਈ.ਟੀ.ਆਈ. ਉੱਪਰ ਡੇਢ ਕਰੋੜ ਰੁਪਏ ਖਰਚ ਕੀਤੇ ਗਏ। ਸੋ, ਰੋਪੜ ਜ਼ਿਲ੍ਹੇ ਦੀ ਐਜੂਕੇਸ਼ਨ ਵਿੱਚ ਬਹੁਤ ਵੱਡੇ ਸੁਧਾਰ ਕੀਤੇ ਗਏ ਹਨ। ਜਿੱਥੋਂ ਦੀਆਂ ਵਿਦਿਅਕ ਸੰਸਥਾਵਾਂ, ਸਕੂਲ, ਕਾਲਜ ਅਣਗੌਲੇ ਹੋਏ ਸੀ, ਅੱਜ ਅਸੀਂ ਉੱਥੋਂ ਦੀ ਐਜੂਕੇਸ਼ਨ ਨੂੰ ਇਸ ਪੱਧਰ ਤੱਕ ਲੈ ਗਏ ਹਾਂ ਕਿ ਮੈਂ ਸਰਕਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ। ਉੱਥੇ ਇੱਕ ਯੂਨੀਵਰਸਿਟੀ ਵੀ ਹੈ ਔਰ ਅਸੀਂ ਪਹਿਲੀ ਵਾਰ ਇੱਕ ਇਨੀਸ਼ੀਏਟਿਵ ਲਿਆ ਹੈ ਕਿ ਆਪਣੇ ਸ਼ਹਿਰ ਦੀਆਂ ਸ਼ਖਸੀਅਤਾਂ ਭਾਵੇਂ ਉਹ ਡਾਕਟਰ ਹਨ, ਚਾਹੇ ਕਾਰੋਬਾਰੀ ਹਨ, ਉਨ੍ਹਾਂ ਦੇ ਸਹਿਯੋਗ ਨਾਲ ਰੋਪੜ ਜ਼ਿਲ੍ਹੇ ਦੇ ਸਾਰੇ ਵਿਦਿਆਰਥੀਆਂ ਲਈ ਫਰੀ ਆਈ.ਏ.ਐਸ. ਕੋਚਿੰਗ ਅਕੈਡਮੀ ਰੋਪੜ ਦੇ ਪੋਲੀਟੈਕਨਿਕ ਕਾਲਜ ਵਿੱਚ ਰੂਪਨਗਰ, ਆਈ.ਏ.ਐਸ. ਅਕੈਡਮੀ ਦੇ ਨਾਂ ਨਾਲ ਖੋਲ੍ਹੀ ਗਈ ਹੈ। ਸੋ, ਮੈਂ ਉਮੀਦ ਕਰਦਾ ਹਾਂ ਕਿ ਇਨ੍ਹਾਂ ਸੁਧਾਰਾਂ ਨਾਲ ਸੈਂਕੜੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਬਹੁਤ ਵੱਡੇ ਚੰਗੇ ਬਦਲਾਅ ਹੋਣਗੇ ਤੇ ਨਾਲ ਹੀ ਮੈਂ ਸਿੱਖਿਆ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਜਿਹੜੀ ਗੈਰ-ਸਰਕਾਰੀ ਐਜੂਕੇਸ਼ਨ ਨੂੰ ਲੈ ਕੇ ਗੱਲ ਹੋਈ ਹੈ। ਗੈਰ-ਸਰਕਾਰੀ ਐਜੂਕੇਸ਼ਨ ਸਾਡੇ ਮੁਲਕ ਵਿੱਚ ਭਾਵੇਂ ਚੈਰੀਟੇਬਲ ਸੁਸਾਇਟੀਆਂ ਦੇ ਨਾਮ ਤੇ ਚੱਲ ਰਹੀ ਹੈ।

**1410/Sukhpiar Singh**

ਪਰ ਉਸ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਵੱਡੀ ਪੱਧਰ ਤੇ ਬੇਨਿਯਮੀਆਂ ਪਾਈਆਂ ਜਾ ਰਹੀਆਂ ਹਨ, ਬਹੁਤ ਵੱਡੇ ਪੱਧਰ ਤੇ ਲੁੱਟ ਹੋ ਰਹੀ ਹੈ। ਮੈਂ ਇੱਕ ਰੋਪੜ ਦੇ ਕਾਨਵੈਂਟ ਸਕੂਲ ਦੇ ਅੰਕੜੇ ਪੇਸ਼ ਕਰਦਾ ਹਾਂ, ਪਿਛਲੇ ਪੰਜ ਸਾਲ ਵਿੱਚ ਉਨ੍ਹਾਂ ਦੀ ਬੈਲੰਸਸ਼ੀਟ ਵਿੱਚ ਜੋ ਉਨ੍ਹਾਂ ਨੇ ਸਕੂਲ ਉੱਪਰ ਖਰਚੇ ਕੀਤੇ ਹਨ, ਉਹ ਖਰਚੇ ਕੱਢ ਕੇ ਤਕਰੀਬਨ 9 ਕਰੋੜ ਰੁਪਿਆ ਉਹ ਆਪਣੀ ਪੇਰੈਂਟ ਸੁਸਾਇਟੀ ਨੂੰ ਟਰਾਂਸਫਰ ਕਰ ਚੁੱਕੇ ਹਨ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਕਨਕਲੂਡ ਕਰੋ ਜੀ।

**ਸ੍ਰੀ ਦਿਨੇਸ਼ ਕੁਮਾਰ ਚੱਢਾ:** ਮੈਂ ਇਹ ਗੱਲ ਸਰਕਾਰ ਦੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਸੰਸਥਾਵਾਂ ਦਾ ਫਾਈਨੈਂਸ਼ੀਅਲ ਆਡਿਟ ਹੋਣਾ ਚਾਹੀਦਾ ਹੈ, ਚਾਹੇ ਉਹ ਗੈਰ-ਸਰਕਾਰੀ ਸਕੂਲ ਹਨ, ਚਾਹੇ ਗੈਰ-ਸਰਕਾਰੀ ਕਾਲਜ ਹਨ। ਪਿਛਲੀ ਸਰਕਾਰ ਵਿੱਚ ਵੀ ਇੱਕ ਯੂ.ਜੀ.ਸੀ. ਦੀ ਰਿਪੋਰਟ ਆਈ ਸੀ ਕਿ ਪੰਜਾਬ ਵਿੱਚ ਜਿੰਨੀਆਂ ਵੱਡੀਆਂ ਸੰਸਥਾਵਾਂ ਹਨ, ਉਹ ਟਰੱਸਟਾਂ ਦੇ ਖਾਤਿਆਂ ਵਿੱਚੋਂ ਮਰਸੀਡੀਜ਼ ਵਰਗੀਆਂ ਵੱਡੀਆਂ ਗੱਡੀਆਂ ਖਰੀਦ ਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਟਰੱਸਟੀ ਬਣਾ ਕੇ, ਮੋਟੇ ਪੈਕੇਜ ਦੇ ਕੇ ਫਿਰ ਵੀ ਉਹ ਐਨੁਅਲ 10-10 ਕਰੋੜ ਸਰਪਲੱਸ ਜਾ ਰਹੀਆਂ ਹਨ। ਸੋ, ਜੇਕਰ ਇਸ ਦਾ ਫਾਈਨੈਂਸ਼ੀਅਲ ਆਡਿਟ ਕੀਤਾ ਜਾਵੇ ਤਾਂ ਪੰਜਾਬ ਦੇ ਵਿਦਿਆਰਥੀਆਂ ਨੂੰ ਵੱਡਾ ਲਾਭ ਹੋਵੇਗਾ ਅਤੇ ਕੁਆਲਟੀ ਐਜੂਕੇਸ਼ਨ ਮਿਲੇਗੀ। ਬਹੁਤ ਬਹੁਤ ਧੰਨਵਾਦ ਜੀ।

-----

## HOMAGE TO BHAGAT PURAN SINGH JI BY THE HON'BLE SPEAKER

**ਮਾਣਯੋਗ ਸਪੀਕਰ:** ਮੈਂ ਇੱਕ ਗੱਲ ਮੈਨਸ਼ਨ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਤੇ ਗੁਰੂ ਸਾਹਿਬ ਨੇ ਬੜੀ ਕ੍ਰਿਪਾ ਕੀਤੀ ਹੈ ਕਿ ਇੱਥੇ ਰਹਿਣ ਵਾਲੇ ਬਾਸ਼ਿੰਦਿਆਂ ਨੇ ਗੁਰੂ ਸਾਹਿਬ ਦੀ ਸਿੱਖਿਆ ਤੇ ਚੱਲ ਕੇ ਸਿੱਖਿਆ ਨਾਲ ਹੀ ਜੁੜ ਗਏ, ਜਿਹੜਾ ਸਾਨੂੰ ਗੁਰਬਾਣੀ ਸਵੇਰੇ ਅਤੇ ਸ਼ਾਮ ਨੂੰ ਪੜ੍ਹਨ ਦਾ ਹੁਕਮ ਹੋਇਆ ਸੀ, ਉਹ ਪੜ੍ਹਿਆਂ-ਲਿਖਿਆਂ ਦੀ ਕੌਮੀ ਬਣਾਈ ਸੀ। ਇਸ ਕਰਕੇ ਪੰਜਾਬ ਦੁਨੀਆਂ ਵਿੱਚ ਵੱਖਰਾ ਚੱਲਦਾ ਹੈ। ਸੋ, ਗੁਰੂ ਸਾਹਿਬ ਸਾਡੇ ਤੇ ਇਸੇ ਤਰ੍ਹਾਂ ਕ੍ਰਿਪਾ ਕਰਦੇ ਰਹਿਣ ਔਰ ਉਸੇ ਕਰਕੇ ਇੱਕ ਗੱਲ ਕੱਲ੍ਹ ਰੌਲੇ ਦੀ ਭੇਟ ਚੜ੍ਹ ਗਈ। ਸਾਡੇ ਪਿੰਡ ਰਾਜੇਵਾਲ ਦੇ ਜੰਮਪਲ ਭਗਤ ਪੂਰਨ ਸਿੰਘ ਜੀ ਨੇ ਦੁਨੀਆਂ ਵਿੱਚ ਸੇਵਾ ਦੀ ਕਿੰਨੀ ਵੱਡੀ ਮਿਸਾਲ ਪੈਦਾ ਕੀਤੀ ਸੀ। ਉਨ੍ਹਾਂ ਦੀ ਕੱਲ੍ਹ ਬਰਸੀ ਸੀ, ਸੋ, ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਕੱਲ੍ਹ ਇਹ ਗੱਲ ਰੌਲੇ ਦੀ ਭੇਟ ਚੜ੍ਹ ਗਈ ਸੀ।

------

## NON OFFICIAL RESOLUTION REGARDING INTRODUCTION OF A COMPREHENSIVE CURRICULUM FOR HOLISTIC STUDENT

**DEVELOPMENT, STUDENT WELFARE AND FUTURE READINESS (*Resumption)***

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਸਪੀਕਰ ਸਾਹਿਬ, ਜੇ ਪੰਜਾਬ ਦੀ ਸਟਰੈਂਥ ਦੀ ਗੱਲ ਕਰੀਏ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦਾ ਯੂਥ ਸਾਡੀ ਸਟਰੈਂਥ ਹੈ ਪਰ ਪੰਜਾਬ ਦਾ ਯੂਥ ਅੱਜ ਮਹਿਸੂਸ ਕਰ ਰਿਹਾ ਹੈ ਕਿ ਉਹ ਅੱਜ ਇੱਕ ਅਣਆਰਗੇਨਾਈਜ਼ਡ ਅਤੇ ਫਰੱਸਟ੍ਰੇਸ਼ਨ ਵੱਲ ਨੂੰ ਜਾ ਰਿਹਾ ਹੈ। ਜੇ ਪੰਜਾਬ ਦੇ ਯੂਥ ਨੂੰ ਰਾਈਟ ਡਾਇਰੈਕਸ਼ਨ ਦਿੱਤੀ ਜਾਵੇ ਅਤੇ ਉਹ ਰਾਈਟ ਡਾਇਰੈਕਸ਼ਨ ਵਿੱਦ ਸਟਰੌਂਗ ਲੀਡਰਸ਼ਿਪ ਦਿੱਤੀ ਜਾਵੇ ਤਾਂ ਹੀ ਆਉਣ ਵਾਲੇ ਸਮੇਂ ਵਿੱਚ ਆਪਣਾ ਪੰਜਾਬ ਰੰਗਲਾ ਪੰਜਾਬ ਬਣ ਸਕਦਾ ਹੈ। ਸਰ, ਜਿਹੜੇ ਆਪਣੀ ਗ੍ਰੈਜੂਏਟਸ ਦੀ ਪਾਪੂਲੇਸ਼ਨ ਹੈ, ਉਨ੍ਹਾਂ ਦੀ ਤਕਰੀਬਨ 30 ਲੱਖ ਹੈ ਅਤੇ 20% ਪੰਜਾਬ ਦਾ ਯੂਥ ਬੇਰੁਜ਼ਗਾਰ ਹੈ। ਸਰ, ਆਪਣੇ ਸਾਹਮਣੇ NEET ਦੇ ਪੇਪਰ ਵਿੱਚ ਜੋ ਹੋਇਆ ਹੈ, ਉਹ ਇੱਕ ਐਗਜ਼ਾਂਪਲ ਹੈ। ਜਿਹੜੇ ਸਟੂਡੈਂਟ ਕੌਂਸਲ ਕਾਲਜਾਂ ਵਿੱਚ ਹਨ, ਉਨ੍ਹਾਂ ਨੇ ਆਪਣਾ ਪੱਖ ਰੱਖਿਆ ਅਤੇ ਸਰਕਾਰ ਗੋਡਿਆਂ ਤੇ ਲਿਆ ਦਿੱਤੀ। ਸਰ, ਪੰਜਾਬ ਦਾ ਯੂਥ ਵੀ ਉੱਥੇ ਗਿਆ ਸੀ ਪਰ ਮੈਨੂੰ ਇਹ ਲੱਗਿਆ ਕਿ ਪੰਜਾਬ ਦਾ ਯੂਥ ਉੱਥੇ ਗਵਾਚਿਆ ਫਿਰਦਾ ਸੀ, ਆਰਗੇਨਾਈਜ਼ੇਸ਼ਨ ਨਹੀਂ ਸੀ। ਸਰ, ਪੰਜਾਬ ਵਿੱਚ ਸਾਡੀਆਂ ਚਾਰ ਵੱਡੀਆਂ ਯੂਨੀਵਰਸਿਟੀਆਂ ਹਨ। ਪੀ.ਏ.ਯੂ. ਲੁਧਿਆਣਾ ਨੇ ਪੰਜਾਬ ਲਈ ਬੜਾ ਕੁਝ ਕੀਤਾ, G.N.D.U, ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ, ਪਟਿਆਲਾ, ਪੀ.ਟੀ.ਯੂ, ਜਲੰਧਰ, ਸਰ, 40 ਸਾਲ ਹੋ ਗਏ ਹਨ, ਇਨ੍ਹਾਂ ਦਾ ਸਟਰੱਕਚਰ ਉੱਡਿਆ ਹੋਇਆ ਹੈ। Meaning? ਸਟੂਡੈਂਟ ਕੌਂਸਲ ਹੀ ਨਹੀਂ ਹੈ। ਸਰ, ਆਪਾਂ ਦਿੱਲੀ ਵਿੱਚ ਦੇਖਿਆ ਹੈ। ਸਟੂਡੈਂਟ ਕੌਂਸਲ ਨੂੰ ਆਪਣੇ ਜੋ ਰਾਈਟਸ ਚਾਹੀਦੇ ਸੀ, ਜਿੱਥੇ ਸਰਕਾਰਾਂ ਗਲਤ ਸੀ, ਉਸ ਨੂੰ ਸਹੀ ਕੀਤਾ। 1984 ਤੋਂ ਬਾਅਦ ਨਾ ਇੱਥੇ ਸਟੂਡੈਂਟ ਬਾਡੀਜ਼ ਦੀ ਇਲੈਕਸ਼ਨਜ਼ ਹੋਈਆਂ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਹੋਣੀਆਂ ਚਾਹੀਦੀਆਂ ਹਨ। ਉਸ ਲਈ ਆਪਾਂ ਨੂੰ ਕਈ ਐਗਜ਼ਾਂਪਲਸ ਮਿਲੇ। ਸਪੀਕਰ ਸਾਹਿਬ, ਚੰਡੀਗੜ੍ਹ ਆਪਣੀ ਪੰਜਾਬ ਦੀ ਰਾਜਧਾਨੀ ਹੈ ਅਤੇ ਭਾਰਤ ਸਰਕਾਰ ਨੇ ਚੰਡੀਗੜ੍ਹ ਦੀ ਸੈਨੇਟ ਦੀ ਇਲੈਕਸ਼ਨ ਰੱਦ ਕੀਤੀ ਅਤੇ ਪੰਜਾਬ ਵਿੱਚ ਜਿਹੜੇ ਸਾਡੇ ਚੰਡੀਗੜ੍ਹ ਵਿੱਚ ਸਟੂਡੈਂਟਸ ਹਨ, ਉਨ੍ਹਾਂ ਨੇ ਅੰਦੋਲਨ ਕਰਕੇ ਆਪਣੇ ਰਾਈਟਸ ਵਾਪਿਸ ਲਏ। ਉਹ ਵਾਪਿਸ ਕਿਉਂ ਲਏ? ਕਿਉਂਕਿ ਸੈਨੇਟ ਸੀ, ਅੱਜ ਮੁਲਕ ਆਜ਼ਾਦ ਹੋਏ ਨੂੰ 70-80 ਸਾਲ ਹੋ ਚੁੱਕੇ ਹਨ। ਸਾਡਾ ਯੂਥ ਡਾਇਰੈਕਸ਼ਨਲੈੱਸ ਹੈ, ਕਿਤੇ ਕਿਤੇ ਮੈਨੂੰ ਲੱਗਦਾ ਹੈ ਕਿ ਯੂਥ ਨੂੰ ਸਿਰਫ ਜ਼ਿੰਦਾਬਾਦ, ਮੁਰਦਾਬਾਦ ਕਰਨ ਨੂੰ ਹੀ ਰੱਖਿਆ ਹੈ।

**1415/Manika Rani**

ਪਰ ਅੱਜ ਉਹ ਜ਼ਮਾਨਾ ਲੰਘ ਗਿਆ ਹੈ, ਯੂਥ ਜ਼ਿੰਦਾਬਾਦ-ਮੁਰਦਾਬਾਦ ਨਹੀਂ ਕਰਨੀ ਚਾਹੁੰਦਾ। ਸਰ, Class representatives and department representatives, ਜਿਹੜੇ ਯੂਨੀਵਰਸਿਟੀ ਵਿੱਚ ਹਨ, ਉਹ ਅੱਗੇ ਆਉਣੇ ਚਾਹੀਦੇ ਹਨ ਤਾਂ ਕਿ ਯੂਥ ਜੋ-ਜੋ ਸੁਧਾਰ ਚਾਹੁੰਦੇ ਹਨ, ਉਹ ਦੱਸ ਸਕਣ। ਅੱਜ ਸਾਡਾ ਸਟਰੱਕਚਰ ਹੀ ਦੱਸਣ ਵਾਲਾ ਨਹੀਂ ਹੈ। ਆਪਾਂ ਸਰਕਾਰ ਵਿੱਚ ਬੈਠੇ ਹਾਂ। ਸਰਕਾਰ ਵਿੱਚ ਕੋਈ ਸਟਰੱਕਚਰ ਹੈ? ਕੀ ਬੱਚਿਆਂ ਨੂੰ ਕਾਲਜਾਂ ਵਿੱਚ ਕਿਹੜੇ ਨਵੇਂ ਕੋਰਸਿਜ਼ ਚਾਹੀਦੇ ਹਨ? ਉਹ ਕੀ-ਕੀ ਸੁਧਾਰ ਚਾਹੁੰਦੇ ਹਨ, ਉਹ ਆ ਕੇ ਸਾਰਾ ਸਰਕਾਰ ਨੂੰ ਦੱਸੇ। ਉਦਾਹਰਨ ਦੇ ਤੌਰ ਤੇ

ਫੀਮੇਲ ਦੇ ਟੁਆਲਿਟਸ ਵਿੱਚ ਪ੍ਰਾਬਲਮ ਹੈ ਤਾਂ ਉਹ ਕਿਸ ਨੂੰ ਆ ਕੇ ਦੱਸਣ ਕਿਉਂਕਿ ਸਟਰੱਕਚਰ ਹੀ ਨਹੀਂ ਹੈ। ਆਪਾਂ ਆਉਣ ਵਾਲੇ ਸਮੇਂ ਵਿੱਚ ਇਸ ਸਦਨ ਵਿੱਚ ਲੈ ਕੇ ਆਉਣਾ ਚਾਹੁੰਦੇ ਹਾਂ ਕਿ 33 ਪ੍ਰਤੀਸ਼ਤ ਰਿਜ਼ਰਵੇਸ਼ਨ ਔਰਤਾਂ ਵਾਸਤੇ ਹੋਣੀ ਚਾਹੀਦੀ ਹੈ ਪਰੰਤੂ ਉਸ ਦੀ ਪੌੜੀ ਤਾਂ ਹੋਣੀ ਚਾਹੀਦੀ ਹੈ ਪਰ ਅਫਸੋਸ ਕਿ ਉਸ ਦੀ ਕੋਈ ਪੌੜੀ ਹੀ ਨਹੀਂ ਹੈ। ਜਦੋਂ-ਜਦੋਂ ਸਾਡੀ ਯੂਨੀਵਰਸਿਟੀ ਵਿੱਚ ਇਲੈਕਸ਼ਨਾਂ ਹੋਣਗੀਆਂ ਤਾਂ ਸਟਰੱਕਚਰ ਬਣੇਗਾ। ਮੈਨੂੰ ਅਫਸੋਸ ਇਹ ਹੈ ਕਿ ਇਸ ਪੌੜੀ ਨੂੰ ਖਤਮ ਕਰ ਦਿੱਤਾ ਗਿਆ ਹੈ। ਸੋ, ਇਸ ਸਟਰੱਕਚਰ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ। ਸਰ, ਐਨਰਜੀ ਚੈਨਲਾਈਜ਼ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਜਦੋਂ ਸਟੂਡੈਂਟਸ ਕੋਲ ਸਟਰੱਕਚਰ ਹੋਵੇਗਾ ਤਾਂ ਵਧੀਆ-ਵਧੀਆ ਮਾਹਿਰ ਪੜ੍ਹ ਕੇ ਜਾਣਗੇ ਅਤੇ ਆਪਣੇ ਕਾਰੋਬਾਰਾਂ ਵਿੱਚ ਕਾਮਯਾਬ ਹੋਣਗੇ। ਕੋਈ ਐਗਰੀਕਲਚਰ ਵਿੱਚ ਜਾਵੇਗਾ। ਕੋਈ ਕੁਝ ਕਰੇਗਾ । ਅਜਿਹਾ ਹੋਣ ਨਾਲ ਉਹ ਸਾਡੇ ਗਾਈਡੈਂਸ ਹੋਣਗੇ। ਉਹ ਸਾਡੇ ਸਮਾਜ ਨੂੰ ਗਾਈਡੈਂਸ ਦੇਣਗੇ ਕਿਉਂਕਿ ਉਨ੍ਹਾਂ ਪੜ੍ਹਿਆ-ਲਿਖਿਆ ਨੇ ਸਾਡੇ ਸਮਾਜ ਨੂੰ ਡਰੱਗਜ਼ ਤੋਂ ਬਚਾਉਣਾ ਹੈ ਅਤੇ ਉਨ੍ਹਾਂ ਨੇ ਹੀ ਇੱਕ-ਦੂਜੇ ਨੂੰ ਸਪੋਟ ਕਰਨੀ ਹੈ ਕਿਉਂਕਿ ਹਰ ਬੰਦੇ ਨੂੰ ਸਰਕਾਰੀ ਨੌਕਰੀ ਨਹੀਂ ਮਿਲ ਸਕਦੀ ਹੈ। ਸਪੀਕਰ ਸਾਹਿਬ, ਮੈਂ ਇੱਕ ਮਿੰਟ ਵਿੱਚ ਕਨਕਲੂਡ ਕਰ ਦੇਵਾਂਗਾ ਕਿਉਂਕਿ ਮੈਨੂੰ ਤੁਹਾਡਾ ਮਹਿਸੂਸ ਹੋ ਗਿਆ ਹੈ ਕਿ ਤੁਸੀਂ ਹੁਣ ਕਨਕਲੂਡ ਕਰਨ ਲਈ ਕਹਿਣ ਵਾਲੇ ਹੋ। (ਹਾਸਾ) ਸਪੀਕਰ ਸਾਹਿਬ, ਜੇ ਯੂਥ ਨੇ ਕੁਝ representations ਸਰਕਾਰ ਨੂੰ ਦੇਣੀਆਂ ਹਨ ਤਾਂ ਉਹ ਕਿਸ ਤਰ੍ਹਾਂ ਦੇਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਟਰੱਕਚਰ ਕਾਮਯਾਬ ਕਰਨ ਦੀ ਬਹੁਤ ਲੋੜ ਹੈ। ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਹ ਵੀ ਪੱਖ ਰੱਖਣਾ ਚਾਹੀਦਾ ਹੈ ਕਿ ਕਿਹੜੀਆਂ ਗੌਰਮਿੰਟ ਸਕੀਮਾਂ ਨੂੰ ਅਸੀਂ ਪੂਰੀਆਂ ਇੰਪਲੀਮੈਂਟ ਨਹੀਂ ਕਰ ਪਾਏ ਅਤੇ ਜੇਕਰ ਨਹੀਂ ਇੰਪਲੀਮੈਂਟ ਕਰ ਪਾਏ ਤਾਂ ਉਸ ਦੇ ਕੀ ਕਾਰਨ ਹਨ? ਇਸ ਤੋਂ ਇਲਾਵਾ ਪੰਜਾਬ ਗੌਰਮਿੰਟ ਦੇ ਜਿਹੜੇ ਡਿਗਰੀ ਕਾਲਜ ਹਨ, ਉਹ 64 ਹਨ, ਉਨ੍ਹਾਂ ਵਿੱਚ ਕੁੱਲ 93 ਪ੍ਰੋਫੈਸਰ ਪੱਕੇ ਹਨ ਅਤੇ ਬਾਕੀ ਗੈਸਟ ਫੈਕਲਿਟੀ ਸਟਾਫ ਹੈ। ਪੰਜਾਬੀ ਦੇ 05, ਮੈਥ 02, ਇੰਸਟਰੂਮੈਂਟੇਸ਼ਨ ਦਾ 01, ਇਕਨਾਮਿਕਸ ਦੇ 04 ਅਤੇ ਪਬਲਿਕ ਐਡਮਨਿਸਟਰੇਸ਼ਨ ਦੇ 00 ਹੈ। ਸੋ, ਆਪਾਂ ਐਜੂਕੇਸ਼ਨ ਦਾ ਪੱਧਰ ਉੱਪਰ ਚੁੱਕਾ ਹੈ ਪਰੰਤੂ ਪ੍ਰੋਫੈਸਰ ਸਾਡੇ ਕੋਲ ਪੱਕੇ ਭਰਤੀ ਨਹੀਂ ਹਨ। ਸਰ, ਕੇਸ ਕਈ ਦਿਨਾਂ ਤੋਂ ਚੱਲ ਰਿਹਾ ਸੀ ਅਤੇ ਮਨਿਸਟਰ ਸਾਹਿਬ ਨੇ ਵੀ ਦੱਸਿਆ ਹੈ । ਸੁਪਰੀਮ ਕੋਰਟ ਵੱਲੋਂ ਕਹੇ ਨੂੰ ਵੀ ਅੱਜ ਚਾਰ-ਪੰਜ ਮਹੀਨੇ ਹੋ ਗਏ ਹਨ ਕਿ ਇਨ੍ਹਾਂ ਦੀ ਭਰਤੀ ਕੀਤੀ ਜਾਵੇ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮਹੀਨੇ ਤਿੰਨ ਰਹਿ ਗਏ ਹਨ, ਉਨ੍ਹਾਂ ਤੋਂ ਪਹਿਲਾਂ-ਪਹਿਲਾਂ ਡਿਗਰੀ ਕਾਲਜਾਂ ਵਿੱਚ ਪੂਰਾ ਸਟਾਫ ਰੱਖਿਆ ਜਾਵੇ ਕਿਉਂਕਿ ਜਿਹੜੇ ਗੈਸਟ ਫੈਕਲਿਟੀ ਵਾਲਾ ਕੰਮ ਹੈ, ਇਸ ਬਾਰੇ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਗੈਸਟਾਂ ਦਾ ਕਿੰਨਾ-ਕੁ ਇੰਟਰੈਸਟ ਹੁੰਦਾ ਹੈ। ਸੋ, ਸੂਬੇ ਵਿੱਚ ਕੁਆਲਿਟੀ ਆਫ ਐਜੂਕੇਸ਼ਨ, ਸਟੂਡੈਂਟਸ ਰਾਈਟਸ ਅਤੇ ਸਟੂਡੈਂਟਸ ਦੀਆਂ ਰਿਕੁਆਇਰਮੈਂਟ ਨੂੰ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇ ਅਤੇ ਸੂਬੇ ਵਿੱਚ ਪੱਕੇ ਪ੍ਰੋਫੈਸਰ ਵੀ ਭਰਤੀ ਕੀਤੇ ਜਾਣ। ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪ੍ਰੋਫੈਸਰ ਗੱਜਣਮਾਜਰਾ ਜੀ ਵੱਲੋਂ ਲਿਆਂਦੇ ਗਏ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਸਰ, ਕਈ ਵਾਰੀ ਮਤੇ ਅਜਿਹੇ ਆਉਂਦੇ ਹਨ, ਜਿਹੜੇ ਪਾਰਟੀ ਲਾਈਨ ਤੋਂ ਉੱਪਰ ਉੱਠ ਕੇ ਅਤੇ ਪੰਜਾਬ ਦੇ ਹਿੱਤ ਵਿੱਚ ਹੁੰਦੇ ਹਨ। ਇਸ ਲਈ ਸਾਨੂੰ ਆਉਣ

ਵਾਲੀ ਪੀੜ੍ਹੀ ਲਈ ਸਕਾਰਾਤਮਕ ਡਿਸਕਸ਼ਨ ਕਰਨ ਦੀ ਲੋੜ ਹੈ। ਮੇਰੇ ਤੋਂ ਪਹਿਲਾਂ ਤਿੰਨ ਬਹੁਤ ਉੱਘੀਆਂ ਸ਼ਖਸੀਅਤਾਂ ਸਰਦਾਰ ਪਰਗਟ ਸਿੰਘ ਜੀ, ਸਰਦਾਰ ਸੁਖਪਾਲ ਸਿੰਘ ਖਹਿਰਾ ਅਤੇ ਰਾਣਾ ਇੰਦਰ ਪ੍ਰਤਾਪ ਜੀ ਬੋਲ ਚੁੱਕੇ ਹਨ ਅਤੇ ਇਨ੍ਹਾਂ ਸਾਰਿਆਂ ਨੇ ਬਹੁਤ ਹੀ ਮਹੱਤਵਪੂਰਨ ਗੱਲਾਂ ਕੀਤੀਆਂ ਹਨ। ਰਾਣਾ ਜੀ ਨੇ ਜਿਹੜੀ ਇਲੈਕਸ਼ਨ ਦੀ ਗੱਲ ਕੀਤੀ ਹੈ, ਉਸ ਦੀ ਮੈਂ ਤਾਈਦ ਵੀ ਕਰਦਾ ਹਾਂ।

**ਕਿਰਤ ਮੰਤਰੀ (ਬੈਠੇ-ਬੈਠੇ):** ਅਸੀਂ ਦੋ ਨੂੰ ਸ਼ਖਸੀਅਤਾਂ ਮੰਨ ਲੈਂਦੇ ਹਾਂ ਪਰ ਇੱਕ ਨੂੰ ਨਹੀਂ ਮੰਨਦੇ ਹਾਂ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਤੁਸੀਂ ਨਾ ਮੰਨੋ ਜੀ ਪਰ ਵਜ਼ੀਰ ਸਾਹਿਬ, ਤੁਹਾਨੂੰ ਵੀ ਪਾਰਟੀ ਪੱਧਰ ਤੋਂ ਉੱਪਰ ਉਠਣਾ ਚਾਹੀਦਾ ਹੈ।

**ਸ੍ਰੀ ਗੁਰਲਾਲ ਘਨੌਰ (ਬੈਠੇ-ਬੈਠੇ):** ਉਨ੍ਹਾਂ ਕੀ ਯੋਗਦਾਨ ਪਾਇਆ ਹੈ।

**ਮਾਣਯੋਗ ਸਪੀਕਰ:** ਰਨਿੰਗ ਕੁਮੈਂਟਰੀ ਨਾ ਕੀਤੀ ਜਾਵੇ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਚਲੋ, ਕੋਈ ਨਾ ਜੀ। ਤੁਹਾਡੀ ਮਿਹਰਬਾਨੀ। ਸਪੀਕਰ ਸਾਹਿਬ, ਬਹੁਤ ਜ਼ਰੂਰੀ ਹੈ ਕਿ ਨੈਕਸਟ ਪਾਲੀਟੀਸ਼ਨ ਆਪਾਂ ਚੁਣੇ ਹੋਏ ਨੁਮਾਇੰਦੇ ਬੈਠੇ ਹਾਂ। ਇਹ ਸਭ ਤੋਂ ਪਹਿਲੀ ਪੌੜੀ ਸਕੂਲ ਅਤੇ ਯੂਨੀਵਰਸਿਟੀਜ਼ ਤੋਂ ਸ਼ੁਰੂ ਹੁੰਦੀ ਹੈ। ਸੋ, ਇਸ ਚੀਜ਼ ਨੂੰ ਜ਼ਰੂਰ ਇੰਪਲੀਮੈਂਟ ਕਰਨਾ ਚਾਹੀਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੇ ਕੋਲ ਹੈਲਥ ਲਈ ਬਲੱਡ ਬੈਂਕਸ ਹਨ ਪਰੰਤੂ ਬੁੱਕ ਬੈਂਕਸ ਨਹੀਂ ਹਨ। ਸਾਡੇ ਪ੍ਰੀ-ਪ੍ਰਾਇਮਰੀ, ਸੈਕੰਡਰੀ ਅਤੇ ਹਾਇਰ ਐਜੂਕੇਸ਼ਨ ਵਿੱਚ ਬੁੱਕ ਬੈਂਕਸ ਹੋਣੇ ਜ਼ਰੂਰੀ ਹਨ। ਸਰ, ਮੈਂ ਨਾਰਵੇ ਦੀ ਗੱਲ ਪਰਸੋਂ ਵੀ ਕੀਤੀ ਸੀ। ਨਾਰਵੇ ਵਿੱਚ ਇੱਕ ਬੱਚਾ ਲਗਭਗ non-curriculum books ਸਾਲ ਵਿੱਚ ਸੱਤ ਪੜ੍ਹਦਾ ਹੈ।

**1420/Gurpreet kaur**

ਮੇਰੇ ਕੋਲ ਹਿੰਦੁਸਤਾਨ ਦਾ ਡਾਟਾ ਨਹੀਂ ਹੈ। ਖਾਸ ਕਰਕੇ ਪੰਜਾਬ ਦਾ ਡਾਟਾ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਉਹ ਇੱਕ ਤੋਂ ਵੀ ਘੱਟ ਹੋਵੇਗੀ। ਇਹ ਬਹੁਤ ਜ਼ਿਆਦਾ ਜ਼ਰੂਰੀ ਹੈ ਕਿ ਅਸੀਂ ਬੁੱਕ ਬੈਂਕ ਬਣਾਈਏ।Curricular ਜਰੂਰ ਬਣ ਜਾਂਦੀ ਹੈ। Non-curricular ਉਹ ਬਣਾਉਣੀ ਬਹੁਤ ਜ਼ਰੂਰੀ ਹੈ। ਸਾਨੂੰ ਇਹ ਜ਼ਰੂਰਤ ਕਿ ਸਾਨੂੰ ਆਪਣੇ ਬੱਚੇ ਮੋਬਾਈਲਜ਼ ਤੋਂ, ਵੀਡੀਓ ਗੇਮਜ਼ ਤੋਂ ਹਟਾ ਕੇ ਉਨ੍ਹਾਂ ਦੀ ਤੰਦਰੁਸਤੀ ਵਾਸਤੇ ਜਿਵੇਂ ਸਰਦਾਰ ਪਰਗਟ ਸਿੰਘ ਜੀ ਨੇ ਗੱਲ ਕੀਤੀ, ਸਾਡੇ ਬਹੁਤ ਹੀ ਸਤਿਕਾਰਯੋਗ ਗੁਰਲਾਲ ਜੀ ਵੀ ਐਮ.ਐਲ.ਏ. ਹਨ, ਉਨ੍ਹਾਂ ਨੇ ਵੀ ਗੱਲ ਕੀਤੀ ਕਿ ਅਸੀਂ ਉਨ੍ਹਾਂ ਨੂੰ ਖੇਡਾਂ ਵੱਲ ਜ਼ਰੂਰ ਪ੍ਰੋਤਸਾਹਿਤ ਕਰਨਾ ਹੈ। ਸਪੀਕਰ ਸਾਹਿਬ, ਤੁਸੀਂ ਹੱਸ ਰਹੇ ਹੋ। ਟਾਈਮ ਥੋੜ੍ਹਾ ਜ਼ਿਆਦਾ ਦੇ ਦਿਓ।

**ਮਾਣਯੋਗ ਸਪੀਕਰ:** ਮੈਨੂੰ ਨਾ ਫਰੈਂਡਜ਼ ਯਾਦ ਆ ਗਏ ਸਨ। ਅੱਜਕੱਲ੍ਹ ਫਰੈਂਡਜ਼ ਵੀ ਇੰਸਟਾਗ੍ਰਾਮ ਤੇ ਆ ਗਏ। ਤੁਸੀਂ ਮੋਬਾਈਲਾਂ ਤੋਂ ਕਿਵੇਂ ਹਟਾ ਸਕਦੇ ਹੋ, ਮੋਬਾਈਲਾਂ ਤੇ ਹੀ ਪੜ੍ਹਾਈ ਜਾਓ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਹਰ ਸਕੂਲ ਵਿੱਚ ਬੁੱਕ ਬੈਂਕ ਹੋਣਾ ਜ਼ਰੂਰੀ ਹੈ। ਆਪਣੀ ਵਿਧਾਨ ਸਭਾ ਦੀ ਲਾਇਬ੍ਰੇਰੀ ਕਮੇਟੀ ਵੀ ਬਣੀ ਹੋਈ ਹੈ, ਜਿਹੜੀਆਂ ਕਿਤਾਬਾਂ ਇਸ ਹਾਊਸ ਵਿੱਚ ਹਨ, ਅਸੀਂ ਉਨ੍ਹਾਂ ਬਾਰੇ ਡਿਸਕਸ ਕਰ ਸਕਦੇ ਹਾਂ। ਉਸ ਦਾ ਵੀ ਵਿਸਤ੍ਰੀਕਰਨ ਕਰੀਏ, ਉਸ ਨੂੰ ਵੱਡਾ ਕਰਵਾਈਏ ਤਾਂ ਕਿ ਹਰੇਕ ਸਕੂਲ ਵਿੱਚ ਜਾ ਕੇ ਚੈੱਕ ਕਰ ਸਕੀਏ ਕਿ ਕਿਹੜੀ ਕਿਹੜੀ ਬੁੱਕਸ ਉਪਲਬਧ ਹੈ ਅਤੇ ਕਿਹੜੀਆਂ ਕਿਹੜੀਆਂ ਬੁੱਕਸ ਉੱਥੇ ਲੋੜਵੰਦ ਹਨ। ਵਜ਼ੀਰ ਸਾਹਿਬ ਨੇ ਵੀ ਗੱਲ ਕੀਤੀ ਹੈ। ਮੈਂ ਵਜ਼ੀਰ ਸਾਹਿਬ ਨੂੰ ਮੁਬਾਰਕਬਾਦ ਵੀ ਦਿੰਦਾ ਹਾਂ। ਇਹ ਅੱਜ ਤੱਕ ਦੇ ਇਤਿਹਾਸ ਵਿੱਚ ਯੰਗੈਸਟ ਵਜ਼ੀਰ ਹੋਣਗੇ। ਇਨ੍ਹਾਂ ਵਿੱਚ ਜਜ਼ਬਾ ਹੈ। ਅਸੀਂ ਇਸ ਗੱਲ ਦੀ ਤਸਦੀਕ ਕਰਦੇ ਹਾਂ। ਜਿਹੜਾ ਜਜ਼ਬਾ ਲਿਆਂਦਾ ਹੈ, ਉਹ ਕੰਮ ਕਰਨਾ ਵੀ ਚਾਹੁੰਦਾ ਹੈ ਅਤੇ ਕੰਮ ਕਰਦੇ ਗਲਤੀਆਂ ਵੀ ਹੋ ਜਾਂਦੀਆਂ ਹਨ। ਮੈਂ ਕੱਲ੍ਹ ਵੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਅਗਰ ਬੱਚੇ ਘਟਣ ਵਿੱਚ ਕੋਈ ਵੀ ਗੱਲ ਹੈ, ਜੇਕਰ ਇੱਕ ਬੱਚਾ ਵੱਧ ਜਾਂ ਘੱਟ ਹੋਇਆ ਹੋਵੇ ਤਾਂ ਇਸ ਸਬੰਧੀ ਜਵਾਬ ਸਾਡੇ ਵੱਲੋਂ ਨਹੀਂ, ਇਸ ਸਬੰਧੀ ਜਵਾਬ ਸਰਕਾਰ ਵੱਲੋਂ ਆਇਆ ਸੀ। ਜੇਕਰ ਇਸ ਵਿੱਚ ਕੁਝ ਗਲਤ ਹੋਇਆ ਹੋਵੇ ਤਾਂ ਹਾਊਸ ਵਿੱਚ ਵਜ਼ੀਰ ਸਾਹਿਬ ਖੜ੍ਹੇ ਹੋ ਕੇ ਉਸ ਦੀ ਤਸਦੀਕ ਕਰ ਦੇਣ ਕਿ ਜਿਹੜੀ ਗੱਲ ਹਾਊਸ ਵਿੱਚ ਕੀਤੀ ਗਈ ਹੈ, ਇਹ ਮੈਂਬਰ ਸਾਹਿਬ ਵੱਲੋਂ ਗਲਤ ਗੱਲ ਕੀਤੀ ਗਈ ਹੈ ਅਤੇ ਬੱਚਿਆਂ ਦੀ ਸਹੀ ਗਿਣਤੀ ਇੰਨੀ ਹੈ। ਏਡਿਡ ਸਕੂਲ ਦਾ ਇੱਕ ਬਹੁਤ ਪੁਰਾਣਾ ਕੰਸੈਪਟ ਚੱਲਿਆ ਆ ਰਿਹਾ ਸੀ। ਮੇਰੇ ਹਲਕੇ ਵਿੱਚ ਸਾਂਈ ਦਾਸ ਸਕੂਲ ਹੈ। ਉਹ ਲਗਭਗ 100 ਸਾਲ ਪੁਰਾਣਾ ਹੈ। ਉਸ ਸਕੂਲ ਵਿੱਚੋਂ ਪੰਜਾਬ ਵਿੱਚ ਸਭ ਤੋਂ ਵੱਧ ਲਗਭਗ 97 ਆਈ.ਐਸ., ਆਈ.ਪੀ.ਐਸ. ਬਣੇ ਹਨ। ਉਸ ਵਿੱਚ ਪਰਮਾਨੈਂਟ ਟੀਚਰਜ਼ ਦੀ ਗਿਣਤੀ ਘਟ ਕੇ less than 5 ਹੋ ਗਈ ਹੈ। ਜਿਹੜੇ ਟੀਚਰ ਸਨ ਉਹ 2-3 ਸਾਲਾਂ ਵਿੱਚ ਰਿਟਾਇਰ ਹੋ ਜਾਣਗੇ ਅਤੇ ਫਿਰ ਉਹ ਸਕੂਲ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾਵੇਗਾ। ਮੇਰੇ ਹਲਕੇ ਵਿੱਚ 07 ਏਡਿਡ ਸਕੂਲ ਹਨ। ਉਨ੍ਹਾਂ ਵਿੱਚ ਜਲਦ ਤੋਂ ਜਲਦ ਭਰਤੀ ਸ਼ੁਰੂ ਕੀਤੀ ਜਾਵੇ। ਸਾਡੇ ਐਜੁਕੇਸ਼ਨ ਸਿਸਟਮ ਵਿੱਚ ਬਹੁਤ ਵੱਡਾ ਨਾਸੂਰ ਹੈ। ਸਰ, ਦੋ ਮਿੰਟ ਦਾ ਸਮਾਂ ਦੇ ਦਿਓ।

**ਮਾਣਯੋਗ ਸਪੀਕਰ:** ਬੱਸ ਹੋ ਗਿਆ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਅੱਜ ਤਾਂ ਲੜਾਈ ਵਾਲੀ ਵੀ ਕੋਈ ਗੱਲ ਨਹੀਂ ਕੀਤੀ।

**ਮਾਣਯੋਗ ਸਪੀਕਰ:** ਹੁਣ ਕਨਕਲੂਡ ਕਰੋ। ਹੁਣ ਸਮਾਂ ਨਹੀਂ ਹੈ। ਧੰਨਵਾਦ ਜੀ। ਸਰਦਾਰ ਹਰਭਜਨ ਸਿੰਘ ਜੀ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਤੁਸੀਂ ਅੱਜ ਮੈਨੂੰ ਇੱਕ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ। ਸਰ, ਜਦੋਂ ਸਿੱਖਿਆ ਤੇ ਗੱਲ ਹੋ ਰਹੀ ਸੀ ਉਦੋਂ ਮੈਂ ਇਮੋਸ਼ਨਲ ਹੋ ਰਿਹਾ ਸੀ ਕਿਉਂਕਿ ਮੈਂ ਅੱਜ ਇਸ ਪਾਸੇ ਸਿੱਖਿਆ ਕਰਕੇ ਹੀ ਖੜ੍ਹਾ ਹਾਂ। ਸਰ, ਮਾਣਯੋਗ ਮੁੱਖ ਮੰਤਰੀ

ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਸਰਦਾਰ ਹਰਜੋਤ ਸਿੰਘ ਬੈਂਸ ਨੇ ਜੋ ਸਿੱਖਿਆ ਕ੍ਰਾਂਤੀ ਦੇ ਤਹਿਤ ਪੰਜਾਬ ਵਿੱਚ ਕੀਤਾ ਹੈ ਇਹ ਬਹੁਤ ਹੀ ਸ਼ਲਾਘਾਯੋਗ ਹੈ। ਸਰ, ਮੇਰੀ ਸਾਰੀ ਪੜ੍ਹਾਈ ਸਰਕਾਰੀ ਸਕੂਲਾਂ ਦੀ ਹੈ। ਮੈਂ ਇੱਕ ਦਿਨ ਵੀ ਕਿਸੇ ਪ੍ਰਾਈਵੇਟ ਸਕੂਲ ਵਿੱਚ ਜਾ ਕੇ ਨਹੀਂ ਦੇਖਿਆ ਪਰ ਜਿੰਨੀ ਤਬਦੀਲੀ ਇਨ੍ਹਾਂ 04 ਸਾਲਾਂ ਵਿੱਚ ਸਕੂਲਾਂ ਵਿੱਚ ਜਾਂ ਸਿੱਖਿਆ ਦੇ ਖੇਤਰ ਵਿੱਚ ਹੋਈ ਹੈ, ਮੈਂ ਇਹ ਕਦੇ ਆਪਣੀ ਜ਼ਿੰਦਗੀ ਵਿੱਚ ਨਹੀਂ ਦੇਖਿਆ। ਮੇਰੇ ਹਲਕੇ ਵਿੱਚ 163 ਸਰਕਾਰੀ ਸਕੂਲ ਹਨ ਜਿਸ ਵਿੱਚ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ। ਸਰ, ਮੈਂ ਇੱਕ ਇੱਕ ਸਕੂਲ ਵਿੱਚ ਨਿੱਜੀ ਤੌਰ ਤੇ ਜਾ ਕੇ ਵੀ ਦੇਖਿਆ ਹੈ। ਮੈਂ ਸਾਰੇ 163 ਸਕੂਲ ਦੇਖੇ ਹਨ ਅਤੇ ਉਨ੍ਹਾਂ ਵਿੱਚ ਜੋ ਵੀ ਕੁਝ ਮੁਸ਼ਕਿਲਾਂ ਸਨ, ਮੈਂ ਉਨ੍ਹਾਂ ਨੂੰ ਆਪ ਇੰਪਲੀਮੈਂਟ ਕਰਵਾਇਆ ਹੈ।

**1425/Kuldeep kaur**

ਮੇਰੇ ਹਲਕੇ ਦਾ ਇੱਕੋ ਇੱਕ ਸਿਰਫ ਲੜਕੀਆਂ ਦਾ ਸੀਨੀਅਰ ਸੈਕੰਡਰੀ ਸਕੂਲ ਸੀ। ਸਾਡੀਆਂ ਕੁੜੀਆਂ, ਬੱਚੀਆਂ, ਧੀਆਂ ਅਤੇ ਭੈਣਾਂ ਉੱਥੇ ਪੜ੍ਹਦੀਆਂ ਸਨ। ਸਭ ਤੋਂ ਪਹਿਲਾਂ ਤਾਂ ਉਸ ਸਕੂਲ ਨੂੰ ਸਕੂਲ ਆਫ ਐਮੀਨੈਂਸ ਲਈ ਚੁਣਿਆ ਗਿਆ ਕਿ ਸਕੂਲ ਆਫ ਐਮੀਨੈਂਸ ਉਸ ਸਕੂਲ ਨੂੰ ਬਣਾਇਆ ਜਾਵੇਗਾ, ਜਿਹੜਾ ਬੱਚੀਆਂ ਦਾ ਸਕੂਲ ਹੋਵੇ। ਅੱਜ ਖਾਸ ਤੌਰ ਤੇ ਇਸ ਸਾਈਡ ਤੋਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਇੱਕ ਗੱਲ ਹੋ ਰਹੀ ਸੀ ਕਿ ਕੁੜੀਆਂ ਅਤੇ ਮੁੰਡਿਆਂ ਦੀ ਗਿਣਤੀ ਵਿੱਚ ਕੋਈ ਡਿਫਰੈਂਸ ਆ ਰਿਹਾ ਸੀ। ਉਦੋਂ ਵੀ ਮੇਰਾ ਮਨ ਭਰ ਰਿਹਾ ਸੀ। ਅਸੀਂ ਜਦੋਂ ਤੱਕ ਆਪਣੀਆਂ ਧੀਆਂ ਨੂੰ ਸਿੱਖਿਅਤ ਨਹੀਂ ਕਰਦੇ, ਉਦੋਂ ਤੱਕ ਸਾਡਾ ਸਮਾਜ ਤਰੱਕੀ ਨਹੀਂ ਕਰ ਸਕਦਾ। ਬਾਬਾ ਸਾਹਿਬ, ਅੰਬੇਦਕਰ ਸਾਹਿਬ ਨੇ ਵੀ ਕਿਹਾ ਸੀ ਕਿ ਜੇ ਕਿਸੇ ਸੁਸਾਇਟੀ ਦੀ ਤਰੱਕੀ ਨੂੰ ਦੇਖਣਾ ਹੈ ਤਾਂ ਉਸ ਇਲਾਕੇ ਦੀਆਂ, ਉਸ ਸੂਬੇ ਦੀਆਂ ਅਤੇ ਉਸ ਦੇਸ਼ ਦੀਆਂ ਲੜਕੀਆਂ ਦੀ ਪ੍ਰੋਗਰੈੱਸ ਦੇਖਣੀ ਚਾਹੀਦੀ ਹੈ। ਸਰ, 2022 ਵਿੱਚ ਮਾਰਚ ਵਿੱਚ ਜਦੋਂ ਮਾਨ ਸਾਹਿਬ ਦੀ ਸਰਕਾਰ ਬਣੀ ਸੀ, ਉਸ ਵੇਲੇ ਮੈਂ ਆਪਣੇ ਜ਼ਿਲ੍ਹੇ ਦੇ ਡਿਸਟ੍ਰਿਕਟ ਐਜੂਕੇਸ਼ਨ ਅਫਸਰ ਨੂੰ ਪੁੱਛਿਆ ਕਿ ਮੈਨੂੰ ਇੱਕ ਲਿਸਟ ਪ੍ਰੋਵਾਈਡ ਕੀਤੀ ਜਾਵੇ ਕਿ ਮੇਰੇ ਹਲਕੇ ਦੇ ਕਿੰਨੇ ਬੱਚੇ more than 80% marks ਲੈ ਕੇ ਆਏ ਹਨ। ਬਦਕਿਸਮਤੀ ਨਾਲ ਮੈਨੂੰ ਕੋਈ ਲਿਸਟ ਪ੍ਰੋਵਾਈਡ ਨਹੀਂ ਹੋਈ। ਕੋਈ ਵੀ ਬੱਚਾ ਸਰਕਾਰੀ ਸਕੂਲ ਦਾ ਨਹੀਂ ਸੀ ਜਿਸ ਨੇ 80% ਨੰਬਰ ਲਿਆਂਦੇ ਹੋਣ। ਮੈਂ ਸੋਚਿਆ ਕਿ ਲੋਕਾਂ ਨੇ ਮੇਰੇ ਤੇ ਇੰਨਾ ਵਿਸ਼ਵਾਸ ਕਰਕੇ ਮੈਨੂੰ ਇਸ ਮੁਕੱਦਸ ਹਾਊਸ ਵਿੱਚ ਭੇਜਿਆ ਹੈ। ਹਲਕਾ ਵਿਧਾਇਕ ਹੋਣ ਦੇ ਨਾਤੇ ਮੇਰੀ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਬਣਦੀ ਹੈ ਕਿ ਮੈਂ ਆਪਣੇ ਬੱਚਿਆਂ ਦਾ ਧਿਆਨ ਰੱਖਾਂ। ਮੈਂ ਹਰ ਇੱਕ ਸਕੂਲ ਵਿਜ਼ਿਟ ਕੀਤਾ ਅਤੇ ਸਾਲ 2023 ਵਿੱਚ ਜਦੋਂ ਬੋਰਡ ਦੀਆਂ ਕਲਾਸਾਂ ਦੇ ਰਿਜ਼ਲਟ ਆਏ ਤਾਂ ਮੈਂ ਬੱਚਿਆਂ ਦੀ ਪ੍ਰੋਗਰੈਸ ਬਾਰੇ ਪੁੱਛਿਆ। 250 ਬੱਚੇ ਇੱਕ ਸਾਲ ਵਿੱਚ more than 80% marks ਲੈ ਕੇ ਆਏ ਸਨ। ਮੈਂ ਸਾਰੇ ਬੱਚਿਆਂ ਨੂੰ ਬੁਲਾਇਆ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਐਸ.ਐਸ.ਪੀ. ਸਾਹਿਬ, ਪੁਲਿਸ ਕਮਿਸ਼ਨਰ newly recruited ਜਿੰਨੇ ਆਈ.ਏ.ਐਸ., ਆਈ.ਪੀ.ਐਸ ਅਧਿਕਾਰੀ ਸਨ, ਉਨ੍ਹਾਂ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਸਾਡੇ ਬੱਚਿਆਂ ਨਾਲ ਇੰਟਰੈਕਸ਼ਨ ਕਰੋ। ਜਦੋਂ ਇੰਟਰੈਕਸ਼ਨ ਕਰੋਗੇ ਤਾਂ ਇਨ੍ਹਾਂ ਨਾਲ ਆਪਣੀਆਂ ਸਕਸੈੱਸ ਸਟੋਰੀਜ਼ ਸ਼ੇਅਰ ਕਰੋ। ਫਿਰ ਸਰ, ਉਨ੍ਹਾਂ ਨੇ ਜਦੋਂ ਸਟੋਰੀਜ਼

ਸ਼ੇਅਰ ਕੀਤੀਆਂ ਤਾਂ ਬੱਚੇ ਬਹੁਤ ਪ੍ਰਭਾਵਿਤ ਹੋਏ। Next year, ਇਹ ਗਿਣਤੀ ਹਮੇਸ਼ਾ ਵਧਦੀ ਗਈ ਅਤੇ ਜਦੋਂ ਇਸ ਸਾਲ ਪ੍ਰੋਗਰਾਮ ਕਰਵਾਇਆ ਤਾਂ ਜੰਡਿਆਲਾ ਗੁਰੂ ਹਲਕੇ ਦੇ 509 ਬੱਚਿਆਂ ਦੇ more than 90% marks ਆਏ ਸਨ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਸਰਦਾਰ ਹਰਜੋਤ ਸਿੰਘ ਬੈਂਸ। ਇੱਕ ਮਿੰਟ ਵਿੱਚ ਕਨਕਲੂਡ ਕਰ ਲਵੋ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਮਾਣਯੋਗ ਸਪੀਕਰ ਸਾਹਿਬ ਜਿਵੇਂ ਇਸ ਮਤੇ ਦੇ ਉੱਤੇ ਬੜੀ ਸਾਕਾਰਾਤਮਕ, ਬੜੀ ਪਾਜ਼ੀਟਿਵ ਚਰਚਾ ਹੋਈ ਹੈ ਅਤੇ ਬਹੁਤ ਮਾਣਯੋਗ ਮੈਂਬਰਾਂ ਵੱਲੋਂ ਬਹੁਤ ਚੰਗੇ ਚੰਗੇ ਸੁਜੈਸ਼ਨਜ਼ ਦਿੱਤੇ ਗਏ ਹਨ। ਸਾਡੀ ਸਰਕਾਰ, ਮਾਨ ਸਰਕਾਰ ਸਿੱਖਿਆ ਵਿੱਚ ਹਰ ਤਰ੍ਹਾਂ ਦੇ ਸੁਧਾਰ ਲੈ ਕੇ ਆਉਣ ਲਈ committed ਹੈ। ਮੈਂ ਇੱਕ ਇਹ ਗੱਲ ਵੀ ਕਹਿਣਾ ਚਾਹੁੰਦਾ ਹਾਂ ਜਿਵੇਂ ਲਾਇਬ੍ਰੇਰੀਜ਼ ਦੀ ਗੱਲ ਹੋਈ ਹੈ, ਬਹੁਤ ਸਾਰੀਆਂ ਰੂਰਲ ਲਾਇਬ੍ਰੇਰੀਆਂ ਪੂਰੇ ਪੰਜਾਬ ਵਿੱਚ ਬਣ ਰਹੀਆਂ ਹਨ, ਮੇਰੇ ਹਲਕੇ ਵਿੱਚ 15 ਲਾਇਬ੍ਰੇਰੀਆਂ ਬਣ ਰਹੀਆਂ ਹਨ। ਬਠਿੰਡੇ ਦੀ ਲਾਇਬ੍ਰੇਰੀ, ਰੋਪੜ ਦੀ ਲਾਇਬ੍ਰੇਰੀ ਬਣ ਰਹੀ ਹੈ। ਅਸੀਂ ਇਨ੍ਹਾਂ ਲਾਇਬ੍ਰੇਰੀਆਂ ਨੂੰ ਦੁਬਾਰਾ ਸੁਰਜੀਤ ਕੀਤਾ ਹੈ। ਉੱਥੇ competitive exams ਦੀਆਂ ਤਿਆਰੀਆਂ ਵੀ ਹੁੰਦੀਆਂ ਹਨ, ਕਿਤਾਬਾਂ ਵੀ ਮੌਜੂਦ ਹਨ। ਹਰ ਸਕੂਲ ਨੂੰ ਵੀ ਲਾਇਬ੍ਰੇਰੀ ਲਈ ਸਪੈਸ਼ਲ ਗ੍ਰਾਂਟ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇੱਕ ਚੀਜ਼ ਮੈਂ ਜ਼ਰੂਰ ਮੈਨਸ਼ਨ ਕਰਨਾ ਚਾਹੁੰਦਾ ਹਾਂ ਕਿ ਸਿੱਖਿਆ ਦੇ ਉੱਤੇ ਬੜੀ ਸਾਕਾਰਾਤਮਕ ਚਰਚਾ ਹੋਈ ਹੈ। ਇਹ ਹੀ ਡੈਮੋਕ੍ਰੇਸੀ ਦੀ ਖ਼ੂਬਸੂਰਤੀ ਹੈ ਕਿ ਇੱਧਰੋਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵੀ ਚੰਗੇ ਸੁਜੈਸ਼ਨਜ਼ ਆਉਣ ਅਤੇ ਇੱਧਰੋਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਜਵਾਬ ਆਵੇ ਪਰ ਜਦੋਂ ਐਜੂਕੇਸ਼ਨ ਦੇ ਉੱਤੇ ਬੱਚਿਆਂ ਦੇ ਭਵਿੱਖ ਬਾਰੇ ਚਰਚਾ ਹੋ ਰਹੀ ਹੈ ਕਿ ਬੱਚਿਆਂ ਦੀ civic sense ਕਿਵੇਂ better ਕੀਤੀ ਜਾ ਸਕਦੀ ਹੈ, ਬੱਚਿਆਂ ਨੂੰ ਨਸ਼ਿਆਂ ਤੋਂ ਕਿਵੇਂ ਦੂਰ ਕੀਤਾ ਜਾ ਸਕਦਾ ਹੈ। ਆਪਾਂ ਇਸ ਸਮੇਂ ਇਸ ਹਾਊਸ ਦੀ ਅਟੈਂਡੈਂਸ ਦੇਖੀਏ। ਸਿਰਫ ਆਪਣੇ ਬੋਲਣ ਲਈ ਆਪਣੀ ਵੀਡੀਓ ਬਣਾਉਣ ਲਈ ਬੰਦੇ ਆਉਂਦੇ ਹਨ। ਮੈਂ ਆਪਣੇ ਆਪੋਜੀਸ਼ਨ ਦੇ ਦੋਨੋਂ ਸਾਥੀਆਂ (ਸਰਦਾਰ ਪਰਗਟ ਸਿੰਘ ਪੋਆਰ ਅਤੇ ਸ਼੍ਰੀ ਸੰਦੀਪ ਜਾਖੜ) ਦਾ ਧੰਨਵਾਦ ਕਰਦਾ ਹਾਂ। ਸਰ, ਵਿਧਾਨ ਸਭਾ ਵਿੱਚ ਆਉਣਾ ਇੱਕ ਪਾਲੀਟਿਸ਼ਨ ਲਈ ਬਹੁਤ ਔਖਾ ਹੁੰਦਾ ਹੈ।

-------

## EXTENTION OF THE TIME OF THE SITTING

**ਮਾਣਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ 10 ਮਿੰਟ ਹੋਰ ਵਧਾ ਲਿਆ ਜਾਵੇ।

(**ਆਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਸਦਨ ਦੀ ਕਾਰਵਾਈ ਦਾ ਸਮਾਂ 10 ਮਿੰਟ ਹੋਰ ਵਧਾਇਆ ਜਾਂਦਾ ਹੈ।

Unedited Version/ Not for Legal/ Official use Dated: Thursday, 6th August, 2026

------

**NON OFFICIAL RESOLUTION REGARDING INTRODUCTION OF A COMPREHENSIVE CURRICULUM FOR FOR HOLISTIC STUDENT DEVELOPMENT, STUDENT WELFARE AND FUTURE READINESS (*Resumption)***

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ।

**ਸਿੱਖਿਆ ਮੰਤਰੀ:** ਸਰ, ਮੈਂ ਇਹ ਚਾਹੁੰਦਾ ਹਾਂ ਕਿ ਅੱਜ ਤਾਂ ਵੈਸੇ ਵੀ Thursday ਹੈ, ਸਾਰਾ ਪ੍ਰਾਈਵੇਟ ਮੈਂਬਰਜ਼ ਦਾ ਦਿਨ ਹੈ ਤਾਂ ਮੈਂਬਰਾਂ ਨੂੰ ਡਿਸਕਸ਼ਨ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ। ਸਾਰੇ ਮਾਣਯੋਗ ਮੈਂਬਰਾਂ ਦੇ ਜਿਹੜੇ ਜਿਹੜੇ ਵੀ ਸੁਜੈਸ਼ਨਜ਼ ਆਏ ਹਨ, ਅਸੀਂ ਉਸ ਦੇ ਉੱਤੇ ਕੰਮ ਕਰਾਂਗੇ। ਮੈਂ ਦੁਬਾਰਾ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇੱਕ ਬਹੁਤ ਚੰਗਾ ਵਿਸ਼ਾ ਸਿੱਖਿਆ ਦੇ ਉੱਤੇ ਮਤਾ ਲੈ ਕੇ ਆਏ ਹਨ, ਜਿਸ ਤੇ ਕਿ ਆਮ ਤੌਰ ਤੇ ਬਹੁਤ ਘੱਟ ਚਰਚਾ ਹੁੰਦੀ ਹੈ। ਬਹੁਤ ਬਹੁਤ ਧੰਨਵਾਦ ਜੀ।

**1430/Pawan sharma**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

" ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਜਵਾਨੀ ਦੀ ਰੱਖਿਆ, ਨਸ਼ਿਆਂ ਤੋਂ ਦੂਰ ਰਹਿਣ, ਆਪਣੇ ਰੁਜ਼ਗਾਰ ਪੈਦਾ ਕਰਨ ਅਤੇ ਜੀਵਨ-ਜਾਂਚ ਸਿੱਖਾਉਣ ਲਈ ਵਿਸ਼ੇਸ਼ ਸਲੇਬਸ ਤਿਆਰ ਕੀਤਾ ਜਾਵੇ ਅਤੇ ਇਸ ਦੇ ਨਾਲ-ਨਾਲ ਵਿਦਵਾਨਾਂ, ਸਮਾਜ ਸੇਵਕਾਂ ਅਤੇ ਸਨਅਤਕਾਰਾਂ ਦੇ ਲੈਕਚਰਾਂ ਤੋਂ ਵਿਸ਼ੇਸ਼ ਗਿਆਨ ਦਾ ਲਾਭ ਲੈਂਦੇ ਹੋਏ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।(ਥੰਪਿੰਗ)***

-------

**2) NON-OFFICIAL RESOLUTION REGARDING RAISING OF GROUND WATER LEVEL, ENSURING WATER QUALITY AND RAIN WATER RECHARGE**

**ਮਾਣਯੋਗ ਸਪੀਕਰ**: ਅਗਲਾ ਮਤਾ। ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ. ਮਤਾ ਪੇਸ਼ ਕਰਨ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ, ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਅਤੇ ਬਰਸਾਤੀ ਪਾਣੀ ਦੇ ਧਰਤੀ ਅੰਦਰ ਰੀਚਾਰਜ ਲਈ ਵਿਸ਼ੇਸ਼ ਯੋਜਨਾਵਾਂ ਬਣਾ ਕੇ ਪ੍ਰਭਾਵਸ਼ਾਲੀ ਉਪਰਾਲੇ ਕੀਤੇ ਜਾਣ।"

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ, ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਅਤੇ ਬਰਸਾਤੀ ਪਾਣੀ ਦੇ ਧਰਤੀ ਅੰਦਰ ਰੀਚਾਰਜ ਲਈ ਵਿਸ਼ੇਸ਼ ਯੋਜਨਾਵਾਂ ਬਣਾ ਕੇ ਪ੍ਰਭਾਵਸ਼ਾਲੀ ਉਪਰਾਲੇ ਕੀਤੇ ਜਾਣ।"

ਬਹਿਸ, ਹਾਂ ਜੀ, ਪ੍ਰੋਫੈਸਰ ਗੱਜਣਮਾਜਰਾ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ):** ਮਾਣਯੋਗ ਸਪੀਕਰ ਸਾਹਿਬ, ਪਿੰਡਾਂ ਦੇ ਵਿੱਚ ਬਹੁਤ ਸਾਰੀਆਂ ਐਸੀਆਂ ਥਾਵਾਂ ਹਨ, ਜਿੱਥੇ ਸਾਡਾ ਪੇਂਡੂ ਵਿਕਾਸ ਮੰਤਰਾਲਾ, ਨਹਿਰੀ ਵਿਭਾਗ ਇਸ ਤਰ੍ਹਾਂ ਦੀਆਂ ਯੋਜਨਾਵਾਂ ਬਣਾ ਕੇ ਲੈ ਕੇ ਆਵੇ ਜਿਸ ਦੇ ਨਾਲ ਅਸੀਂ ਮੀਂਹ ਦਾ ਪਾਣੀ, ਵਾਧੂ ਪਾਣੀ, ਨਹਿਰੀ ਪਾਣੀ, ਜਦੋਂ ਉਹ ਅਸੀਂ ਖੇਤਾਂ ਵਿੱਚ ਨਹੀਂ ਵਰਤਦੇ, ਉਸ ਨੂੰ ਧਰਤੀ ਵਿੱਚ ਰੀਚਾਰਜ ਕੀਤਾ ਜਾਵੇ ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਪਾਣੀ ਦੀ ਦੁਰਵਰਤੋਂ, ਪਾਣੀ ਦੀ ਲੋੜ ਤੋਂ ਵੱਧ ਵਰਤੋਂ ਕਰਨ ਕਰਕੇ ਇਸ ਦਾ ਪੱਧਰ ਡਿੱਗ ਰਿਹਾ ਹੈ, ਜਿਸ ਦੇ ਨਾਲ ਸਾਡੇ ਪਾਣੀ ਦੇ ਬਹੁਤ ਸਾਰੇ ਢਾਂਚੇ ਟੁੱਟੇ। ਬਿਜਲੀ ਦੀਆਂ ਪਾਣੀ ਦੀ ਮੋਟਰਾਂ ਬਹੁਤ ਡੂੰਘੀਆਂ ਹੋਈਆਂ। ਬਿਜਲੀ ਦੀ ਖਪਤ ਵਧੀ, ਲੇਬਰਾਂ ਵਧੀਆਂ। ਗ਼ਰੀਬ ਬੰਦੇ ਜਿਨ੍ਹਾਂ ਕੋਲ ਬਹੁਤ ਥੋੜ੍ਹੀ ਜ਼ਮੀਨ ਸੀ, ਉਹ ਇਸ ਖ਼ਰਚੇ ਨੂੰ ਨਾ ਝੱਲਦੇ ਹੋਏ ਜ਼ਮੀਨਾਂ ਵੇਚ ਰਹੇ ਸਨ ਜਾਂ ਉਹ ਇਸ ਦੇ ਉੱਤੇ ਪਾਣੀ ਦਾ ਪ੍ਰਬੰਧ ਨਹੀਂ ਕਰ ਸਕਦੇ ਸੀ। ਤੀਸਰਾ, ਪਾਣੀ ਦੂਰ ਜਾਣ ਨਾਲ ਸਾਡੇ ਮਜ਼ਦੂਰ ਵਰਗ ਤੇ ਬਹੁਤ ਬੁਰਾ ਪ੍ਰਭਾਵ ਪਿਆ। ਸਰ, ਮੇਰੇ ਕਈ ਵਾਰੀ ਅੱਖਾਂ ਵਿੱਚ ਪਾਣੀ ਆਇਆ, ਮੇਰੇ ਘਰ ਦੇ, ਸਾਡੇ ਸਕੂਲ ਦੇ ਚਾਰੇ ਪਾਸਿਉਂ ਟੂਟੀਆਂ ਲੱਗੀਆਂ। ਅੱਜ ਤੋਂ 15-20 ਸਾਲ ਪਹਿਲਾਂ ਗ਼ਰੀਬ ਬੰਦੇ, ਮਜ਼ਦੂਰ ਆਪਣੇ ਘਰ ਵਿੱਚ ਸਬਮਰਸੀਬਲ ਮੋਟਰ ਨਹੀਂ ਲਗਾ ਸਕਦੇ ਸਨ। ਉਨ੍ਹਾਂ ਦਾ, ਜਿਵੇਂ ਪਹਿਲਾਂ ਘੜਿਆਂ ਨਾਲ ਪਾਣੀ ਢੋਂਦੇ ਸੀ, ਉਹ ਹੀ ਹਾਲ ਰਿਹਾ ਅਤੇ ਘੜਿਆਂ ਨਾਲ ਪਾਣੀ ਢੋਹਣ ਦੀ ਗੱਲ ਬਣ ਗਈ ਸੀ, ਘਰ ਨੂੰ ਲੈ ਕੇ ਜਾਂਦੇ ਸੀ। ਅਸੀਂ ਅੱਜ ਤੱਕ ਕਿਸੇ ਨੂੰ ਵੀ ਪਾਣੀ ਤੋਂ ਨਹੀਂ ਰੋਕਿਆ ਸੀ। ਉਸ ਦਾ ਕਾਰਨ ਕਿ ਪਾਣੀ ਇੰਨੇ ਡੂੰਘੇ ਵਗ ਗਏ ਸਨ ਕਿ ਸਾਡੇ ਮਜ਼ਦੂਰਾਂ ਅਤੇ ਉਨ੍ਹਾਂ ਦੀ ਸਿਹਤ ਤੇ ਅਸਰ ਪਿਆ। ਪਾਣੀ ਡੂੰਘੇ ਜਾਣ ਨਾਲ ਕਈ ਥਾਂ ਧਰਤੀ ਹੇਠੋਂ ਕਈ ਰਸਾਇਣਕ ਤੱਤ ਵੀ ਪਾਣੀ ਵਿੱਚ ਘੁਲੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਆਸ ਕਰਦਾ ਹਾਂ ਕਿ ਜੇਕਰ ਅਸੀਂ ਕੋਈ ਪ੍ਰਸਤਾਵ ਕਰੀਏ ਤਾਂ ਪੰਜਾਬ ਦੀ ਸਿਹਤ ਲਈ ਬਹੁਤ ਚੰਗਾ ਹੋਵੇਗਾ। ਧੰਨਵਾਦ ਸਪੀਕਰ ਸਾਹਿਬ।

**ਮਾਣਯੋਗ ਸਪੀਕਰ**: ਧੰਨਵਾਦ। ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ, ਬੜਾ ਹੀ ਇੰਪਾਰਟੈਂਟ ਮਤਾ ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਜੀ ਲੈ ਕੇ ਆਏ ਹਨ ਕਿ ਧਰਤੀ ਹੇਠਲਾ ਪਾਣੀ ਉੱਪਰ ਚੁੱਕਣ ਦੇ ਲਈ ਸਾਨੂੰ ਉਪਰਾਲੇ ਕਰਨੇ ਚਾਹੀਦੇ ਹਨ। ਜੇਕਰ ਮੈਂ ਪਿਛਲੇ 25-30 ਸਾਲਾਂ ਦੀ ਗੱਲ ਕਰਾਂ ਤਾਂ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਸੀ। ਹਰੇਕ ਸਾਲ ਕਿਸਾਨ ਨੂੰ ਆਪਣੀ ਮੋਟਰ/ਟਿਊਬਵੈੱਲ ਦਾ ਬਿਜਲੀ ਬੋਰਡ ਮਹਿਕਮੇ ਕੋਲ ਜਾ ਕੇ ਲੋਡ ਵਧਾਉਣਾ ਪੈਂਦਾ ਸੀ ਜਾਂ ਉਸ ਨੂੰ ਡਰਿੱਪ ਵਧਾਉਣੀ ਪੈਂਦੀ ਸੀ। ਇਹ ਪਿਛਲੇ 15-20 ਸਾਲ ਤੋਂ ਪ੍ਰਕਿਰਿਆ ਜਾਰੀ ਹੈ ਲੇਕਿਨ ਸਾਲ 2022 ਦੇ ਅੰਦਰ ਪੰਜਾਬ ਦੇ ਲੋਕਾਂ ਨੇ ਪੰਜਾਬ ਦਾ ਪੁੱਤ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਮੁੱਖ ਮੰਤਰੀ ਬਣਾਇਆ ਔਰ ਪਹਿਲੇ ਸਾਲ ਤੋਂ ਲੈ ਕੇ ਭਾਵ ਮਾਰਚ 2022 ਤੋਂ ਲੈ ਕੇ ਲਗਾਤਾਰ ਹਰੇਕ ਸਾਲ ਨਹਿਰੀ ਪਾਣੀ ਕਿਸਾਨ ਦੇ ਆਖਰੀ ਖੇਤ ਤੱਕ ਪਹੁੰਚਾਉਣ ਦਾ ਬੀੜਾ ਉਹ ਸਰਕਾਰ ਵੱਲੋਂ ਚੁੱਕਿਆ ਹੋਇਆ ਹੈ।

**1435/Beant kaur**

ਜਿਹੜੇ 50-70 ਸਾਲ ਤੋਂ ਖਾਲ ਬੰਦ ਹੋ ਚੁੱਕੇ ਸੀ, ਨਹਿਰੀ ਪਾਣੀ ਜਾਣਾ ਤਾਂ ਬਹੁਤ ਦੂਰ ਦੀ ਗੱਲ ਹੈ, ਖਾਲ ਨਹੀਂ ਲੱਭਦੇ ਹੁੰਦੇ ਸਨ, ਮੰਤਰੀ ਸਾਹਿਬ ਮੇਰੇ ਨਾਲ ਬੈਠੇ ਹਨ, ਅੱਜ ਇਨ੍ਹਾਂ ਦੇ ਐਕਸੀਅਨ, ਐਸਈ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰ ਰਹੇ ਹਨ। ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਅੰਦਰ 16,000 ਕਿ.ਮੀ. ਲੰਬੀ ਪਾਈਪਲਾਈਨ ਨਹਿਰੀ ਪਾਣੀ ਲਈ ਵਿਛਾ ਦਿੱਤੀ ਗਈ ਹੈ।(ਥੰਪਿੰਗ) ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਉਪਲਬਧੀ ਹੈ। ਇਸ ਦੇ ਨਾਲ ਹੀ 39,000 ਕਿਉਸਕ ਫੁਟ ਪਾਣੀ ਨਹਿਰਾਂ ਵਿੱਚ ਛੱਡਿਆ ਜਾ ਰਿਹਾ ਹੈ। ਸੋ, ਕਹਿਣ ਦਾ ਭਾਵ ਹੈ ਕਿ ਸਰਕਾਰ ਲਗਾਤਾਰ ਇਸ ਕੰਮ ਵਾਸਤੇ ਲੱਗੀ ਹੋਈ ਹੈ ਕਿ ਨਹਿਰੀ ਪਾਣੀ ਦੀ ਵਰਤੋਂ ਹਰੇਕ ਕਿਸਾਨ ਆਪਣੇ ਖੇਤ ਵਿੱਚ ਕਰੇ। ਇਸ ਦਾ ਬਹੁਤ ਫਾਇਦਾ ਵੀ ਹੋਇਆ ਹੈ। ਅਜਿਹਾ ਕਰਨ ਨਾਲ ਕਈ ਜਗ੍ਹਾ ਤੇ ਧਰਤੀ ਹੇਠਲਾ ਪਾਣੀ 3-5 ਮੀਟਰ ਉੱਪਰ ਆਇਆ ਹੈ। ਇਹ ਪੰਜਾਬ ਦੇ ਅੰਕੜੇ ਬੋਲਦੇ ਹਨ ਵਰਨਾ ਹਾਲਾਤ ਇਹ ਸਨ ਕਿ ਅਸੀਂ ਲਗਾਤਾਰ ਟਿਊਬਵੈਲ ਲਗਾਈ ਜਾ ਰਹੇ ਸੀ, ਜਿਸ ਨਾਲ ਧਰਤੀ ਹੇਠਲਾ ਪਾਣੀ suck ਕਰੀ ਜਾ ਰਹੇ ਸੀ। ਝੋਨੇ ਵਾਸਤੇ ਧਰਤੀ ਹੇਠਲੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਹੋ ਰਹੀ ਸੀ। ਅੱਜ ਪੰਜਾਬ ਵਿੱਚ ਵੱਡੀ ਪੱਧਰ ਤੇ ਨਹਿਰੀ ਪਾਣੀ ਦੀ ਵਰਤੋਂ ਹੋ ਰਹੀ ਹੈ। ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਦੇ ਨਾਲ ਹੀ ਕਣਕ-ਝੋਨੇ ਦੀ ਪੈਦਾਵਾਰ ਅਤੇ ਝਾੜ ਵਿੱਚ ਚੋਖਾ ਵਾਧਾ ਹੋ ਰਿਹਾ ਹੈ। ਜੇਕਰ ਮੈਂ ਪ੍ਰਤੀ ਏਕੜ ਦੀ ਗੱਲ ਕਰਾਂ, 1-2 ਕੁਇੰਟਲ ਫਸਲ ਦਾ ਝਾੜ ਵਧਿਆ ਹੈ ਕਿਉਂਕਿ ਨਹਿਰੀ ਪਾਣੀ ਵਿੱਚ ਬਹੁਤ ਸਾਰੇ ਮਿਨਰਲ ਹੁੰਦੇ ਹਨ। ਧਰਤੀ ਹੇਠਲੇ ਪਾਣੀ ਵਿੱਚ ਉਸ ਲੈਵਲ ਦੇ ਮਿਨਰਲ ਨਹੀਂ ਹੁੰਦੇ। ਮੈਂ ਸਮਝਦਾ ਹਾਂ ਕਿ ਇਸ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਵਾਤਾਵਰਣ ਨੂੰ ਬਚਾਉਣ ਲਈ ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਬਹੁਤ ਕੰਮ ਕਰ ਰਹੀ ਹੈ। ਮੰਤਰੀ ਸਾਹਿਬ ਕੋਲ ਅਜਿਹੇ ਬਹੁਤ ਅੰਕੜੇ ਹਨ, ਜਿਹੜੇ ਸਾਡੇ ਰਜਬਾਹੇ, ਛੋਟੀਆਂ ਨਹਿਰਾਂ ਖਤਮ ਹੋ ਚੁੱਕੀਆਂ ਸਨ, ਉਹ ਮੁੜ ਸੁਰਜੀਤ ਹੋਈਆਂ ਹਨ। ਇਸ ਤੋਂ ਇਲਾਵਾ ਮਾਲਵਾ ਕੈਨਾਲ ਵਾਸਤੇ ਲੈਂਡ ਐਕੁਜੀਸ਼ਨ ਦਾ ਕੰਮ ਚੱਲ ਰਿਹਾ ਹੈ। ਕਿਸਾਨ ਜਥੇਬੰਦੀਆਂ ਨਾਲ ਗੱਲ ਕਰਕੇ ਅਸੀਂ ਉਸ ਕੈਨਾਲ ਨੂੰ ਬੜੀ ਜਲਦੀ

ਹੀ ਕੱਢਾਂਗੇ। ਜਦੋਂ ਉਹ ਨਹਿਰ ਨਿਕਲੇਗੀ, ਮੈਂ ਸਮਝਦਾ ਹਾਂ ਕਿ ਹਰੀਕੇ ਪੱਤਣ ਤੋਂ ਲੈ ਕੇ ਬਠਿੰਡੇ ਤੱਕ ਜਾਂ ਮੋਗੇ ਤੱਕ ਦੇ ਕਿਸਾਨ ਨੂੰ ਵੱਡੀ ਪੱਧਰ ਤੇ ਪਾਣੀ ਮਿਲੇਗਾ। ਸਪੀਕਰ ਸਾਹਿਬ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਕੈਨਾਲ ਨਾਲ ਜਿੱਥੇ ਸਾਡਾ ਧਰਤੀ ਹੇਠਲਾ ਪਾਣੀ ਬਚੇਗਾ, ਉਥੇ ਪਾਵਰ ਦੀ ਕੰਜ਼ਪਸ਼ਨ ਵੀ ਬਚੇਗੀ। ਇਸ ਨਾਲ ਪੀਐਸਪੀਸੀਐਲ ਦਾ ਵੀ ਫਾਇਦਾ ਹੋਵੇਗਾ, ਕਿਸਾਨ ਦਾ ਵੀ ਫਾਇਦਾ ਹੋਵੇਗਾ। ਇਸ ਦੇ ਨਾਲ ਹੀ ਅਸੀਂ ਕੁਦਰਤੀ ਐਨਰਜੀ ਨੂੰ ਬਚਾ ਕੇ ਰੱਖਾਂਗੇ।

ਸੋ, ਅੱਜ ਬਹੁਤ ਇੰਪਾਰਟੈਂਟ ਵਿਸ਼ਾ ਸਾਡੇ ਐਮਐਲਏ ਸਰਦਾਰ ਜਸਵੰਤ ਸਿੰਘ ਗੱਜਣਮਾਜਰਾ ਨੇ ਚੁੱਕਿਆ ਹੈ। ਮੈਂ ਸਮਝਦਾ ਹਾਂ ਕਿ ਇਸ ਤੇ ਡਿਟੇਲਡ ਡਿਸਕਸ਼ਨ ਹੋਣੀ ਚਾਹੀਦੀ ਹੈ ਤਾਂ ਕਿ ਅਸੀਂ ਪੰਜਾਬ ਦੇ ਲੋਕਾਂ ਸਾਮ੍ਹਣੇ ਤਸਵੀਰ ਰੱਖ ਸਕੀਏ ਕਿ ਕਿਸ ਤਰ੍ਹਾਂ ਸਰਦਾਰ ਭਗਵੰਤ ਸਿੰਘ ਮਾਨ ਧਰਤੀ ਹੇਠਲਾ ਪਾਣੀ ਬਚਾਉਣ ਲਈ ਲੱਗੇ ਹੋਏ ਹਨ। ਇਸ ਦੇ ਨਾਲ ਹੀ ਇਨ੍ਹਾਂ ਨੇ ਕਿਹਾ ਹੈ ਕਿ ਬਰਸਾਤਾਂ ਦਾ ਪਾਣੀ ਧਰਤੀ ਹੇਠ ਪਹੁੰਚਾਉਣ ਲਈ ਰੀਚਾਰਜ ਵੈੱਲ ਬਣਾਏ ਜਾਣ। ਬਹੁਤ ਸਾਰੇ ਸ਼ਹਿਰਾਂ ਵਿੱਚ ਮਿਉਂਸਪਲ ਕਮੇਟੀਆਂ ਨੇ ਆਲਰੇਡੀ ਇਸ ਵਾਸਤੇ ਮਤੇ ਐਕਸੈਪਟ ਕੀਤੇ ਹਨ, ਜਿਸ ਨਾਲ ਉਨ੍ਹਾਂ ਸ਼ਹਿਰਾਂ ਵਿੱਚ ਕੋਈ ਵੀ ਨਕਸ਼ਾ, ਸਾਈਟ ਪਲਾਨ ਪਾਸ ਨਹੀਂ ਹੋ ਸਕਦਾ, ਜਦੋਂ ਤੱਕ ਉਸ ਘਰ ਵਿੱਚ ਰੀਚਾਰਜ ਵੈੱਲ ਦੀ ਪ੍ਰੋਵੀਜ਼ਨ ਨਾ ਕੀਤੀ ਗਈ ਹੋਵੇ। ਸੋ, ਖੰਬਾਤੀ ਖੂਹਾਂ (recharging well) ਵਾਸਤੇ 72 ਸਕੀਮਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ। ਜਿੱਥੇ ਜ਼ਿਆਦਾ ਪਾਣੀ ਜਾਂਦਾ ਹੈ, ਉੱਥੇ ਵਾਸਤੇ ਵੱਡੇ ਰੀਚਾਰਜਿੰਗ ਵੈੱਲ ਬਣਾਉਣ ਦੀਆਂ 510 ਸਕੀਮਾਂ ਨੂੰ ਪ੍ਰਵਾਨਗੀ ਮਿਲ ਚੁੱਕੀ ਹੈ। ਇਸੇ ਪ੍ਰਕਾਰ ਤਲਾਬਾਂ ਦੀ ਰੀਚਾਰਜਿੰਗ ਲਈ ਕੁੱਲ 192 ਸਕੀਮਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਨਹਿਰ ਅਧਾਰਤ ਰੀਚਾਰਜ ਢਾਂਚਾ ਸਕੀਮ ਅਧੀਨ 246 ਸਕੀਮਾਂ ਨੂੰ ਪ੍ਰਵਾਨਗੀ ਮਿਲ ਚੁੱਕੀ ਹੈ।

**ਮਾਣਯੋਗ ਸਪੀਕਰ:** ਹੁਣ ਸਦਨ ਸ਼ੁੱਕਰਵਾਰ, ਮਿਤੀ 7 ਅਗਸਤ, 2026 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*2.40 ਵਜੇ ਬਾ:ਦੁ) (*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 7 ਅਗਸਤ, 2026 ਨੂੰ 10.00 ਸਵੇਰ ਤੱਕ ਸਥਗਿਤ ਹੋ ਗਿਆ।)

-----------